Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Financing Available
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

For All your Real Estate Needs
Amandeep Dhaliwal
REALTOR®
Cell: 306-241-8501
ਕੋਈ ਵੀ ਬਿਜਨਿਸ ਪ੍ਰਾਪਰਟੀ ਜਾਂ ਘਰ ਖਰੀਦਣਾ/ਵੇਚਣਾ ਹੋਵੇ ਤਾਂ ਅਮਨਦੀਪ ਧਾਲੀਵਾਲ ਨਾਲ ਗੱਲਬਾਤ ਕਰੋ।
ROYAL LEPAGE
Saskatoon Real Estate
Independently Owned and Operated, Broker

Vol: 8 No: 186 Website : www.punjabiakhbaar.ca Email: editor@punjabiakhbaar.ca Friday, 24 December 2021

# ਪਿਛਲੇ ਪੰਜ ਸਾਲਾਂ ਦੌਰਾਨ 3 ਲੱਖ 29 ਹਜ਼ਾਰ ਭਾਰਤੀਆਂ ਨੇ ਕੈਨੇਡਾ ਦੀ ਪੀ ਆਰ ਹਾਸਿਲ ਕੀਤੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੱਡੀ ਗਿਣਤੀ ਵਿੱਚ ਭਾਰਤੀਆਂ ਵੱਲੋਂ ਕੈਨੇਡਾ ਵੱਲ ਪ੍ਰਵਾਸ ਕੀਤਾ ਜਾ ਰਿਹਾ ਹੈ । ਕੈਨੇਡਾ ਦੇ ਇਮੀਗ੍ਰੇਸ਼ਨ, ਰਿਫ਼ੀਊਜੀਜ਼ ਐਂਡ ਸਿਟਿਜ਼ਨਸ਼ਿਪ ਮੰਤਰਾਲੇ ਵੱਲੋਂ ਪ੍ਰਾਪਤ ਅੰਕੜਿਆਂ ਮੁਤਾਬਿਕ ਸਾਲ 2015 ਤੋਂ 2020 ਦਰਮਿਆਨ 3 ਲੱਖ 29 ਹਜ਼ਾਰ 80 ਵਿਅਕਤੀਆਂ ਨੇ ਕੈਨੇਡਾ ਦੀ ਪਰਮਾਨੈਂਟ ਰੈਜ਼ੀਡੈਂਸੀ (ਪੀ ਆਰ) ਹਾਸਿਲ ਕੀਤੀ ਹੈ । ਸੂਤਰਾਂ ਅਨੁਸਾਰ ਇਸ ਸਮੇਂ ਦੌਰਾਨ ਕੈਨੇਡੀਅਨ ਪੀ ਆਰ ਲੈਣ ਵਾਲਿਆਂ ਵਿੱਚ ਪਹਿਲਾ ਨੰਬਰ ਭਾਰਤੀ ਮੂਲ ਦੇ ਲੋਕਾਂ ਦਾ ਹੈ ਅਤੇ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਵੀ ਦਰਜ ਕੀਤਾ ਗਿਆ ਹੈ । 2015 ਦੌਰਾਨ 39,340 ਵਿਅਕਤੀਆਂ ਨੇ ਕੈਨੇਡਾ ਦੀ ਪੀ ਆਰ ਹਾਸਿਲ ਕੀਤੀ ਅਤੇ 2016 ਦੌਰਾਨ ਇਹਨਾਂ ਦੀ ਗਿਣਤੀ ਵੱਧ ਕੇ 39,710 ਹੋ ਗਈ ਸੀ। ਜਿੱਥੇ 2017 ਦੌਰਾਨ 51,590 ਭਾਰਤੀ ਮੂਲ ਦੇ ਲੋਕ ਕੈਨੇਡਾ ਦੀ ਪਰਮਾਨੈਂਟ ਰੈਜ਼ੀਡੈਂਟ ਬਣੇ , 2018 ਦੌਰਾਨ ਇਹ ਅੰਕੜਾ 69,985 ਤੱਕ ਪਹੁੰਚ ਗਿਆ । ਸਾਲ ਦੌਰਾਨ 2019 ਵਿੱਚ 85,590 ਵਿਅਕਤੀ ਕੈਨੇਡਾ ਦੇ ਪੀ ਆਰ ਹਾਸਿਲ ਕਰਨ ਵਾਲੇ ਬਣੇ ਪਰ 2020 ਦੌਰਾਨ ਕੋਵਿਡ ਮਹਾਂਮਾਰੀ ਦੇ ਚੱਲਦਿਆਂ , ਇਹ ਗਿਣਤੀ ਘੱਟ ਕੇ 42,865 ਰਹਿ ਗਈ ਇਹੀ ਕਾਰਣ ਹੈ ਕਿ ਕੈਨੇਡਾ ਦੀਆਂ 2021 ਦੌਰਾਨ ਹੋਈਆਂ ਫੈਡਰਲ ਚੋਣਾਂ ਦੌਰਾਨ ਭਾਰਤੀ ਮੂਲ ਦੇ 16 ਉਮੀਦਵਾਰ ਜੇਤੂ ਰਹੇ ਸਨ । 2019 ਦੀਆਂ ਚੋਣਾਂ ਦੌਰਾਨ ਇਹ ਗਿਣਤੀ 23 ਸੀ । ਇਸਤੋਂ ਇਲਾਵਾ ਭਾਰਤੀ ਮੂਲ ਦੇ ਵਿਆਕਤੀ ਸੂਬਾਈ ਸਿਆਸਤ ਵਿੱਚ ਵੱਡੀ ਗਿਣਤੀ ਵਿੱਚ ਐੱਮ ਐੱਲ ਏ ਹਨ ਅਤੇ ਮੰਤਰੀਆਂ ਦੇ ਅਹੁਦਿਆਂ 'ਤੇ ਵੀ ਤਾਇਨਾਤ ਹਨ । ਅੰਕੜਿਆਂ ਮੁਤਾਬਿਕ ਸਾਲ 2015 ਤੋਂ ਲੈ ਕੇ 2020 ਤੱਕ ਵੱਖ ਵੱਖ ਮੁਲਕਾਂ ਦੇ 17 ਲੱਖ 1 ਹਜ਼ਾਰ 540 ਵਿਅਕਤੀਆਂ ਨੂੰ ਕੈਨੇਡਾ ਦੀ ਪੀ ਆਰ ਹਾਸਿਲ ਹੋਈ ਹੈ । 2015 ਦੌਰਾਨ 2 ਲੱਖ 71 ਹਜ਼ਾਰ 840 ਵਿਅਕਤੀਆਂ ਨੇ ਪੀ ਆਰ ਹਾਸਿਲ ਕੀਤੀ , ਜਿਸ ਵਿਚ ਸਾਲ ਦਰ ਸਾਲ ਲਗਾਤਾਰ ਵਾਧਾ ਦੇਖਣ ਨੂੰ ਮਿਲ ਰਿਹਾ ਹੈ ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਹਰ ਸਾਲ ਆਪਣੇ ਇਮੀਗ੍ਰੇਸ਼ਨ ਟੀਚੇ ਵਿੱਚ ਵਾਧਾ ਕੀਤਾ ਜਾਂਦਾ ਹੈ । ਕੈਨੇਡਾ ਦੀ ਪੀ ਆਰ ਲੈਣ ਵਾਲੇ ਵਿਅਕਤੀਆਂ ਵਿਚ ਫਿਲਪੀਨਜ਼ ਦੇਸ਼ ਨਾਲ ਸੰਬੰਧ ਰੱਖਣ ਵਾਲੇ ਵਿਅਕਤੀਆਂ ਦੂਸਰੇ ਅਤੇ ਚੀਨੀ ਮੂਲ ਦੇ ਤੀਸਰੇ ਸਥਾਨ 'ਤੇ ਹਨ । ਇਹਨਾਂ ਪੰਜ ਸਾਲਾਂ ਦੌਰਾਨ ਫਿਲਪੀਨਜ਼ ਤੋਂ 2 ਲੱਖ 7 ਹਜ਼ਾਰ 415 ਜਦਕਿ ਚੀਨੀ ਮੂਲ ਦੇ 1 ਲੱਖ 52 ਹਜ਼ਾਰ 975 ਵਿਅਕਤੀਆਂ ਨੇ ਕੈਨੇਡਾ ਦੀ ਪੀ ਆਰ ਪ੍ਰਾਪਤ ਕੀਤੀ 5 ਸਾਲਾਂ ਦੇ ਇਸ ਅਰਸੇ ਦੌਰਾਨ ਪਾਕਿਸਤਾਨੀ ਮੂਲ ਦੇ 56,820 ਲੋਕਾਂ ਨੇ ਪੀ ਆਰ ਹਾਸਿਲ ਕੀਤੀ ਹੈ।

# ਕੇਜਰੀਵਾਲ ਨੇ ਸਿੱਧੂ ਵੱਲੋਂ ਦਿੱਤੀ ਬਹਿਸ ਦੀ ਚੁਣੌਤੀ ਸਵੀਕਾਰੀ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ 'ਆਪ' ਨੂੰ ਦਿੱਤੀ ਗਈ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕਰਦਿਆਂ ਸਿੱਧੂ ਨੂੰ ਬਹਿਸ ਲਈ ਸਥਾਨ ਅਤੇ ਸਮਾਂ ਤੈਅ ਕਰਨ ਲਈ ਕਿਹਾ ਹੈ। ਸ੍ਰੀ ਕੇਜਰੀਵਾਲ ਨੇ ਬਹਿਸ ਲਈ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਦਾ ਨਾਮ ਤੈਅ ਕੀਤਾ ਅਤੇ ਸਕਾਰਾਤਮਕ ਚਰਚਾ ਦੀ ਉਮੀਦ ਜਤਾਈ ਹੈ। ਸ੍ਰੀ ਕੇਜਰੀਵਾਲ ਨੇ ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਲਈ ਪ੍ਰਚਾਰ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਨਵਜੋਤ ਸਿੱਧੂ ਵੱਲੋਂ ਦਿੱਤੀ ਗਈ ਬਹਿਸ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਹਨ ਅਤੇ ਉਮੀਦ ਕਰਦੇ ਹਨ ਕਿ ਚਰਚਾ ਸਕਾਰਾਤਮਕ ਅਤੇ ਵਿਕਾਸ ਦੇ ਮੁੱਦੇ 'ਤੇ ਹੋਵੇਗੀ। ਸ੍ਰੀ ਸਿੱਧੂ ਬਹਿਸ ਲਈ ਸਥਾਨ ਅਤੇ ਸਮਾਂ ਤੈਅ ਕਰਨ। ਉਨ੍ਹਾਂ ਕਿਹਾ ਕਿ ਸਿੱਧੂ ਕਾਂਗਰਸ ਦੇ ਸੂਬਾ ਪ੍ਰਧਾਨ ਹਨ, ਇਸ ਲਈ ਉਨ੍ਹਾਂ ਦੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਪੰਜਾਬ ਦੇ ਵਿਕਾਸ ਦੇ ਮੁੱਦੇ 'ਤੇ ਉਨ੍ਹਾਂ ਨਾਲ ਬਹਿਸ ਕਰਨਗੇ। ਪੰਜਾਬ ਦੀ ਕਾਂਗਰਸ ਸਰਕਾਰ ਦੀ ਆਲੋਚਨਾ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਕਾਂਗਰਸ ਨੂੰ ਪੰਜਾਬ ਦਾ ਵਿਕਾਸ ਕਰਨ ਲਈ 5 ਸਾਲ ਦਾ ਸਮਾਂ ਮਿਲਿਆ ਸੀ ਪਰ ਉਸ ਨੇ ਲੋਕਾਂ ਨਾਲ ਧੋਖਾ ਕੀਤਾ ਅਤੇ ਸਿਰਫ਼ ਬਹਾਨੇ ਬਣਾਏ ਹਨ। 'ਆਪ' ਦੇ ਸੁਪਰੀਮੋ ਨੇ ਸ੍ਰੀ ਹਰਿਮੰਦਰ ਸਾਹਿਬ 'ਚ ਵਾਪਰੀ ਬੇਅਦਬੀ ਦੀ ਘਟਨਾ 'ਤੇ ਦੁਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਕਿਸੇ ਸਾਜ਼ਿਸ਼ ਦਾ ਹਿੱਸਾ ਹੋ ਸਕਦੀ ਹੈ। ਇਸ ਬਾਰੇ ਜਾਂਚ ਹੋਣੀ ਚਾਹੀਦੀ ਹੈ।

Call: 001 403 640 2000
Email: info@punjabiakhbaar.ca
READ EPAPER : www.punjabiakhbaar.ca
HARBANS BUTTAR
CHIEF EDITOR

ਅਦਾਰਾ ਪੰਜਾਬੀ ਅਖ਼ਬਾਰ ਬਿਊਰੋ ਵੱਲੋਂ ਸਮੂਹ ਮਨੁੱਖਤਾ ਨੂੰ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਨਾਲ-ਨਾਲ ਮਨੁੱਖਤਾ ਵਿਚ ਬਰਾਬਰੀ ਲਿਆਉਣ, ਧਾਰਮਿਕ ਕੱਟੜਤਾ ਦੇ ਖਾਤਮੇ ਲਈ ਚਮਕੌਰ ਦੀ ਜੰਗ ਵਿੱਚ ਸਮੂਹ ਸ਼ਹੀਦ ਸਿੰਘਾਂ ਅਤੇ ਸਰਹੰਦ ਦੀ ਦੀਵਾਰ ਵਿੱਚ ਜਿਉਂਦੇ ਚਿਣੇ ਗਏ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਕੋਟਿ-ਕੋਟਿ ਪ੍ਰਣਾਮ।

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

FLEX REALTY
Independently Owned And Operated Brokerage
ਕਿਸੇ ਵੀ ਕਿਸਮ ਦੀ ਜਾਇਦਾਦ
ਘਰ,ਹੋਟਲ-ਮੋਟਲ, ਖੇਤੀ ਲਈ ਫਾਰਮ ਜਾਂ ਕੋਈ ਬਿਜਨਿਸ
ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
CJ Singh
REALTOR® Bcomm. Accounting
CJ.Singh187@gmail.com
306 270-2567

# ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਦਰਬਾਰ ਸਾਹਿਬ 'ਚ ਘਟਨਾ ਨਾ ਵਾਪਰਦੀ: ਭਗਵੰਤ ਮਾਨ

ਮੁਕੇਰੀਆਂ- 'ਆਪ' ਦੇ ਸੂਬਾ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਜੇਕਰ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆ ਜਾਂਦੀਆਂ ਤਾਂ ਸ੍ਰੀ ਦਰਬਾਰ ਸਾਹਿਬ ਤੇ ਕਪੂਰਥਲਾ ਵਿਖੇ ਬੇਅਦਬੀ ਦੀ ਬੱਜਰ ਘਟਨਾ ਨਾ ਵਾਪਰਦੀ। ਉਹ ਅੱਜ ਇੱਥੇ ਮੁਕੇਰੀਆਂ ਵਿਖੇ ਪਾਰਟੀ ਦੇ ਹਲਕਾ ਇੰਚਾਰਜ ਪ੍ਰੋਫੈਸਰ ਗੁਰਧਿਆਨ ਸਿੰਘ ਮੁਲਤਾਨੀ ਦੀ ਅਗਵਾਈ ਵਿੱਚ ਰੱਖੇ ਜਨਤਕ ਇਕੱਠ ਨੂੰ ਸੰਬੋਧਨ ਕਰਨ ਪੁੱਜੇ ਸਨ। ਅਕਾਲੀ ਦਲ ਤੇ ਕਾਂਗਰਸ ਨੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਦੀ ਥਾਂ ਕੇਵਲ ਵਿਸ਼ੇਸ਼ ਜਾਂਚ ਟੀਮਾਂ ਬਿਠਾ ਕੇ ਮਾਮਲੇ ਠੰਬੇ ਬਸਤੇ ਵਿੱਚ ਪਾਉਣ ਦਾ ਯਤਨ ਕੀਤਾ ਹੈ। ਬੇਅਦਬੀਆਂ ਦਾ ਇਨਸਾਫ਼ ਹੁਣ ਸਿਆਸੀ ਪਾਰਟੀਆਂ ਨਹੀਂ ਸਗੋਂ 'ਗੁਰੂ ਗ੍ਰੰਥ ਸਾਹਿਬ ਜੀ' ਖ਼ੁਦ ਕਰਨਗੇ।



ਸੈਸਕਾਟੂਨ ਵਿਖੇ ਪੰਜਾਬੀ ਅਖਬਾਰ ਲਈ ਪੱਤਰਕਾਰ / ਸੇਲਜ਼ਮੈਨ ਦੀ ਲੋੜ ਹੈ।
ਕਾਲ : ਹਰਬੰਸ ਬੁੱਟਰ
ਸੰਪਾਦਕ : ਪੰਜਾਬੀ ਅਖਬਾਰ
403 640 2000

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
• Provincial Nominee Programs
• Express Entry
• Family/ Spouse Sponsorship
• Work Permit, Visitor Visa
• PR Card and Citizenship
• Prepare Immigration applications or related documents
• Student Recruitment and Student visa, SINP, TR to PR,
ਇਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract. Each office is independently owned and operated.

NIRMAL TRUCK DRIVING SKILLS
1A, 3A, (Air Brake) TRAINING (SGI APPROVED)
ACCORDING TO NEW MELT PROGRAM
Surjit Singh
(Truck Instructor)
1-306-450-2129
ਸੜਕਾਂ ਉੱਪਰ ਸਫਲਤਾ ਨਾਲ ਸੁਰੱਖਿਅਤ ਡਰਾਈਵਿੰਗ ਕਰ ਰਹੇ ਨਿਰਮਲ ਟਰੱਕ ਡਰਾਈਵਿੰਗ ਸਕਿੱਲ (ਸਕੂਲ) ਦੇ ਡਰਾਈਵਰਾਂ ਉੱਪਰ ਸਾਨੂੰ ਮਾਣ ਹੈ
ਐਸ ਜੀ ਆਈ ਦੇ ਨਿਯਮਾਂ ਅਨੁਸਾਰ ਨਵੇਂ ਮੈਲਟ ਪ੍ਰੋਗਰਾਮ ਤਹਿਤ ਟਰੱਕਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ
NIRMALTRUCKDRIVING@gmail.com
1-115 71st Street W Saskatoon SK S7R 1B4
ਤਜਰਬੇਕਾਰ ਸਟਾਫ
ਏਅਰ ਬਰੇਕ ਟਰੇਨਿੰਗ
Classes Available In: English, Hindi, Punjabi, Urdu

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਪਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

WARD TIRECRAFT
COMMERCIAL AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF — 10% off on semi truck alignment when you buy 2 new steer tires.
FREE SERVICES — Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL Laufenn Hankook GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN GT RADIAL Firestone Continental YOKOHAMA KUMHO TIRE PIRELLI

INNOVATIVE STONECRAFT
CRAFTED STONE VENEER
PROUDLY WESTERN CANADIAN
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE GUARANTEE
We ship across Western Canada.
INFO@NNOVATIVESTONECRAFT.CA
WWW.INNOVATIVESTONECRAFT.CA


# ਕਿਉਬੈਕ ਦੇ ਬਿੱਲ 21 ਦੇ ਖਿਲਾਫ਼ ਉਹ ਪਹਿਲਾਂ ਵੀ ਸਨ ਤੇ ਹੁਣ ਵੀ ਹਨ - ਟਰੂਡੋ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਮਨੁੱਖੀ ਅਧਿਕਾਰਾਂ ਨੂੰ ਬਹਾਲ ਰੱਖਣ ਅਤੇ ਲਾਗੂ ਕਰਵਾਉਣ ਲਈ ਦੇਸ਼ ਦੇ ਲੋਕਾਂ ਦੀ ਜ਼ਿੰਮੇਦਾਰੀ, ਸਰਕਾਰ ਤੋਂ ਵੱਧ ਹੁੰਦੀ ਹੈ। ਇੱਕ ਨਿਊਜ਼ ਚੈਨਲ ਨਾਲ ਇੰਟਰਵਿਊ ਵਿੱਚ ਪ੍ਰਾਇਮ ਮਨਿਸਟਰ ਨੇ ਕਿਹਾ ਕਿ ਕਿਉਬੈਕ ਦੇ ਬਿਲ 21 ਦੇ ਖਿਲਾਫ਼ ਉਹ ਪਹਿਲਾਂ ਵੀ ਸਨ ਤੇ ਹੁਣ ਵੀ ਹਨ ਤੇ ਉਹਨਾਂ ਕਿਹਾ ਕਿ ਭਵਿੱਖ ਵਿੱਚ ਉਹ ਇਸ ਬਿਲ ਦੇ ਖਿਲਾਫ਼ ਕਾਨੂੰਨੀ ਚਾਰਾਜੋਈ ਵੀ ਕਰ ਸਕਦੇ ਹਨ। ਉਹਨਾਂ ਕਿਹਾ ਕਿ ਅਧਿਕਾਰਾਂ ਦੀ ਰਾਖੀ ਕਰਨਾ ਸਿਰਫ਼ ਸਰਕਾਰ ਦਾ ਕੰਮ ਨਹੀਂ ਹੈ ਤੇ ਲੋਕਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਕਿਉਬੈਕ ਦੇ ਪ੍ਰੀਮੀਅਰ ਫ੍ਰਾਂਸਵਾ ਲਿਗਾਉ ਦਾ ਕਹਿਣਾ ਹੈ ਕਿ ਪ੍ਰਾਇਮ ਮਨਿਸਟਰ ਟਰੂਡੋ ਕੋਲ ਕੋਈ ਅਧਿਕਾਰ ਨਹੀਂ ਕਿ ਉਹ ਸੂਬੇ ਦੇ ਮਾਮਲਿਆਂ ਵਿੱਚ ਦਖ਼ਲ ਦੇਣ ਤੇ ਨਾ ਹੀ ਉਹ ਇਸ ਕਾਨੂੰਨ ਨੂੰ ਚੈਲੇਂਜ ਕਰ ਸਕਦੇ ਹਨ। ਬ੍ਰੈਂਪਟਨ ਅਤੇ ਕੈਲਗਰੀ ਸਿਟੀ ਕੌਂਸਲ ਮਗਰੋਂ ਹੁਣ ਟੋਰੰਟੋ ਸਿਟੀ ਕੌਂਸਲ ਨੇ ਵੀ 1 ਲੱਖ ਡਾਲਰ ਦੀ ਰਕਮ ਨਾਲ ਇਸ ਕਾਨੂੰਨ ਦੇ ਖਿਲਾਫ਼ ਹੋਣ ਵਾਲੀ ਕਾਨੂੰਨੀ ਲੜਾਈ ਵਿੱਚ ਸਹਾਇਤਾ ਦੇਣ ਦਾ ਐਲਾਨ ਕਰ ਦਿੱਤਾ ਹੈ।

# ਨਵੇਂ ਵੇਰੀਐਂਟ ਦੇ ਫੈਲਾਓ ਨੂੰ ਲੈਕੇ ਦੂਜੇ ਸੂਬੇ ਤਾਂ ਚਿੰਤਤ ਹਨ ਪਰ ਅਲਬਰਟਾ ਨੇ ਖੁੱਲਾਂ ਦੇ ਰੱਖੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਭਰ ਦੇ ਕਈ ਸੂਬਿਆਂ ਵਿੱਚ ਕੋਰੋਨਾ ਵਾਇਰਸ ਦੇ ਐਕਟਿਵ ਮਾਮਲਿਆਂ ਵਿੱਚ ਮੁੜ ਤੇਜ਼ੀ ਨੂੰ ਵੇਖਦਿਆਂ ਪਾਬੰਦੀਆਂ ਸਖ਼ਤ ਕੀਤੇ



ਜਾਣ ਦਾ ਐਲਾਨ ਕੀਤਾ ਜਾ ਰਿਹਾ ਹੈ ਪਰ ਐਲਬਰਟਾ ਵਿੱਚ ਓਮਿਕ੍ਰੋਨ ਦੇ ਐਕਟਿਵ ਮਾਮਲਿਆਂ ਵਿੱਚ ਵਾਧਾ ਹੋਣ ਦੇ ਬਾਵਜੂਦ ਪਾਬੰਦੀਆਂ ਵਿੱਚ ਦਿੱਤੀ ਗਈ ਢਿੱਲ ਨੂੰ ਲੈ ਕੇ ਸਿਹਤ ਮਾਹਿਰ ਚਿੰਤਾ ਪ੍ਰਗਟ ਕਰ ਰਹੇ ਹਨ। ਸ਼ੁੱਕਰਵਾਰ 17 ਦਸੰਬਰ ਤੱਕ ਓਮਿਕ੍ਰੋਨ ਮਾਮਲਿਆਂ ਦੀ ਗਿਣਤੀ ਵਧ ਕੇ 173 ਹੋ ਗਈ ਸੀ। ਬ੍ਰਿਟਿਸ਼ ਕੋਲੰਬੀਆ ਨੇ 20 ਦਸੰਬਰ ਤੋਂ ਜਨਵਰੀ 31 ਤੱਕ ਸਾਰੀਆਂ ਨਿੱਜੀ ਇਕੱਠ ਰੱਦ ਕਰ ਦਿੱਤੇ ਹਨ। ਸਾਰੀਆਂ ਪਬਲਿਕ ਅਤੇ ਪਰਸਨਲ ਇਵੈਂਟਸ ਵਿੱਚ ਵੈਕਸਿਨੇਟਿਡ ਵਿਅਕਤੀਆਂ ਦਾ ਹੀ ਸ਼ਾਮਿਲ ਹੋਣਾ ਜ਼ਰੂਰੀ ਕੀਤਾ ਗਿਆ ਹੈ ਪਰ ਐਲਬਰਟਾ ਵਿੱਚ ਘਰੇਲੂ ਇਕੱਠਾਂ ਵਿੱਚ ਅਨ-ਵੈਕਸਿਨੇਟਿਡ ਲੋਕ ਵੀ ਸ਼ਾਮਿਲ ਹੋ ਸਕਦੇ ਹਨ। ਓਂਟੈਰੀਓ ਅਤੇ ਮੈਨਿਟੋਬਾ ਨੇ ਵੀ ਪਾਬੰਦੀਆਂ ਸਖ਼ਤ ਕੀਤੀਆਂ ਹਨ ਪਰ ਐਲਬਰਟਾ ਹੀ ਇੱਕ ਮਾਤਰ ਸੂਬਾ ਹੈ ਜਿਸ ਵਿੱਚ ਢਿੱਲਾਂ ਦਿੱਤੀਆਂ ਗਈਆਂ ਹਨ।

# ਪ੍ਰਧਾਨ ਮੰਤਰੀ ਨੇ ਜੌਰਜ ਚਾਹਲ ਨੂੰ ਦਿੱਤੀ ਪ੍ਰੇਰੀ ਖੇਤਰ ਦਾ ਚੇਅਰਮੈਨ ਲਾ ਕੇ ਵੱਡੀ ਜ਼ਿੰਮੇਵਾਰੀ ਦਿੱਤੀ




ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਨਾਲ ਉਹਨਾਂ ਨੂੰ ਟਰੂਡੋ ਸਾਹਿਬ ਵੱਲੋਂ ਮਿਲੀ ਜ਼ਿੰਮੇਬਾਰੀ ਸਬੰਧੀ ਗੱਲਬਾਤ ਕਰਦੇ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਕੈਲਗਰੀ ਸਕਾਈਵਿਊ ਸੀਟ ਉਪਰੋਂ ਕੰਜ਼ਰਵੇਟਿਵ ਪਾਰਟੀ ਦੀ ਜੈਗ ਸਹੋਤਾ ਨੂੰ ਹਰਾਕੇ ਪਹਿਲੀ ਵਾਰ ਸਿਟੀ ਕੌਂਸਲਰ ਤੋਂ ਮੈਂਬਰ ਪਾਰਲੀਮੈਂਟ ਬਣੇ ਜੌਰਜ ਚਾਹਲ ਨੂੰ ਕਨੇਡਾ ਦੇ ਪ੍ਰਧਾਂਨ ਮੰਤਰੀ ਜਸਟਿਨ ਟਰੂਡੋ ਨੇ ਪ੍ਰੇਰੀ ਖੇਤਰ ਦਾ ਚੇਅਰਮੈਨ ਨਿਯੁਕਤ ਕਰਦਿਆਂ ਵੱਡੀ ਜਿੰਮੇਵਾਰੀ ਸੌਂਪੀ ਹੈ। ਪੰਜਾਬੀ ਅਖ਼ਬਾਰ ਦੇ ਮੁੱਖ ਦਫਤਰ ਵਿਖੇ ਗੱਲਬਾਤ ਦੌਰਾਨ ਜੌਰਜ ਚਾਹਲ ਨੇ ਦੱਸਿਆ ਕਿ ਪ੍ਰੇਰੀ ਖੇਤਰ ਵਿੱਚ ਅਲਬਰਟਾ, ਸੈਸਕੈਚਵਾਨ, ਮੈਨੀਟੋਬਾ,ਯੂਕੋਨ ਨਾਰਥ ਵੈਸਟ ਟੈਰੀਟਰੀ ਸਾਮਿਲ ਹਨ। ਉਹਨਾਂ ਦਾ ਕੰਮ ਇਹਨਾਂ ਖੇਤਰਾਂ ਦੇ ਮੈਂਬਰਪਾਰਲੀਮੈਂਟ ਨੂੰ ਮਿਲਕੇ ਉਹਨਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਖੇਤਰਾਂ ਦੇ ਵਿਕਾਸ ਦੇ ਮੁੱਦਿਆਂ ਨੂੰ ਹੱਲ ਕਰਨਾ ਹੈ। ਨਵੇਂ ਸਾਲ ਦੀਆਂ ਛੁੱਟੀਆਂ ਦਾ ਸੈਸਨ ਖਤਮ ਹੁੰਦਿਆਂ ਹੀ ਉਹ ਇਹਨਾਂ ਖੇਤਰਾਂ ਦਾ ਦੌਰਾ ਕਰਨਗੇ ਅਤੇ ਸਬੰਧਿਤ ਐਮ ਪੀਜ ਨੂੰ ਮਿਲਕੇ ਉਹਨਾਂ ਦੇ ਹਲਕੇ ਦੇ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਮੁੜ ਲੀਹੇ ਪਾਉਣ ਦੇ ਯਤਨ ਕਰਨਗੇ।

## ਨੀਦਰਲੈਂਡ ਵਿੱਚ ਲੌਕਡਾਊਨ ਲੱਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਰੋਪ ਵਿੱਚ ਕੋਰਨਾ ਵਾਇਰਸ ਦੇ ਵਧਦੇ ਜਾ ਰਹੇ



ਮਾਮਲਿਆਂ ਨੂੰ ਵੇਖਦਿਆਂ ਨੈਦਰਲੈਂਡ ਨੇ ਸਮੁੱਚੇ ਦੇਸ਼ ਵਿੱਚ ਮੁੜ ਲੌਕ-ਡਾਉਨ ਲਗਾਉਣ ਦਾ ਐਲਾਨ ਕੀਤਾ ਹੈ। ਸਾਰੇ ਨੌਨ-ਇਸੈਂਸ਼ਿਅਲ ਕਾਰੋਬਾਰ, ਬਾਰਜ਼ ਅਤੇ ਰੈਸਟੋਰੈਂਟਸ 14 ਜਨਵਰੀ ਤੱਕ ਬੰਦ ਕਰ ਦਿੱਤੇ ਗਏ ਹਨ ਜਦੋਂ ਕਿ ਸਕੂਲ ਅਤੇ ਯੂਨਿਵਰਸਿਟੀਜ਼ ਨੂੰ 9 ਜਨਵਰੀ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ।

# ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਕੈਲਗਰੀ ਦੀ ਪੰਜਾਬਣ ਗੁਰਮੀਤ ਸਰਪਾਲ ਨੂੰ ਮਿਲਿਆ ਵਾਲੰਟੀਅਰ ਐਵਾਰਡ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਗੁਰਮੀਤ ਕੌਰ ਸਰਪਾਲ ਨੂੰ ਬੀਤੇ ਦਿਨੀ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਨੇਡਾ ਵਾਲੰਟੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕੋਵਿਡ ਕਾਰਣ ਆਨ ਲਾਈਨ ਹੋਏ ਸਮਾਗਮ ਦੌਰਾਨ ਬੀਬੀ ਸਰਪਾਲ ਦੇ ਬੀਤੇ ਸਮੇਂ ਦੌਰਾਨ ਕੀਤੇ ਕੰਮਾਂ ਦੀ ਸਲਾਘਾ ਕੀਤੀ ਗਈ ਅਤੇ ਫਿਰ ਵਿਸੇਸ ਕੋਰੀਅਰ ਰਾਹੀ ਸਰਟੀਫਿਕੇਟ ਅਤੇ ਗੋਲਡ ਪਲੇਟਿਡ ਮੈਪਲਲੀਫ ਯਾਦਗਾਰੀ ਚਿੰਨ ਉਹਨਾਂ ਨੂੰ ਪਰਾਪਤ ਹੋਇਆ। ਇਸ ਤੋਂ ਪਹਿਲਾਂ ਵੀ ਇੱਕ ਬਾਰ ਸਾਲ 2015 ਵਿੱਚ ਇਮੀਗ੍ਰਾਂਟ ਸਰਵਿਸਜ਼ ਅਲਬਰਟਾ ਵੱਲੋਂ ਕਮਿਓਨਿਟੀ ਸਰਵਿਸਜ਼ ਐਵਾਰਡ ਬੀਬੀ ਸਰਪਾਲ ਨੂੰ ਮਿਲ ਚੁੱਕਾ ਹੈ। ਵਰਨਣਯੋਗ ਹੈ ਕਿ ਬੀਬੀ ਗੁਰਮੀਤ ਕੌਰ ਸਰਪਾਲ ਬੀਤੇ 40 ਸਾਲ ਤੋਂ ਕੈਲਗਰੀ ਅੰਦਰ ਹੀ ਗੁਰੂਘਰ ਅੰਦਰ ਪੰਜਾਬੀ ਸਿਖਾਉਣ, ਬੱਚਿਆਂ ਨੂੰ ਕੀਰਤਨ ਦੀਆਂ ਕਲਾਸਾਂ ਲਗਾਉਣ, ਅਤੇ ਰਾਇਲ ਵੋਮੈਨ ਕਲਚਰਲ ਐਸੋਸੀਏਸ਼ਨ ਵਰਗੀ ਸੰਸਥਾ ਦੀ ਸਥਾਪਨਾ ਕਰਕੇ ਔਰਤਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਵਿਸੇਸ ਰੋਲ ਅਦਾ ਕਰ ਰਹੇ ਹਨ। ਸਮੁੱਚਾ ਪੰਜਾਬੀ ਭਾਈਚਾਰਾ ਗੁਰਮੀਤ ਕੌਰ ਸਰਪਾਲ ਨੂੰ ਮਿਲੇ ਇਸ ਸਨਮਾਨ ਉੱਪਰ ਮਾਣ ਮਹਿਸੂਸ ਕਰ ਰਿਹਾ ਹੈ।



# ਸਕੂਲੀ ਸਿਲੇਬਸ ਸਬੰਧੀ ਹੁਣ ਆਮ ਲੋਕ ਸੜਕਾਂ ਉੱਪਰ ਉੱਤਰ ਆਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ਨਿਵਾਰ 18 ਦਸੰਬਰ ਦੀ ਦੁਪਹਿਰ ਡਾਉਨ ਟਾਉਨ ਕੈਲਗਰੀ ਦੇ ਮੈਕਡੁਗਲ ਸੈਂਟਰ ਸਾਹਮਣੇ ਇੱਕਠੇ ਹੋਏ ਪਬਲਿਕ ਸਕੂਲ ਅਧਿਆਪਕਾਂ ਅਤੇ ਮਾਪਿਆਂ ਨੇ ਰਲ਼ ਕੇ ਐਲਬਰਟਾ ਸਰਕਾਰ ਵੱਲੋਂ ਲਿਆਦੇ ਜਾ ਰਹੇ ਸਕੂਲ ਕਰੀਕਿਉਲਮ ਦੇ ਵਿਰੋਧ ਵਿੱਚ ਰੈਲੀ ਕੀਤੀ ਹੈ ਜਿਸ ਵਿੱਚ ਸਰਕਾਰੀ ਸਕੂਲ ਐਜੁਕੇਸ਼ਨ ਪੌਲਿਸੀ ਨੂੰ ਲੈ ਕੇ ਐਜੁਕੇਸ਼ਨ ਮਨਿਸਟਰੀ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ। ਕਿੰਡਰ-ਗਾਰਟਨ ਤੋਂ ਗ੍ਰੇਡ 6 ਤੱਕ ਦੇ ਵਿਦਿਆਰਥੀਆਂ ਵਾਸਤੇ ਲਿਆਦੇ ਗਏ ਸਿਲੇਬਸ ਨੂੰ ਇੱਕ ਵਾਰ ਫਿਰ ਤਬਦੀਲ ਕਰਕੇ ਪੇਸ਼ ਕਰਨ ਦੀ ਤਜਵੀਜ਼ ਹੈ। ਰੈਲੀ ਦੇ ਬੁਲਾਰਿਆਂ ਦਾ ਕਹਿਣਾ ਸੀ ਕਿ ਸਰਕਾਰ ਦਾ ਨਵਾਂ ਸਿਲੇਬਸ ਇੰਨਾ ਕੁ ਮਾੜਾ ਹੈ ਕਿ ਪਿਛਲੇ 40 ਸਾਲ ਤੋਂ ਨੌਰਥ ਵੈਸਟ ਟੈਰੇਟਰੀਜ਼ ਵੱਲੋਂ ਇਹੀ ਸਿਲੇਬਸ ਪੜ੍ਹਾਇਆ ਜਾ ਰਿਹਾ ਸੀ ਤੇ ਉਹਨਾਂ ਨੇ ਇਸ ਨੂੰ ਰੱਦ ਕਰਦਿਆਂ ਬ੍ਰਿਟਿਸ਼ ਕੋਲੰਬੀਆ ਦਾ ਸਿਲੇਬਸ ਪੜ੍ਹਾਉਣ ਦਾ ਐਲਾਨ ਕਰ ਦਿੱਤਾ ਹੈ। ਹੋਰਨਾਂ ਤੋਂ ਇਲਾਵਾ ਐਲਬਰਟਾ ਟੀਚਰਜ਼ ਐਸੋਸਿਏਸ਼ਨ ਦੇ ਮੁਖੀ ਜੇਸਨ ਸ਼ਿਲਿੰਗ, ਯੂਨਿਵਰਸਿਟੀ ਔਫ਼ ਕੈਲਗਰੀ ਦੀ ਪ੍ਰੋਫੈਸਰ ਕ੍ਰਿਸਟਾ ਲੀ ਅਤੇ ਐਮਐਲਏ ਇਰਫਾਨ ਸਾਬਿਰ ਨੇ ਵੀ ਇਸ ਰੈਲੀ ਨੂੰ ਸੰਬੋਧਨ ਕੀਤਾ। ਉੱਧਰ ਐਜੁਕੇਸ਼ਨ ਮਨਿਸਟਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੂਬਾ ਵਾਸੀਆਂ ਦੀ ਗੱਲ ਸੁਣੀ ਜਾ ਰਹੀ ਹੈ ਤੇ ਉਹਨਾਂ ਦਾ ਫੀਡਬੈਕ ਹਾਸਲ ਕੀਤਾ ਜਾ ਰਿਹਾ ਹੈ ਤੇ ਉਸੇ ਦੇ ਅਨੁਸਾਰ ਤਬਦੀਲੀਆਂ ਕੀਤੀਆਂ ਜਾਣਗੀਆਂ।







## ਮੁਫਤ ਵੰਡੀਆ ਜਾ ਰਹੀਆਂ ਟੈਸਟ ਕਿੱਟਾਂ ਦੀ ਵੰਡ ਵੰਡਾਈ ਚਰਚਾ ਵਿੱਚ ਹੈ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 17 ਦਸੰਬਰ ਤੋਂ ਐਲਬਰਟਾ ਭਰ ਵਿੱਚ ਕੋਵਿਡ-19 ਦੀ ਐਂਟਿਜੈਨ ਟੈਸਟ ਕਿਟਾਂ ਮੁਫ਼ਤ ਮੁਹਈਆ ਕਰਵਾਉਣ ਦੇ ਐਲਾਨ ਮਗਰੋਂ ਕਈ ਥਾਂਈਂ ਇਹ ਕਿਟਾਂ ਨਹੀਂ ਮਿਲ ਰਹੀਆਂ ਤੇ ਕਈ ਫਾਰਮੇਸੀਆਂ ਦਾ ਕਹਿਣਾ ਹੈ ਕਿ ਉਹਨਾਂ ਤੱਕ ਇਹ ਫ੍ਰੀ ਟੈਸਟਿੰਗ ਕਿਟਾਂ ਪਹੁੰਚੀਆਂ ਹੀ ਨਹੀਂ। ਵੱਡੀ ਗਿਣਤੀ ਵਿੱਚ ਲੋਕਾਂ ਨੇ ਇਹ ਕਿਟਾਂ ਹਾਸਲ ਕਰ ਵੀ ਲਈਆਂ ਹਨ। ਸਰਕਾਰ ਨੇ 5 ਲੱਖ ਕਿਟਾਂ ਮੁਫ਼ਤ ਵਿੱਚ ਦੇਣ ਦਾ ਐਲਾਨ ਕੀਤਾ ਸੀ ਤੇ ਇਸ ਦੀ ਮੰਗ ਇੰਨੀ ਜ਼ਿਆਦਾ ਦੇਖੀ ਗਈ ਕਿ ਸਾਰੀਆਂ ਫਾਰਮੇਸੀਆਂ 'ਤੇ ਇਹ ਕਿਟਾਂ ਮੁੱਕ ਗਈਆਂ। ਕਈ ਫਾਰਮੇਸੀਆਂ ਦੀ ਸ਼ਿਕਾਇਤ ਹੈ ਕਿ ਲੋਕ 5 ਤੋਂ 9 ਕਿਟਾਂ ਤੱਕ ਵੀ ਚੁੱਕ ਕੇ ਲੈ ਗਏ ਹਨ ਜਦੋਂ ਕਿ ਪ੍ਰਤੀ ਵਿਅਕਤੀ ਇੱਕ ਕਿਟ ਦੇਣ ਦਾ ਐਲਾਨ ਕੀਤਾ ਗਿਆ ਸੀ। ਐਲਬਰਟਾ ਹੈਲਥ ਸਰਵਿਸਿਜ਼ ਦਾ ਕਹਿਣਾ ਹੈ ਕਿ ਇਸ ਹਫ਼ਤੇ ਦੇ ਪਹਿਲੇ ਅੱਧ ਤੱਕ ਹੋਰ ਕਿਟਾਂ ਪਹੁੰਚ ਜਾਣਗੀਆਂ ਤੇ ਪਾਰਟਿਸਿਪੇਟਿੰਗ ਫਾਰਮੇਸੀਆਂ ਦੀ ਸੂਚੀ ਵਿੱਚ ਵੀ ਵਾਧਾ ਕੀਤਾ ਜਾ ਰਿਹਾ ਹੈ।

## ਨੋਵਾ ਸਕੋਸ਼ੀਆ ਵਿੱਚ ਕੋਰੋਨਾ ਦੇ 476 ਕੇਸ ਸਾਹਮਣੇ ਆਏ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਬੀਤਿਆ ਵੀਕ-ਐਂਡ ਨੋਵਾ ਸਕੋਸ਼ੀਆ, ਓਂਟੈਰੀਓ ਅਤੇ ਕਿਊਬੈਕ ਲਈ ਭਾਰੀ ਸਾਬਤ ਹੋਇਆ ਤੇ ਇਹਨੀਂ ਦਿਨੀਂ ਇਹਨਾਂ ਸੂਬਿਆਂ ਵਿੱਚ ਕੋਵਿਡ ਦੇ ਚੋਖੇ ਮਾਮਲੇ ਸਾਹਮਣੇ ਆਏ ਦੱਸੇ ਜਾਂਦੇ ਹਨ। ਐਤਵਾਰ 19 ਦਸੰਬਰ ਨੂੰ ਓਂਟੈਰੀਓ ਵਿੱਚ ਕੋਰੋਨਾ ਵਾਇਰਸ ਦੇ 4177 ਐਕਟਿਵ ਕੇਸ ਆਏ ਰਿਪੋਰਟ ਕੀਤੇ ਗਏ ਹਨ ਜਦੋਂ ਕਿ ਕਿਊਬੈਕ ਵਿੱਚ 3846 ਅਤੇ ਨੋਵਾ ਸਕੋਸ਼ੀਆ ਵਿੱਚ 476 ਕੇਸ ਸਾਹਮਣੇ ਆਉਣ ਦੀ ਸੂਚਨਾ ਹੈ। ਐਤਵਾਰ ਤੋਂ ਓਂਟੈਰੀਓ ਵਿੱਚ ਇਨਡੋਰ ਇਕੱਠਾਂ ਦੀ ਗਿਣਤੀ ਸੀਮਿਤ ਕਰ ਦਿੱਤੀ ਗਈ ਹੈ। ਸੂਬੇ ਵਿੱਚ ਲਗਪਗ 86% ਜਨਤਾ ਨੇ ਵੈਕਸਿਨ ਦੀ ਘੱਟੋ ਘੱਟ ਇੱਕ ਡੋਜ਼ ਲਗਵਾ ਲਈ ਹੈ ਤੇ 80% ਨੇ ਦੋਵੇਂ ਡੋਜ਼ਿਜ਼ ਲਗਵਾ ਲਈਆਂ ਹਨ। ਰੈਸਟੋਰੈਂਟਸ, ਜਿਮਜ਼, ਰੀਟੇਲ ਅਤੇ ਗ੍ਰੌਸ਼ਰੀ ਸਟੋਰਜ਼ 'ਤੇ ਲਿਮਿਟ 50% ਕਰ ਦਿੱਤੀ ਗਈ ਹੈ। ਪ੍ਰਾਇਵੇਟ ਇਨਡੋਰ ਇਕੱਠਾਂ ਵਿੱਚ ਸਿਰਫ਼ 10 ਵੈਕਸਿਨੇਟਿਡ ਵਿਅਕਤੀ ਹੀ ਸ਼ਾਮਿਲ ਹੋ ਸਕਣਗੇ।

## ਦੂਜਿਆਂ ਦੀ ਜਾਨ ਬਚਾਉਣ ਵਾਲਾ ਖੁਦ ਆਪਣੀ ਜਾਨ ਨਾ ਬਚਾ ਸਕਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਏਅਰਡਰੀ ਵਿੱਚ ਐਮਰਜੰਸੀ ਸਰਵਿਸਿਜ਼ ਕਮਿਊਨਿਟੀ ਆਪਣੇ ਇੱਕ ਮੈਂਬਰ ਦੀ ਅਚਨਚੇਤ ਹੋਈ ਮੌਤ ਦੇ ਸੋਗ ਵਿੱਚ ਹੈ। ਇੱਥੋਂ ਦੇ ਇੱਕ ਪੈਰਾਮੈਡਿਕ ਦੀ 13 ਸਾਲ ਦੀ ਸਰਵਿਜ਼ ਮਗਰੋਂ ਮੌਤ ਹੋ ਗਈ ਹੈ। ਉਹ ਫਾਇਰਫਾਇਟਰ ਵੀ ਸੀ ਪੈਰਾਮੈਡਿਕ ਵੀ ਤੇ ਸੂਬੇ ਦੇ ਕਈ ਹਿੱਸਿਆਂ ਵਿੱਚ ਉਹ ਸੇਵਾਵਾਂ ਦੇ ਚੁੱਕਿਆ ਸੀ। ਕੁੱਝ ਅਣ-ਅਧਿਕਾਰਤ ਸੂਤਰਾਂ ਦਾ ਕਹਿਣਾ ਹੈ ਕਿ ਜਿਸ ਸਮੇਂ ਉਸ ਨੂੰ ਮੈਡਿਕਲ ਸਹੂਲਤ ਦੀ ਲੋੜ ਸੀ, ਉਸ ਵੇਲੇ ਏਅਰਡਰੀ ਵਿੱਚ ਕੋਈ ਐਂਬੂਲੈਂਸ ਮੌਜੂਦ ਨਹੀਂ ਸੀ ਤੇ ਉਸ ਦੀ ਮੌਤ ਹੋ ਗਈ। ਐਲਬਰਟਾ ਹੈਲਥ ਸਰਵਿਸਿਜ਼ ਨੇ ਫਿਲਹਾਲ ਇਸ ਮਾਮਲੇ 'ਤੇ ਟਿੱਪਣੀ ਨਹੀਂ ਕੀਤੀ ਹੈ। ਸ਼ਨੀਵਾਰ ਨੂੰ ਸਵੇਰੇ 7 ਵਜੇ ਏਅਰਡਰੀ 'ਰੈਡ ਐਲਰਟ' 'ਤੇ ਸੀ ਜਿਸ ਦਾ ਮਤਲਬ ਹੈ ਕਿ ਉਸ ਸਮੇਂ ਏਰਡਰੀ ਵਿੱਚ ਇੱਕ ਵੀ ਐਂਬੂਲੈਂਸ ਮੌਜੂਦ ਨਹੀਂ ਸੀ।

## ਧਾਰਮਿਕ ਬੇਅਦਬੀ ਦਾ ਇੱਕ ਹੋਰ ਕੇਸ ਸਾਹਮਣੇ ਆਇਆ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਸੱਚਖੰਡ ਦਰਬਾਰ ਸਾਹਿਬ ਵਿੱਚ ਇੱਕ ਵਿਅਕਤੀ ਵੱਲੋਂ ਬੇਅਦਬੀ ਦੇ ਮਾਮਲੇ ਵਿੱਚ ਉਸ ਨੂੰ ਕੁੱਟ ਕੁੱਟ ਕੇ ਮਾਰ ਦੇਣ ਮਗਰੋਂ ਇੱਕ ਹੋਰ ਅਜਿਹੀ ਘਟਨਾ ਸਾਹਮਣੇ ਆਈ ਹੈ। ਕਪੂਰਥਲਾ ਦੇ ਨਿਜ਼ਾਮਪੁਰ ਪਿੰਡ ਵਿਚਲੇ ਗੁਰਦੁਆਰਾ ਸਾਹਿਬ ਵਿੱਚ ਐਤਵਾਰ ਸਵੇਰੇ ਬੇਅਦਬੀ ਦੀ ਕੋਸ਼ਿਸ਼ ਦੇ ਸ਼ੱਕ ਵਿੱਚ ਫੜੇ ਗਏ ਵਿਅਕਤੀ ਨੂੰ ਲੋਕਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਸਿਵਲ ਹਸਪਤਾਲ ਕਪੂਰਥਲਾ ਦੇ ਐਸਐਮਓ ਸੰਦੀਪ ਧਵਨ ਨੇ ਇਸਦੀ ਪੁਸ਼ਟੀ ਕੀਤੀ ਹੈ। ਇਸ ਵਿਅਕਤੀ ਬਾਰੇ ਨਿਜ਼ਾਮਪੁਰ ਗੁਰਦੁਆਰੇ ਦੇ ਗ੍ਰੰਥੀ ਨੇ ਇੱਕ ਵੀਡੀਓ ਪਾ ਕੇ ਦਾਅਵਾ ਕੀਤਾ ਸੀ ਕਿ ਇਹ ਵਿਅਕਤੀ ਗੁਰਦੁਆਰੇ ਵਿੱਚ ਐਵਤਾਰ ਤੜਕੇ 4 ਵਜੇ ਬੇਅਦਬੀ ਕਰਨ ਦੀ ਨੀਅਤ ਨਾਲ ਦਾਖ਼ਲ ਹੋਇਆ ਸੀ। ਪੁਲਿਸ ਨੇ ਬੇਅਦਬੀ ਹੋਣ ਜਾਂ ਕੋਸ਼ਿਸ਼ ਬਾਰੇ ਪੁਸ਼ਟੀ ਨਹੀਂ ਕੀਤੀ ਅਤੇ ਜ਼ਿਲ੍ਹੇ ਦੇ ਐਸਐਸਪੀ ਇਸ ਨੂੰ ਤਫ਼ਤੀਸ਼ ਦਾ ਮਾਮਲਾ ਦੱਸ ਰਹੇ ਹਨ।

## ਕੈਨੇਡਾ ਦੇ ਇੰਮੀਗ੍ਰੇਸ਼ਨ ਵਿਭਾਗ ਕੋਲ ਫਾਈਲਾਂ ਦਾ ਢੇਰ ਬਾਬੂਆਂ ਦੇ ਸਿਰਾਂ ਉੱਪਰੋਂ ਲੰਘ ਗਿਐ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇਮਿਗ੍ਰੇਸ਼ਨ ਸਿਸਟਮ ਵਿੱਚ ਪਰਮਾਨੈਂਟ ਰੈਜ਼ਿਡੈਂਸੀ ਹਾਸਲ ਕਰਨ ਲਈ ਦਿੱਤੀਆਂ ਦਰਖਾਸਤਾਂ ਵਿੱਚ ਹੁੰਦੀ ਜਾ ਰਹੀ ਬਹੁਤ ਦੇਰੀ ਤੋਂ ਲੋਕ ਅੱਕ ਗਏ ਹਨ ਤੇ ਦੱਸਿਆ ਗਿਆ ਹੈ ਕਿ 18 ਲੱਖ ਦਰਖਾਸਤਾਂ ਇਮਿਗ੍ਰੇਸ਼ਨ ਡਿਪਾਰਟਮੈਂਟ ਵਿੱਚ ਰੁਕੀਆਂ ਹੋਈਆਂ ਹਨ। ਕਈ ਵਿਅਕਤੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਸਾਲ 2017 ਵਿੱਚ ਪੀ.ਆਰ. ਐਪਲਿਕੇਸ਼ਨ ਦਿੱਤੀਆਂ ਸਨ ਪਰ ਅਜੇ ਤੱਕ ਉਹਨਾਂ ਬਾਰੇ ਕੋਈ ਖੋਜ ਖੁਰਾ ਨਹੀਂ ਨਿੱਕਲ ਰਿਹਾ ਹੈ। ਇਮਿਗ੍ਰੇਸ਼ਨ, ਰੈਫਿਊਜੀਜ਼ ਐਂਡ ਸਿਟਿਜ਼ਨਸ਼ਿਪ, ਕੈਨੇਡਾ - ਆਈ.ਆਰ.ਸੀ.ਸੀ. ਦਾ ਕਹਿਣਾ ਹੈ ਕਿ ਕੋਵਿਡ-19 ਮਹਾਮਾਰੀ ਦੇ ਚੱਲਦਿਆਂ ਪ੍ਰੋਸੈਸਿੰਗ ਦਾ ਕੰਮ ਰੁਕ ਗਿਆ ਸੀ ਅਤੇ ਅਜੇ ਤੱਕ ਦਫ਼ਤਰਾਂ ਵਿੱਚ 'ਇਨ-ਪਰਸਨ' ਕੰਮ ਸ਼ੁਰੂ ਨਹੀਂ ਹੋ ਸਕਿਆ ਹੈ। ਮਹਿਕਮੇ ਕੋਲ 27 ਅਕਤੂਬਰ ਤੱਕ ਲਗਪਗ 18 ਲੱਖ ਦਰਖਾਸਤਾਂ ਦਾ ਬੈਕਲੌਗ ਜਮ੍ਹਾ ਹੋ ਚੁੱਕਿਆ ਦੱਸਿਆ ਗਿਆ ਹੈ। 5 ਲੱਖ 48 ਹਜ਼ਾਰ 195 ਪੀ.ਆਰ. ਵਾਸਤੇ, 1 ਲੱਖ 12 ਹਜ਼ਾਰ 392 ਰੈਫਿਊਜੀਜ਼ ਲਈ, 7 ਲੱਖ 75 ਹਜ਼ਾਰ 741 ਸਟੱਡੀ ਪਰਮਿਟਸ, ਵਰਕ ਪਰਮਿਟਸ, ਟੈਂਪਰੇਰੀ ਰੈਜ਼ਿਡੈਂਟ ਵੀਜ਼ਿਆਂ ਅਤੇ ਵਿਜ਼ਿਟਰ ਵੀਜ਼ਾ ਐਕਟੈਂਸ਼ਨ ਵਾਸਤੇ ਦਰਖਾਸਤਾਂ ਫਸੀਆਂ ਹੋਈਆਂ ਹਨ। ਪੈਨਡੈਮਿਕ ਤੋਂ ਪਹਿਲਾਂ ਇਹਨਾਂ ਦਰਖਾਸਤਾਂ ਨੂੰ 6-6 ਮਹੀਨਿਆਂ ਵਿੱਚ ਨਿਪਟਾ ਲਿਆ ਜਾਂਦਾ ਸੀ।

## ਕੈਲਗਰੀ ਵਿੱਚ ਹੁਣ ਠੰਡ ਨੇ ਦਸਤਕ ਦੇ ਦਿੱਤੀ ਹੈ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਦਸੰਬਰ ਦੇ ਤੀਸਰੇ ਹਫਤੇ ਬਦਲੇ ਮੌਸਮ ਵਿੱਚ ਕੈਲਗਰੀ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਤੇਜ਼ ਹਵਾ ਦੇ ਨਾਲ ਪਈ ਹਲਕੀ ਬਰਫ਼ ਨੇ ਸੜਕੀ ਆਵਾਜਾਈ ਲਈ ਵੱਡੀਆਂ ਦਿੱਕਤਾਂ ਪੈਦਾ ਕਰ ਦਿੱਤੀਆਂ ਤੇ ਦਿਨ ਵਿੱਚ ਕਈ ਵਾਰ ਵਿਜ਼ਿਬਿਲਿਟੀ ਜ਼ੀਰੋ ਤੱਕ ਵੀ ਡਿੱਗੀ ਦਰਜ ਕੀਤੀ ਗਈ। ਸੜਕਾਂ ਸਲਿਪਰੀ ਹੋ ਗਈਆਂ ਸਨ ਜਿਸ ਕਾਰਨ ਕਈ ਛੋਟੇ ਹਾਦਸੇ ਵਾਪਰ ਗਏ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਏਅਰਡਰੀ, ਸਨਡ੍ਰੇਅ ਓਲਡਜ਼, ਕੌਕਰੇਨ ਵਿੱਚ ਵੀ ਤਾਪਮਾਨ ਜ਼ੀਰੋ ਤੋਂ ਬਹੁਤ ਹੇਠਾਂ ਡਿੱਗਿਆ ਰਿਹਾ 'ਤੇ ਮਾਇਨਸ 40 ਤੋਂ ਮਾਇਨਸ 45 ਡਿਗਰੀ ਸੈਲਸਿਅਸ ਤੱਕ ਡਿੱਗਿਆ ਮਹਿਸੂਸ ਕੀਤਾ ਗਿਆ। ਆਉਣ ਵਾਲੇ ਦਿਨਾਂ ਵਿੱਚ ਇਸੇ ਤਰ੍ਹਾਂ ਠੰਡਾ-ਠਾਰ ਰਹਿਣ ਦੀ ਪੇਸ਼ਗੋਈ ਕੀਤੀ ਗਈ ਹੈ। ਮਹਿਕਮੇ ਵੱਲੋਂ ਸਾਰਿਆਂ ਨੂੰ ਕਈ ਤਹਿਆਂ ਵਿੱਚ ਕੱਪੜੇ ਪਾਉਣ ਦੀ ਸਲਾਹ ਜਾਰੀ ਕੀਤੀ ਗਈ ਹੈ।

## ਲੋਹੜੀ ਮੌਕੇ ਪੰਜਾਬ ਇੰਸੌਰੈਸ ਵਾਲੇ ਤੁਹਾਨੂੰ 5000 ਡਾਲਰ ਦੇਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਤਰਾਂ ਇਸ ਸਾਲ 2022 ਦੀ ਲੋਹੜੀ ਮੌਕੇ ਵੀ ਪੰਜਾਬ ਇੰਸੌਰੈਂਸ ਦੀ ਟੀਮ ਹਰਪਿੰਦਰ ਸਿੱਧੂ ਅਤੇ ਗੁਰਿੰਦਰ ਚਾਹਲ ਵੱਲੋਂ ਲੋਹੜੀ ਬੰਪਰ ਡਰਾਅ 14 ਜਨਵਰੀ 2022 ਨੂੰ ਕੱਢਿਆ ਜਾ ਰਿਹਾ ਹੈ। ਜੇ ਤੁਹਾਡੀ ਉਮਰ 25 ਸਾਲ ਤੋਂ ਘੱਟ ਹੈ ਤਾਂ ਇਸ ਡਰਾਅ ਵਿੱਚ ਤੁਸੀਂ 5000 ਡਾਲਰ ਜਿੱਤ ਸਕਦੇ ਹੋ। ਇਸ ਡਰਾਅ ਵਿੱਚ ਨਾਂ ਪਾਉਣ ਸਬੰਧੀ ਜਾਣਕਾਰੀ ਦਿੰਦਿਆਂ ਹਰਪਿੰਦਰ ਸਿੱਧੂ ਅਤੇ ਗੁਰਿੰਦਰ ਚਾਹਲ ਨੇ ਦੱਸਿਆ ਕਿ ਇਸ ਬੰਪਰ ਡਰਾਅ ਵਿੱਚ ਦਾਖਿਲਾ ਲੈਣ ਲਈ ਤੁਹਾਨੂੰ ਕੋਈ ਇੰਸੋਰੈਂਸ ਪਾਲਿਸੀ ਜਾਂ ਹੋਰ ਕੋਈ ਪਰੋਡੱਕਟ ਖਰੀਦਣਾ ਲਾਜਮੀ ਨਹੀਂ ਹੈ। ਨਵ ਜੰਮੇ ਬੱਚੇ ਤੋਂ ਲੈਕੇ 25 ਸਾਲ ਦੀ ਉਮਰ ਤੱਕ ਦੇ ਬੱਚੇ ਅਤੇ ਬੱਚੀਆਂ ਇਸ ਲੋਹੜੀ ਬੰਪਰ ਵਿੱਚ ਆਪਣਾ ਡਰਾਅ ਪਾ ਸਕਦੇ ਹਨ। ਪਹਿਲੀ ਲੋਹੜੀ ਮਨਾਉਣ ਵਾਲਿਆਂ ਲਈ ਤੋਹਫਾ ਮਿਲਣਾ ਤਾਂ ਗਰੰਟਿਡ ਹੀ ਹੈ। ਬੱਸ ਤੁਸੀ ਤਾਂ ਤੁਸੀਂ ਹਰਪਿੰਦਰ ਸਿੱਧੂ ਨੂੰ 403 404 3500 ਜਾਂ ਗੁਰਿੰਦਰ ਚਾਹਲ 587 707 7000 ਉੱਪਰ ਫੋਨ ਕਰਨਾ ਹੈ।




## ਸ਼ਹਿਰ-ਵਾਸੀਆਂ ਦੀ ਰਕਮ ਸ਼ਹਿਰ ਦੇ ਵਿਕਾਸ 'ਤੇ ਖ਼ਰਚ ਹੋਣੀ ਚਾਹੀਦੀ- ਫ਼ਰੈਂਕੋ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਿਊਬੈਕ ਸਰਕਾਰ ਦੇ ਧਾਰਮਿਕ ਕਮਿਊਨਿਟੀਆਂ ਨੂੰ ਨਿਸ਼ਾਨਾ ਬਣਾ ਕੇ ਲਿਆਂਦੇ ਗਏ ਬਿਲ-21 ਤਹਿਤ ਬਣਾਏ ਕਾਨੂੰਨ ਦਾ ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਵੱਲੋਂ ਵਿਰੋਧ ਕੀਤੇ ਜਾਣ 'ਤੇ ਕੈਨੇਡੀਅਨ ਟੈਕਸ ਪੇਅਰਜ਼ ਫੈਡਰੇਸ਼ਨ – ਸੀ.ਟੀ.ਐਫ਼. ਨੇ ਨਾਖੁਸ਼ੀ ਦਾ ਇਜ਼ਹਾਰ ਕੀਤਾ ਹੈ। ਸੀ.ਟੀ.ਐਫ਼. ਦਾ ਕਹਿਣਾ ਹੈ ਕਿ ਜੇ ਮੇਅਰ ਚਾਹੁੰਦੀ ਹੈ ਕਿ ਇਹ ਮਹੱਤਵਪੂਰਨ ਹੈ ਤਾਂ ਉਸ ਨੂੰ ਆਪਣੀ ਤਨਖਾਹ ਵਿੱਚੋਂ ਰਕਮ ਖ਼ਰਚ ਕਰਨੀ ਚਾਹੀਦੀ ਹੈ। ਚੇਤੇ ਰਹੇ ਕਿ ਬ੍ਰੈਂਪਟਨ ਸਿਟੀ ਕੌਂਸਲ ਨੇ ਸਭ ਤੋਂ 1 ਲੱਖ ਡਾਲਰ ਦੀ ਰਕਮ ਨੈਸ਼ਨਲ ਕੌਂਸਲ ਔਫ਼ ਕੈਨੇਡੀਅਨ ਮੁਸਲਿਮਜ਼ ਨੂੰ ਇਸ ਕਾਨੂੰਨ ਦੇ ਖਿਲਾਫ਼ ਕਾਨੂੰਨੀ ਲੜਾਈ ਲੜਣ ਵਿੱਚ ਸਹਾਇਤਾ ਦੇਣ ਲਈ ਐਲਾਨ ਕੀਤਾ ਸੀ ਜਿਸ ਮਗਰੋਂ ਕੈਲਗਰੀ ਮੇਅਰ ਨੇ ਵੀ ਇਸੇ ਤਰਜ਼ 'ਤੇ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ। ਡਾ. ਗੌਂਡੇਕ ਦਾ ਕਹਿਣਾ ਹੈ ਕਿ ਇਹ ਬਿਲ ਘੱਟ ਗਿਣਤੀਆਂ ਅਤੇ ਧਾਰਮਿਕ ਕਮਿਊਨਿਟੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਤੇ ਫੈਡਰਲ ਸਰਕਾਰ ਨੇ ਇਸ ਕਾਨੂੰਨ ਪ੍ਰਤੀ ਅੱਖਾਂ ਮੀਟੀਆਂ ਹੋਈਆਂ ਹਨ। ਸੀ.ਟੀ.ਐਫ਼. ਮੁਖੀ ਫ਼ਰੈਂਕੋ ਟੈਰਾਜ਼ੈਨੋ ਦਾ ਕਹਿਣਾ ਹੈ ਕਿ ਸ਼ਹਿਰ-ਵਾਸੀਆਂ ਦੀ ਰਕਮ ਸ਼ਹਿਰ ਦੇ ਵਿਕਾਸ 'ਤੇ ਖ਼ਰਚ ਹੋਣੀ ਚਾਹੀਦੀ ਹੈ ਨਾ ਕਿ ਸੋਸ਼ਲ ਜਸਟਿਸ ਦੇ ਮਾਮਲਿਆਂ 'ਤੇ ਇਸ ਨੂੰ ਖ਼ਰਚ ਕੀਤਾ ਜਾਣਾ ਚਾਹੀਦਾ ਹੈ।









# ਆਹ ਡਰੱਗ ਸਪਲਾਈ ਦੇ ਕੇਸ ਵਿੱਚ ਦੋ ਹੋਰ ਪੰਜਾਬੀ ਛੋਕਰਿਆਂ ਦੇ ਬੋਲ ਰਹੇ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਦੇ 3 ਵਿਅਕਤੀਆਂ ਨੂੰ ਡਰੱਗ ਟ੍ਰੈਫਿਕਿੰਗ ਨੈਟਵਰਕ ਚਲਾਉਂਦਿਆਂ ਕਾਬੂ ਕੀਤਾ ਗਿਆ ਹੈ ਤੇ ਉਹਨਾਂ ਦੇ ਖਿਲਾਫ਼ 2 ਦਰਜਨ ਤੋਂ ਜ਼ਿਆਦਾ ਚਾਰਜਿਜ਼ ਲਗਾ ਦਿੱਤੇ ਗਏ ਹਨ। ਸਤੰਬਰ ਵਿੱਚ ਇਸ ਸੰਬੰਧੀ ਜਾਂਚ ਸ਼ੁਰੂ ਕੀਤੀ ਗਈ ਸੀ ਤੇ ਇਸ ਦੌਰਾਨ ਪਤਾ ਲੱਗਿਆ ਸੀ ਕਿ ਕੈਲਗਰੀ ਤੋਂ ਡਰੱਗ ਲੈਥਬਰਿਜ ਲੈ ਜਾ ਕੇ ਅੱਗੋਂ ਸਪਲਾਈ ਕੀਤੀ ਜਾ ਰਹੀ ਸੀ। 7 ਦਸੰਬਰ ਨੂੰ ਪੁਲਿਸ ਨੇ ਛਾਪਾਮਾਰੀ ਕੀਤੀ ਤੇ ਸਾਊਥ ਈਸਟ ਕੈਲਗਰੀ ਦੇ ਔਬਰਨ ਮੈਡੋਜ਼ ਕੌਮਨ ਦੇ 400 ਬਲੌਕ ਵਿੱਚ ਇੱਕ ਘਰ ਨੂੰ ਘੇਰਾ ਪਾਇਆ ਗਿਆ। ਇੱਥੋਂ 400 ਗ੍ਰਾਮ ਕੋਕੇਨ, 2 ਗੱਡੀਆਂ, ਨਕਦੀ ਅਤੇ 2 ਲੋਡਿਡ ਗੰਨਾਂ ਬਰਾਮਦ ਹੋਈਆਂ। ਨਸ਼ੀਲੇ ਪਦਾਰਥਾਂ ਦੀ ਬਾਜ਼ਾਰੂ ਕੀਮਤ 40 ਹਜ਼ਾਰ ਡਾਲਰ ਦੇ ਕਰੀਬ ਬਣਦੀ ਦੱਸੀ ਗਈ ਹੈ। 21 ਸਾਲਾ ਹਰਮਨਜੀਤ ਬਰਾੜ, 19 ਸਾਲਾ ਮੋਹਿਤ ਸੰਧੂ ਅਤੇ 27 ਸਾਲਾ ਯੂਨਸ ਅਲੀ ਨਾਮ ਦੇ ਤਿੰਨਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਜਾਂਚ ਚੱਲ ਰਹੀ ਹੈ।

## ਹੁਣ ਮੂਲ ਨਿਵਾਸੀਆਂ ਦੀ ਗੱਲ ਕਰਦਾ ਸਿਲੇਬਸ ਸਕੂਲੀ ਬੱਚਿਆਂ ਨੂੰ ਪੜਾਇਆ ਜਾਵੇਗਾ


ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ ) ਲਗਪਗ 40 ਸਾਲ ਤੱਕ ਐਲਬਰਟਾ ਦਾ ਸਿਲੇਬਸ ਆਪਣੇ ਸਕੂਲਾਂ ਵਿੱਚ ਪੜ੍ਹਾਉਂਦੇ ਰਹਿਣ ਮਗਰੋਂ ਨੌਰਥ ਵੈਸਟ ਟੈਰੇਟਰੀਜ਼ ਨੇ ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ ਦੀਆਂ ਕਲਾਸਾਂ ਵਾਸਤੇ ਹੁਣ ਬ੍ਰਿਟਿਸ਼ ਕੋਲੰਬੀਆ ਦਾ ਸਿਲੇਬਸ ਪੜ੍ਹਾਉਣ ਦਾ ਫੈਸਲਾ ਕੀਤਾ ਹੈ। ਟੈਰੇਟਰੀ ਦੇ ਐਜੁਕੇਸ਼ਨ ਮਨਿਸਟਰ ਆਰ.ਜੇ. ਸਿੰਪਸਨ ਦਾ ਕਹਿਣਾ ਹੈ ਕਿ ਉਹਨਾਂ ਨੇ ਵੈਸਟਰਨ ਕੈਨੇਡੀਅਨ ਸਕੂਲਾਂ ਦੇ ਸਿਲੇਬਸਾਂ ਦਾ ਅਧਿਐਨ ਕਰਨ ਮਗਰੋਂ ਇਹ ਫੈਸਲਾ ਲਿਆ ਹੈ। ਮਨਿਸਟਰ ਦਾ ਕਹਿਣਾ ਹੈ ਕਿ ਉਹਨਾਂ ਦੇ ਇਲਾਕੇ ਵਿੱਚ ਰਹਿਣ ਵਾਲੀ ਅੱਧੀ ਆਬਾਦੀ ਮੂਲ ਨਿਵਾਸੀ ਹੈ ਤੇ ਸਿਲੇਬਸ ਵਿੱਚ ਉਹਨਾਂ ਦੀ ਗੱਲ ਹੋਣੀ ਜ਼ਰੂਰੀ ਹੈ ਤੇ ਬ੍ਰਿਟਿਸ਼ ਕੋਲੰਬੀਆ ਦਾ ਸਿਲੇਬਸ ਉਹਨਾਂ ਦੀ ਜ਼ਰੂਰਤ ਪੂਰੀ ਕਰਦਾ ਹੈ। ਐਲਬਰਟਾ ਦੇ ਸਿਲੇਬਸ ਨੂੰ ਲੈ ਕੇ ਪਿਛਲੇ ਸਾਲ ਤੋਂ ਹੀ ਚਰਚਾ ਚੱਲ ਰਹੀ ਸੀ ਤੇ ਯੂਸੀਪੀ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਸਿਲੇਬਸ ਨੂੰ ਲੈ ਕੇ ਸਰਬ ਸੰਮਤੀ ਨਹੀਂ ਬਣ ਰਹੀ ਸੀ।

# ਗੱਡੀ ਦਾ ਟੁੱਟਾ ਸ਼ੀਸਾ ਇਬਾਦ ਯਾਰ ਅਤੇ ਊਧਮ ਸੰਧੂ ਦੋਵਾਂ ਦੀ ਜ਼ਿੰਦਗੀ ਦੀ ਰਫਤਾਰ ਤੋੜ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 13 ਮਈ, 2020 ਨੂੰ ਹਿਟ ਐਂਡ ਰਨ ਦੀ ਘਟਨਾ ਵਿੱਚ ਇਬਾਦ ਯਾਰ ਨਾਮ ਦੇ 15 ਸਾਲਾ ਬੱਚੇ ਦੀ ਦਰਦਨਾਕ ਮੌਤ ਦੇ ਮਾਮਲੇ ਵਿੱਚ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਵਿੱਚ ਫਸੇ 39 ਸਾਲਾ ਊਧਮ ਸੰਧੂ ਨੇ ਅਦਾਲਤ ਵਿੱਚ ਮੈਨਸਲੌਟਰ ਦਾ ਦੋਸ਼ ਕਬੂਲ ਕਰ ਲਿਆ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਘਟਨਾ ਤੋਂ 24 ਘੰਟੇ ਪਹਿਲਾਂ ਊਧਮ ਸੰਧੂ ਦੀ ਗੱਡੀ ਨੂੰ ਇੱਕ ਸ਼ੀਸ਼ੇ ਨੂੰ ਇੱਟ ਮਾਰ ਕੇ ਨੁਕਸਾਨ ਪਹੁੰਚਾਇਆ ਗਿਆ ਸੀ। ਜਿਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਸੀ ਪਰ ਉਸ ਦੀ ਜਾਂਚ ਅਜੇ ਸ਼ੁਰੂ ਨਹੀਂ ਹੋਈ ਸੀ। ਸੰਧੂ ਨੇ ਡੌਜ ਜਰਨੀ ਕਿਸਮ ਦੀ ਗੱਡੀ ਟ੍ਰੈਕ ਕਰ ਲਈ ਸੀ ਜਿਸ ਵਿੱਚੋਂ ਇੱਟ ਮਾਰੀ ਗਈ ਸੀ। ਸੰਧੂ ਨੇ ਉਸ ਗੱਡੀ ਨੂੰ ਬਹੁਤ ਹੌਲੀ ਗਤੀ ਨਾਲ ਪਿਛਿਓਂ ਟੱਕਰ ਮਾਰੀ ਤੇ ਡੌਜ ਜਰਨੀ ਨੂੰ 15 ਸਾਲਾ ਇਬਾਦ ਯਾਰ ਨੇ ਭਜਾ ਲਿਆ। ਦੋਵੇਂ ਗੱਡੀਆਂ 157 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਤੱਕ ਵੀ ਭਜਾਈਆਂ ਗਈਆਂ। ਇੱਕ ਗਵਾਹ ਨੇ ਸੰਧੂ ਨੂੰ ਪੈਲੇਟ ਗੰਨ ਫੜੀ ਦੇਖਿਆ ਤੇ ਉਹ ਨਸ਼ੇ ਦੀ ਹਾਲਤ ਵਿੱਚ ਜਾਪ ਰਿਹਾ ਸੀ। ਗੱਡੀ ਦਾ ਪਿੱਛਾ ਕਰਦਿਆਂ ਸੰਧੂ ਨੇ ਇਬਾਦ ਯਾਰ ਦੀ ਗੱਡੀ ਵੱਲ ਗੋਲੀਆਂ ਵੀ ਚਲਾਈਆਂ ਸਨ। 52 ਸਟ੍ਰੀਟ ਨੌਰਥ ਈਸਟ 'ਤੇ ਹਾਇਵੇਅ-ਵਨ ਤੋਂ ਪਹਿਲਾਂ ਸੰਧੂ ਦੀ ਗੱਡੀ ਨੇ ਇਬਾਦ ਯਾਰ ਦੀ ਗੱਡੀ ਨੂੰ ਪਿਛਿਓਂ ਟੱਕਰ ਮਾਰ ਦਿੱਤੀ ਤੇ ਉਸ ਦੀ ਗੱਡੀ ਪਲਟੀਆਂ ਖਾ ਗਈ ਤੇ ਇਬਾਦ ਯਾਰ ਗੱਡੀ ਵਿਚੋਂ ਬਾਹਰ ਜਾ ਡਿੱਗਿਆ। ਉਸ ਨੇ ਸੀਟ ਬੈਲਟ ਨਹੀਂ ਪਾਈ ਹੋਈ ਸੀ। ਟੱਕਰ ਤੋਂ ਬਾਦ ਸੰਧੂ ਆਪਣੀ ਗੱਡੀ ਛੱਡ ਕੇ ਨੱਠ ਗਿਆ ਤੇ ਉਸ ਦੀ ਚੋਰੀ ਦੀ ਸੂਚਨਾ ਦੇ ਦਿੱਤੀ। ਊਧਮ ਸੰਧੂ ਨੇ ਇਸ ਹਾਦਸੇ ਲਈ ਪੁਲਿਸ ਨੂੰ ਜ਼ਿੰਮੇਦਾਰ ਠਹਿਰਾਇਆ ਸੀ। ਹੁਣ ਉਸ ਨੇ ਇਸ ਮੌਤ ਲਈ ਮੈਨਸਲੌਟਰ ਦਾ ਜੁਰਮ ਇਕਬਾਲ ਕਰ ਲਿਆ ਹੈ ਤੇ ਸਜ਼ਾ ਦੀ ਕਾਰਵਾਈ ਅਗਲੇ ਸਾਲ ਸ਼ੁਰੂ ਹੋਵੇਗੀ।

# ਠੰਡ ਕਾਰਣ ਸਟਾਰਟ ਕੀਤੀਆਂ ਸੁੰਨੀਆਂ ਖੜੀਆਂ ਗੱਡੀਆਂ ਚੋਰੀ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਜਿਵੇਂ ਜਿਵੇਂ ਕ੍ਰਿਸਮਿਸ ਨਜ਼ਦੀਕ ਆ ਰਹੀ ਹੈ ਤੇ ਮੌਸਮ ਵਿੱਚ ਠੰਡਕ ਵਧ ਰਹੀ ਹੈ, ਸ਼ਹਿਰ ਵਿੱਚ ਆਟੋ ਅਪਰਾਧ ਵੀ ਵਧਣ ਲੱਗੇ ਹਨ। ਗੱਡੀਆਂ ਸਟਾਰਟ ਕਰਕੇ ਛੱਡਣ ਦਾ ਕੰਮ ਮੁੜ ਸ਼ੁਰੂ ਹੋ ਗਿਆ ਹੈ ਚੋਰ ਵੀ ਵਧੇਰੇ ਸਰਗਰਮ ਹੋ ਗਏ ਹਨ। ਘਰਾਂ ਤੇ ਬਿਜ਼ਨਿਸਾਂ ਦੇ ਬਾਹਰ ਖੜ੍ਹੀਆਂ, ਸਟਾਰਟ ਗੱਡੀਆਂ ਚੋਰਾਂ ਲਈ ਵਰਦਾਨ ਸਾਬਤ ਹੋ ਰਹੀਆਂ ਹਨ ਤੇ ਇਹਨਾਂ ਦੇ ਚੋਰੀ ਹੋਣ ਦੀਆਂ ਸੂਚਨਾਵਾਂ ਮਿਲਣ ਲੱਗੀਆਂ ਹਨ। ਕੈਲਗਰੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਗੱਡੀਆਂ ਵਾਸਤੇ ਪੁਖ਼ਤਾ ਪ੍ਰਬੰਧ ਕਰਨ ਅਤੇ ਚਾਬੀ ਵਿੱਚ ਛੱਡ ਕੇ ਗੱਡੀ ਚੱਲਦੀ ਨਾ ਛੱਡਣ। ਚੋਰੀ ਦੇ ਅਜਿਹੇ ਮਾਮਲਿਆਂ ਵਿੱਚ ਇੰਸ਼ੋਰੈਂਸ ਕੰਪਨੀਆਂ ਵੱਲੋਂ ਵੀ ਰਾਹਤ ਲਗਪਗ ਨਾ ਦੇ ਬਰਾਬਰ ਮਿਲਦੀ ਹੈ।

# ਕੈਲਗਰੀ ਪੁਲਿਸ ਨੇ 13 ਮਿਲੀਅਨ ਡਾਲਰ ਦੀ ਭੰਗ ਅਤੇ ਹਥਿਆਰ ਫੜੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਸ਼ੀਲੇ ਪਦਾਰਥ ਸਾਇਲੋਸਾਇਬਿਨ ਅਤੇ ਭੰਗ ਤੋਂ ਬਣੇ ਪਦਾਰਥਾਂ ਦੀ ਗ਼ੈਰ-ਕਾਨੂੰਨੀ ਔਨਲਾਇਨ ਵਿਕਰੀ ਕੀਤੇ ਜਾਣ ਦੇ ਮਾਮਲੇ ਦੀ ਅੱਠ ਮਹੀਨੇ ਲੰਬੀ ਚੱਲੀ ਜਾਂਚ ਮਗਰੋਂ ਕੈਲਗਰੀ ਪੁਲਿਸ ਨੇ 13 ਮਿਲੀਅਨ ਡਾਲਰ ਕੀਮਤ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਪੁਲਿਸ ਵੱਲੋਂ ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਅਪ੍ਰੈਲ ਵਿੱਚ ਇਸ ਧੰਦੇ ਦੀ ਸੂਚਨਾ ਉਹਨਾਂ ਨੂੰ ਮਿਲੀ ਸੀ। ਜਿਸ ਵੈਬਸਾਇਟ ਤੋਂ ਇਹ ਕੂੜ-ਕੰਮ ਕੀਤਾ ਜਾ ਰਿਹਾ ਸੀ, ਉਸ ਦਾ ਪਤਾ ਕੈਲਗਰੀ ਦੇ ਇੱਕ ਘਰ ਦਾ ਦਰਸਾਇਆ ਜਾ ਰਿਹਾ ਸੀ। ਜਨਵਰੀ 2021 ਤੋਂ ਲੈ ਕੇ ਇਹਨਾਂ ਵਿਅਕਤੀਆਂ ਨੇ 11 ਮਿਲੀਅਨ ਡਾਲਰ ਦੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਕਰ ਲਈ ਸੀ। 7 ਅਤੇ 8 ਦਸੰਬਰ ਨੂੰ ਛਾਪਾਮਾਰੀ ਕੀਤੀ ਗਈ ਤੇ 13 ਮਿਲੀਅਨ ਡਾਲਰ ਕੀਮਤ ਦੇ ਭੰਗ ਤੋਂ ਬਣੇ ਪਦਾਰਥ, 2636 ਕਿਲੋਗ੍ਰਾਮ ਸੁੱਕੀ ਭੰਗ ਅਤੇ ਪੌਦੇ, 7 ਕਿਲੋਗ੍ਰਾਮ ਤੋਂ ਜ਼ਿਆਦਾ ਭੰਗ ਦਾ ਤੇਲ, 85 ਹਜ਼ਾਰ ਡਾਲਰ ਕੀਮਤ ਦੀ ਮਸ਼ਰੂਮ ਕਿਸਮ ਦਾ ਨਸ਼ੀਲਾ ਪਦਾਰਥ, ਇਸ ਦੀਆਂ ਗੰਮੀਜ਼ ਅਤੇ ਪਾਊਡਰ, 63 ਹਜ਼ਾਰ ਡਾਲਰ ਨਕਦੀ, 4 ਰਾਇਫ਼ਲਾਂ ਤੇ ਕਾਰਤੂਸ ਅਤੇ ਫੋਰਡ ਐਫ਼ 350 ਕਿਸਮ ਦਾ ਟਰੱਕ ਬਰਾਮਦ ਹੋਏ ਦੱਸੇ ਗਏ ਹਨ। 2 ਵਿਅਕਤੀਆਂ ਨੂੰ ਗ਼ਿਰਫ਼ਤਾਰ ਕਰ ਲਿਆ ਗਿਆ ਹੈ ਪਰ ਉਹਨਾਂ ਬਾਰੇ ਹੋਰ ਜਾਣਕਾਰੀ ਅਜੇ ਰਿਲੀਜ਼ ਨਹੀਂ ਕੀਤੀ ਗਈ ਹੈ।

# ਬੁਰਕੇ ਉੱਪਰ ਪਾਬੰਦੀ ਦੇ ਖ਼ਿਲਾਫ ਸਿਟੀ ਆਫ ਕੈਲਗਰੀ ਇੱਕ ਲੱਖ ਡਾਲਰ ਫੰਡ ਦੇਣ ਬਾਰੇ ਸੋਚ ਰਹੀ ਹੈ।




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਨੇ ਕਿਊਬੈਕ ਸਰਕਾਰ ਦੇ ਬਿਲ-21 ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ ਤੇ ਦੇਸ਼ ਭਰ ਦੀਆਂ ਹੋਰਨਾਂ ਮਿਉਨਿਸਿਪੈਲਿਟੀਆਂ ਨੂੰ ਵੀ ਇਸ ਦੇ ਵਿਰੋਧ ਵਿੱਚ ਇਕੱਠਿਆਂ ਹੋਣ ਲਈ ਲਾਮਬੰਦੀ ਕਰਨ ਨੂੰ ਕਿਹਾ ਹੈ। ਕਿਊਬੈਕ ਵਿੱਚ ਪਾਸ ਇਸ ਕਾਨੂੰਨ ਤਹਿਤ ਧਾਰਮਿਕ ਪ੍ਰਤੀਕ ਚਿੰਨ੍ਹ ਪਹਿਨ ਕੇ ਸਰਕਾਰੀ ਸੇਵਾਵਾਂ ਨਹੀਂ ਦਿੱਤੀਆਂ ਜਾ ਸਕਣਗੀਆਂ। ਪਿਛਲੇ ਦਿਨੀਂ ਇੱਕ ਮੁਸਲਿਮ ਅਧਿਆਪਕਾ ਨੂੰ ਹਿਜਾਬ ਪਹਿਨਦੀ ਹੋਣ ਕਰਕੇ ਨੌਕਰੀ ਤੋਂ ਫਾਰਗ਼ ਕਰ ਦਿੱਤਾ ਗਿਆ ਸੀ। ਜਿਸ ਮਗਰੋਂ ਇਸ ਕਾਨੂੰਨ ਦੇ ਵਿਰੋਧ ਦੀ ਅਵਾਜ਼ ਬੁਲੰਦ ਹੋਣ ਲੱਗੀ ਹੈ। ਕੈਲਗਰੀ ਮੇਅਰ ਗੌਂਡੇਕ ਨੇ ਕਿਹਾ ਕਿ ਉਹਨਾਂ ਬ੍ਰੈਂਪਟਨ ਮੇਅਰ ਪੈਟ੍ਰਿਕ ਬ੍ਰਾਉਨ ਨਾਲ ਵੀ ਗੱਲ ਕੀਤੀ ਹੈ ਤੇ ਉਹਨਾਂ ਦੱਸਿਆ ਕਿ ਨੈਸ਼ਨਲ ਕੌਂਸਲ ਔਫ਼ ਕੈਨੇਡੀਅਨ ਮੁਸਲਿਮਜ਼ - ਐਨ.ਸੀ.ਸੀ.ਐਮ. ਨੂੰ ਇਸ ਕਾਨੂੰਨ ਦੇ ਖਿਲਾਫ਼ ਲੜਾਈ ਲਈ ਸਿਟੀ ਕੌਂਸਲ ਵੱਲੋਂ 1 ਲੱਖ ਡਾਲਰ ਦੀ ਰਕਮ ਦਿੱਤੀ ਜਾਵੇਗੀ ਤੇ ਕੈਲਗਰੀ ਵੱਲੋਂ ਵੀ ਇੰਨੀ ਹੀ ਰਕਮ ਦਿੱਤੇ ਜਾਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਸਿਟੀ ਕੌਂਸਲ ਅਗਲੇ ਹਫ਼ਤੇ ਇਸ ਉਤੇ ਵਿਚਾਰ ਕਰੇਗੀ।


Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ

JASVIR KAUR
To Book a Session CALL us at:
403-829-4814
20 Saddlestone Drive NE T3J OW8
info.blissandbeauty@gmail.com Located on 2nd Floor in Saddleridge Plaza


PUNJABI SWEETS
HOUSE & RESTAURANT
ALL KINDS OF SWEETS NON-VEG & VEGI FOOD
FAST & BEST FRIENDLY SERVICE
TAKE OUT
We do catering also
Open 7 Days a Week
403-293-5252
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.


Akshay Kapoor
REALTOR®
403 891 0005


An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨੈਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਬਿਨਾ ਦੱਸੇ ਲੋਕਾਂ ਦੀਆਂ ਤਸਵੀਰਾਂ ਲੈਣ ਵਾਲੀ ਕੰਪਨੀ ਨੂੰ ਕੈਨੇਡਾ ਨੇ ਕੰਮ ਕਰਨ ਤੋਂ ਰੋਕ ਦਿੱਤਾ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਤਿੰਨ ਸੂਬਾਈ ਪ੍ਰਾਇਵੇਸੀ ਵੌਚਡੌਗਜ਼ ਨੇ ਕਲੀਅਰ-ਵਿਊ ਆਰਟਿਫਿਸ਼ਲ ਇੰਟੈਲਿਜੈਂਸ ਕੰਪਨੀ ਨੂੰ ਕਿਹਾ ਹੈ ਕਿ ਉਹ ਲੋਕਾਂ ਦੀ ਸਹਿਮਤੀ ਲਏ ਬਿਨਾ ਉਹਨਾਂ ਦੇ ਚਿਹਰਿਆਂ ਦੀਆਂ ਤਸਵੀਰਾਂ ਨਾ ਲਵੇ ਅਤੇ ਨਾ ਹੀ ਕਿਸੇ ਨਾਲ ਸਾਂਝਾ ਕਰੇ। ਐਲਬਰਟਾ, ਬ੍ਰਿਟਿਸ਼ ਕੋਲੰਬੀਆ ਅਤੇ ਕਿਊਬੈਕ ਦੀਆਂ ਪ੍ਰਾਇਵੇਟ ਔਥੋਰਿਟੀਆਂ ਨੇ ਅਮਰੀਕਾ ਦੀ ਇਸ ਫ਼ਰਮ ਨੂੰ ਕਿਹਾ ਹੈ ਕਿ ਉਹ ਹਾਸਲ ਕੀਤੀਆਂ ਚਿਹਰਿਆਂ ਦੀਆਂ ਤਸਵੀਰਾਂ ਅਤੇ ਹੋਰ ਬਾਇ?ਮੈਟਰਿਕ ਡੇਟਾ ਤੁਰੰਤ ਡਿਲੀਟ ਕਰੇ। ਇਹਨਾਂ ਤਿੰਨਾਂ ਔਥੋਰਿਟੀਆਂ ਨੂੰ ਫਰਬਰੀ ਵਿੱਚ ਪਤਾ ਲੱਗਿਆ ਸੀ ਕਿ ਇਹ ਕੰਪਨੀ ਲੋਕਾਂ ਨੂੰ ਬਿਨਾ ਦੱਸੇ ਉਹਨਾਂ ਦੇ ਚਿਹਰਿਆਂ ਦੀਆਂ ਤਸਵੀਰਾਂ ਲੈ ਰਹੀ ਸੀ ਅਤੇ ਸੂਬਾਈ ਅਤੇ ਫੈਡਰਲ ਸਰਕਾਰਾਂ ਤੋਂ ਮਨਜ਼ੂਰੀ ਹਾਸਲ ਕੀਤੇ ਬਿਨਾ ਸਰਵੇਲੈਂਸ ਕਰ ਰਹੀ ਸੀ। ਇਹ ਕੰਪਨੀ ਇਹਨਾਂ ਚਿਹਰਿਆਂ ਦੀਆਂ ਤਸਵੀਰਾਂ ਹਾਸਲ ਕਰਕੇ ਪੁਲਿਸ ਫੋਰਸਿਜ਼, ਫਾਇਨੈਂਸ਼ਿਅਲ ਇੰਸਟਿਟਿਊਸ਼ਨਜ਼ ਤੇ ਆਪਣੇ ਹੋਰ ਗ੍ਰਾਹਕਾਂ ਨੂੰ ਵੇਚਦੀ ਸੀ ਤਾਂ ਕਿ ਉਹਨਾਂ ਦੀ ਸ਼ਨਾਖ਼ਤ ਹੋ ਸਕੇ ਤੇ ਸਾਰਾ ਕੁੱਝ ਕੈਨੇਡਾ ਦੇ ਪ੍ਰਾਇਵੇਸੀ ਕਾਨੂੰਨਾ ਦਾ ਖੁੱਲ੍ਹਮ-ਖੁੱਲ੍ਹਾ ਉਲੰਘਣ ਕਰਕੇ ਕੀਤਾ ਜਾ ਰਿਹਾ ਸੀ। ਤਿੰਨਾ ਸੂਬਿਆਂ ਦੀਆਂ ਕਿਸੇ ਵੀ ਏਜੰਸੀ ਨੂੰ ਇਹ ਤਸਵੀਰਾਂ ਵੇਚਣ ਲਈ ਮਨ੍ਹਾਂ ਕਰ ਦਿੱਤਾ ਗਿਆ ਸੀ ਤੇ ਇਸ ਕੰਪਨੀ ਨੂੰ ਕੈਨੇਡਾ ਵਿੱਚ ਕੰਮ ਕਰਨ ਤੋਂ ਮਨ੍ਹਾਂ ਕਰ ਦਿੱਤਾ ਗਿਆ ਹੈ।

# ਬੱਚਿਆਂ ਦੇ ਹਸਪਤਾਲ ਨੂੰ ਧਮਕੀ ਮਿਲਣ ਉਪਰੰਤ ਪੁਲਿਸ ਨੇ ਘੇਰਾਬੰਦੀ ਕੀਤੀ ,ਜਾਂਚ ਜਾਰੀ ਐ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਕੈਲਗਰੀ ਦੇ ਚਿਲਡ੍ਰਨ'ਜ਼ ਹੌਸਪਿਟਲ ਨੂੰ ਧਮਕੀ ਦਿੱਤੇ ਜਾਣ ਦੀ ਸੂਚਨਾ ਹੈ। ਸ਼ਨੀਵਾਰ ਸਵੇਰ ਨੂੰ ਆਈ ਇਸ ਧਮਕੀ ਦੀ ਜਾਂਚ ਕੈਲਗਰੀ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਸਾਰੀ ਬਿਲਡਿੰਗ ਨੂੰ ਘੇਰਾ ਪਾ ਲਿਆ ਗਿਆ ਤੇ ਸਾਰੇ ਇਲਾਕੇ ਦੀ ਪੁਣ-ਛਾਣ ਕੀਤੀ ਗਈ ਤੇ ਅਜਿਹਾ ਕਈ ਘੰਟੇ ਚੱਲਦਾ ਰਿਹਾ। ਪੁਲਿਸ ਦੇ ਬੁਲਾਰੇ ਦਾ ਕਹਿਣਾ ਹੈ ਕਿ ਧਮਕੀ ਦੀ ਕਾਲ ਕੈਨੇਡਾ ਦੇ ਬਾਹਰੋਂ ਵਿਚੋਂ ਹੀ ਜੈਨਰੇਟ ਹੋਈ ਸੀ ਤੇ ਹੁਣ ਪੁਲਿਸ ਵੱਲੋਂ ਅੰਤਰ-ਰਾਸ਼ਟਰੀ ਇਕੁਆਇਰੀ ਕੀਤੀ ਜਾ ਰਹੀ ਹੈ। ਇਹ ਨਹੀਂ ਦੱਸਿਆ ਗਿਆ ਹੈ ਕਿ ਕਿਸ ਦੇਸ਼ ਤੋਂ ਧਮਕੀ ਆਈ ਤੇ ਇਸ ਵਿੱਚ ਕੀ ਕਿਹਾ ਗਿਆ ਸੀ। ਪੁਲਿਸ ਨੇ ਸ਼ਹਿਰਵਾਸੀਆਂ ਨੂੰ ਭਰੋਸਾ ਦਵਾਇਆ ਹੈ ਕਿ ਕਿਸੇ ਨੂੰ ਕੋਈ ਖ਼ਤਰਾ ਨਹੀਂ ਹੈ। ਕੋਈ ਗ਼ਿਰਫ਼ਤਾਰੀ ਨਹੀਂ ਹੋ ਸਕੀ ਹੈ। ਕਿਸੇ ਮਰੀਜ਼ ਉੱਪਰ ਵੀ ਇਸ ਧਮਕੀ ਦਾ ਕੋਈ ਸਿੱਧਾ ਜਾਂ ਅਸਿੱਧਾ ਅਸਰ ਨਹੀਂ ਪਿਆ ਹੈ।

# ਥਰੀ ਸਿਸਟਰ ਨੇ ਟਾਊਨ ਕੌਂਸਲ ਦੇ ਖਿਲਾਫ 161 ਮਿਲੀਅਨ ਦਾ ਮੁਕੱਦਮਾ ਠੋਕਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੱਛਮ ਵੱਲ ਲੱਗਦੇ ਕੈਨਮੋਰ ਟਾਊਨ ਵਿੱਚ ਥ੍ਰੀ ਸਿਸਟਰਜ਼ ਮਾਊਂਨਟੇਨ ਵਿਲੇਜ ਪ੍ਰੌਪਰਟੀ ਲਿਮਿਟਿਡ ਨੇ ਟਾਊਨ ਕੌਂਸਲ ਦੇ ਖਿਲਾਫ਼ 161 ਮਿਲੀਅਨ ਡਾਲਰ ਦਾ ਦੀਵਾਨੀ ਜਾਂ ਸਿਵਲ ਮੁਕੱਦਮਾ ਕਰਨ ਦਾ ਫੈਸਲਾ ਕੀਤਾ ਹੈ। ਕੰਪਨੀ ਨੇ ਕੈਨਮੋਰ ਟਾਊਨ ਤੋਂ 150 ਮਿਲੀਅਨ ਡਾਲਰ ਨੁਕਸਾਨ ਸਬੰਧੀ ਮੰਗੇ ਹਨ ਕਿਉਂਕਿ ਟਾਊਨ ਨੇ ਉਹਨਾਂ ਨੂੰ 2003 ਤੋਂ ਖ਼ਰੀਦ ਕੇ ਰੱਖੀ ਜ਼ਮੀਨ ਉੱਪਰ ਡਿਵੈਲਪਮੈਂਟ ਕਰਨ ਦੇਣ ਤੋਂ ਨਾਂਹ ਕਰ ਦਿੱਤੀ ਸੀ। ਟਾਊਨ ਕੌਂਸਲ ਦਾ ਕਹਿਣਾ ਸੀ ਕਿ ਇਸ ਪ੍ਰੌਜੈਕਟ ਕਾਰਨ ਵਣ-ਜੀਵਾਂ ਉੱਪਰ ਅਸਰ ਪੈਣਾ ਸੀ ਤੇ ਇਸ ਪ੍ਰੌਜੈਕਟ ਕਾਰਨ ਟਾਊਨ ਦੀ ਆਬਾਦੀ ਦੁੱਗਣੀ ਹੋ ਜਾਣੀ ਸੀ ਜਿਸ ਦਾ ਅਸਰ ਅਫੌਰਡੇਬਿਲਿਟੀ ਅਤੇ ਟੈਕਸ ਢਾਂਚੇ ਉੱਪਰ ਪੈਣਾ ਸੀ। ਮੁਕੱਦਮਾ ਕੋਰਟ ਔਫ਼ ਕੁਈਨ'ਜ਼ ਬੈਂਚ, ਕੈਲਗਰੀ ਵਿੱਚ ਕੀਤਾ ਗਿਆ ਹੈ ਤੇ ਅਜੇ ਦੋਸ਼ ਸ਼ਾਬਿਤ ਨਹੀਂ ਹੋਏ ਤੇ ਨਾ ਹੀ ਸਟੇਟਮੈਂਟ ਔਫ਼ ਡਿਫੈਂਸ ਆਈ ਹੈ।

# ਤੇਜ ਰਫਤਾਰ ਜਾ ਰਹੀ ਗੱਡੀ ਜਦੋਂ ਪੁਲਿਸ ਨੇ ਰੋਕੀ ਤਾਂ ਉਸ ਵਿੱਚੋਂ ਨਸ਼ਾ ਲੱਭ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇੱਕ ਵਿਅਕਤੀ ਨੂੰ ਰੈਡ ਡੀਅਰ ਵਿੱਚ ਗ਼ਿਰਫ਼ਤਾਰ ਕੀਤਾ ਗਿਆ ਹੈ ਤੇ ਉਸ ਵਿਰੁਧ ਨਸ਼ੀਲੇ ਪਦਾਰਥਾਂ ਅਤੇ ਹਥਿਆਰ ਸੰਬੰਧੀ ਚਾਰਜਿਜ਼ ਲਗਾਏ ਜਾ ਰਹੇ ਹਨ। 8 ਦਸੰਬਰ ਵਾਲੇ ਦਿਨ ਆਰ.ਸੀ.ਐਮ.ਪੀ. ਨੇ ਤੇਜ਼ ਗਤੀ ਨਾਲ ਜਾ ਰਹੇ ਇੱਕ ਗੱਡੀ ਚਾਲਕ ਨੂੰ ਰੋਕਿਆ ਸੀ। ਉਸ ਦੀ ਗੱਡੀ ਵਿੱਚ ਭੰਗ ਪਈ ਹੋਈ ਸੀ। ਤਲਾਸ਼ੀ ਦੌਰਾਨ ਇੱਕ ਨਕਲੀ ਹੈਂਡਗੰਨ ਲੱਭ ਗਈ ਤੇ ਉਸ ਨੂੰ ਕਾਬੂ ਕਰ ਲਿਆ ਗਿਆ। ਉਸ ਕੋਲੋਂ 454 ਗ੍ਰਾਮ ਭੰਗ, 15 ਗ੍ਰਾਮ ਕੋਕੇਨ, 470 ਡਾਲਰ ਨਕਦੀ ਦੀ ਬਰਾਮਦਗੀ ਕੀਤੀ ਗਈ। 19 ਸਾਲਾ ਜੇਅ ਲੌਨ ਸ਼ੀਅਰਡਾਉਨ ਨਾਮ ਦੇ ਇਸ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਤੇ ਉਸ ਵਿਰੁੱਧ ਕਈ ਚਾਰਜਿਜ਼ ਲਗਾਏ ਜਾ ਰਹੇ ਹਨ। ਹੁਣ ਉਸ ਨੂੰ 18 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਹਿ ਕੇ ਛੱਡ ਦਿੱਤਾ ਗਿਆ ਦੱਸਿਆ ਜਾਂਦਾ ਹੈ।

# ਕੈਲਗਰੀ ਫਲੇਮਜ਼ ਦੇ ਖਿਡਾਰੀਆਂ ਉੱਪਰ ਵੀ ਕਰੋਨਾ ਦੀ ਮਾਰ ਪੈ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫ਼ਲੇਮਜ਼ ਵਿੱਚ ਫੈਲੇ ਕੋਰੋਨਾ ਵਾਇਰਸ ਨੇ ਹੁਣ ਤੱਕ 17 ਵਿਅਕਤੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਦੱਸਿਆ ਜਾ ਰਿਹਾ ਹੈ। ਟੀਮ ਵੱਲੋਂ ਜਾਰੀ ਸੂਚਨਾ ਮੁਤਾਬਕ 16 ਖਿਡਾਰੀ, 3 ਕੋਚ ਅਤੇ 8 ਸੱਪੋਰਟ ਸਟਾਫ਼ਰਜ਼ ਇਸ ਵਾਇਰਸ ਦੀ ਲਪੇਟ ਵਿੱਚ ਹਨ ਤੇ ਸਾਰੇ ਆਇਸੋਲੇਸ਼ਨ ਹੇਠ ਹਨ। ਫ਼ਲੇਮਜ਼ ਦੇ ਮੈਦਾਨ ਵਿੱਚ ਆਉਣ ਦੀ ਸੰਭਾਵਨਾ ਹੁਣ ਹੋਰ ਵੀ ਘਟ ਗਈ ਹੈ।

# ‘ਮਿਸ ਯੂਨੀਵਰਸ 2021’ ਦਾ ਖ਼ਿਤਾਬ ਪੰਜਾਬ ਦੇ ਖਰੜ ਸ਼ਹਿਰ ਦੀ ਰਹਿਣ ਵਾਲੀ ਹਰਨਾਜ਼ ਸੰਧੂ ਨੇ ਜਿੱਤਿਆ



ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਇੰਟਰਨੈਸ਼ਨਲ ਬਿਊਟੀ ਮੁਕਾਬਲੇ ‘ਮਿਸ ਯੂਨੀਵਰਸ 2021’ ਦਾ ਖ਼ਿਤਾਬ ਭਾਰਤੀ ਸੂਬੇ ਪੰਜਾਬ ਦੇ ਖਰੜ ਸ਼ਹਿਰ ਦੀ ਰਹਿਣ ਵਾਲੀ ਹਰਨਾਜ਼ ਸੰਧੂ ਨੇ ਆਪਣੇ ਨਾਮ ਕਰ ਲਿਆ ਹੈ। ਇਸ ਤੋਂ ਪਹਿਲਾਂ ਹਰਨਾਜ਼ ਸੰਧੂ ਨੇ ਟੌਪ 10 ਵਿੱਚ ਥਾਂ ਬਣਾਈ ਅਤੇ ਫਿਰ ਟੌਪ 5 ਵਿੱਚ ਅਤੇ ਆਖਿਰਕਾਰ ਗਰੈਂਡ ਫਿਨਾਲੇ ਦੌਰਾਨ ਅੰਤਿਮ ਤਿੰਨ ਨਾਂਵਾ ਵਿੱਚੋਂ ਹਰਨਾਜ਼ ਸੰਧੂ ਦੇ ਨਾਮ ਦਾ ਐਲਾਨ ਹੋਇਆ। 70ਵਾਂ ਮਿਸ ਯੂਨੀਵਰਸ 2021 ਦਾ ਮੁਕਾਬਲਾ ਇਜ਼ਰਾਈਲ ਵਿੱਚ ਹੋਇਆ। ਭਾਰਤ ਦੀ ਝੋਲੀ ਮਿਸ ਯੂਨੀਵਰਸ ਦਾ ਇਹ ਖ਼ਿਤਾਬ 21 ਸਾਲ ਬਾਅਦ ਪਿਆ ਹੈ। ਇਸ ਤੋਂ ਪਹਿਲਾਂ ਇਹ ਖ਼ਿਤਾਬ ਲਾਰਾ ਦੱਤਾ ਨੇ 2000 ਵਿੱਚ ਆਪਣੇ ਨਾਮ ਕੀਤਾ ਸੀ। 21 ਸਾਲ ਦੀ ਹਰਨਾਜ਼ ਸੰਧੂ ਨੇ ਪਰਾਗਵੇ ਦੀ ਨਾਦੀਆ ਫਰੇਰਾ ਅਤੇ ਦੱਖਣੀ ਅਫ਼ਰੀਕਾ ਦੀ ਲਲੇਲਾ ਮਸਵਾਨੇ ਨੂੰ ਮਾਤ ਦਿੰਦਿਆਂ ਇਸ ਖਿਤਾਬ ਨੂੰ ਆਪਣੇ ਨਾਮ ਕੀਤਾ ਹੈ। ਹਰਨਾਜ਼ ਕੌਰ ਸੰਧੂ ਦਾ ਜੱਦੀ ਪਿੰਡ ਕੁਹਾਲੀ ਹੈ, ਜੋ ਜ਼ਿਲ੍ਹਾ ਗੁਰਦਾਸਪੁਰ ਅਧੀਨ ਪੈਂਦਾ ਹੈ। ਹਨਰਾਜ਼ ਇਸ ਸਮੇਂ ਸਰਕਾਰੀ ਕਾਲਜ ਚੰਡੀਗੜ੍ਹ ਤੋਂ ਐਮ ਏ ਲੋਕ ਪ੍ਰਸ਼ਾਸਨ ਕਰ ਰਹੀ ਹੈ। ਹਰਨਾਜ਼ ਦੇ ਪਿਤਾ ਦਾ ਨਾਮ ਪ੍ਰੀਤਮ ਸਿੰਘ ਸੰਧੂ ਹੈ ਅਤੇ ਮਾਂ ਦਾ ਨਾਮ ਡਾ. ਰਵਿੰਦਰ ਕੌਰ ਸੰਧੂ ਹੈ। ਉਨ੍ਹਾਂ ਦਾ ਪਰਿਵਾਰ ਮੁਹਾਲੀ ਰਹਿੰਦਾ ਹੈ।

# ਓਨਟਾਰੀਓ ਵਿੱਚ ਬੂਸਟਰ ਡੋਜ ਲਗਾਉਣ ਲਈ ਮੁਹਿੰਮ ਦਾ ਐਲਾਨ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਓਂਟੈਰੀਓ ਸਰਕਾਰ ਦੀ ਕੈਬਿਨੇਟ ਦੀ ਮੀਟਿੰਗ ਮਗਰੋਂ ਪ੍ਰੀਮੀਅਰ ਡਗ ਫੋਰਡ ਨੇ ਥਰਡ ਡੋਜ਼ ਵੈਕਸਿਨੇਸ਼ਨ ਕੈਂਪੇਨ ਲੌਂਚ ਕੀਤੀ ਹੈ। ਬੂਸਟਰ ਸ਼ੌਟਸ ਸੰਬੰਧੀ ਇਹ ਐਲਾਨ ਮਹਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਸੂਬੇ ਭਰ ਵਿੱਚ ਕੋਰੋਨਾ ਵਾਇਰਸ ਦੇ ਕੇਸ ਮੁੜ ਵਧਣ ਲੱਗੇ ਹਨ ਤੇ ਓਮਿਕ੍ਰੌਨ ਵੇਰੀਐਂਟ ਨੇ ਦੇਸ਼ ਭਰ ਵਿੱਚ ਭਾਜੜਾਂ ਪੁਆ ਦਿੱਤੀਆਂ ਹਨ। ਸੂਬੇ ਦੇ 70 ਸਾਲ ਤੋਂ ਉੱਪਰ ਉਮਰ ਦੇ ਬਜ਼ੁਰਗਾਂ ਲਈ 6 ਨਵੰਬਰ ਤੋਂ ਤੀਜੀ ਡੋਜ਼ ਲਗਾਏ ਜਾਣ ਦਾ ਐਲਾਨ ਕੀਤਾ ਗਿਆ ਸੀ ਤੇ ਹੁਣ ਇਸ ਪਲੈਨ ਨੂੰ ਤੇਜ਼ ਕੀਤਾ ਜਾਵੇਗਾ। ਸੋਮਵਾਰ ਵਾਲੇ ਦਿਨ ਇਹ ਉਮਰ ਸੀਮਾ 50 ਸਾਲ ਅਤੇ ਇਸ ਤੋਂ ਉੱਪਰ ਕੀਤੀ ਗਈ ਸੀ।

# ਅਲਬਰਟਾ ਸਰਕਾਰ ਸਕੂਲੀ ਸਿਲੇਬਸ ਵਿੱਚ ਸੋਧਾਂ ਕਰਨ ਲਈ ਤਿਆਰ ਹੋ ਗਈ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਕੇ-ਟੂ-ਸਿਕਸ ਦਾ ਵਿਵਾਦਿਤ ਡ੍ਰਾਫ਼ਟ ਸਿਲੇਬਸ ਸਕੂਲਾਂ ਵਿੱਚ ਲਾਗੂ ਕਰਨ ਦੇ ਫੈਸਲੇ ਨੂੰ ਫਿਲਹਾਲ ਟਾਲ ਦਿੱਤਾ ਹੈ ਤੇ ਸਰਕਾਰ ਇਸ ਵਿੱਚ ਸੋਧਾਂ ਕਰਨ ਲਈ ਤਿਆਰ ਹੋ ਗਈ ਹੈ। ਐਲਬਰਟਾ ਟੀਚਰਜ਼ ਐਸੋਸਿਏਸ਼ਨ ਨੇ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਸਰਕਾਰ ਵੱਲੋਂ ਤਜਵੀਜ਼ਸ਼ੁਦਾ ਇਹ ਸਿਲੇਬਸ ਸੂਬੇ ਵਿੱਚ ਸਿਰਫ਼ 3 ਸਕੂਲ ਬੋਰਡਾਂ ਵੱਲੋਂ ਹੀ ਪਾਇਲਟ ਕੀਤਾ ਗਿਆ ਸੀ ਜਦੋਂ ਕਿ ਬਾਕੀ ਸਕੂਲ ਬੋਰਡਾਂ ਨੇ ਇਸ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਸੀ। ਸੂਬੇ ਦੀ ਐਜੁਕੇਸ਼ਨ ਮਨਿਸਟਰ ਐਡ੍ਰੀਐਨਾ ਲਾਗ੍ਰਾਂਜ ਨੇ ਐਲਾਨ ਕੀਤਾ ਸੀ ਕਿ ਅਧਿਆਪਕਾਂ ਦੀ ਆਵਾਜ਼ ਨੂੰ ਸੁਣਦਿਆਂ ਇਸ ਨੂੰ ਲਾਗੂ ਨਹੀਂ ਕੀਤਾ ਜਾਵੇਗਾ ਤੇ ਇਸ ਵਿੱਚ ਹੋਰ ਤਬਦੀਲੀਆਂ ਕੀਤੀਆਂ ਜਾਣਗੀਆਂ। ਸਾਇੰਸ, ਫਿਜ਼ਿਕਲ ਐਜੁਕੇਸ਼ਨ, ਸੋਸ਼ਲ ਸਾਇੰਸਿਜ਼ ਆਦਿ ਦੇ ਸਿਲੇਬਸ ਵਿੱਚ ਹੁਣ ਫਿਰ ਕਈ ਜੋੜ-ਘਟਾਉ ਕੀਤੇ ਜਾਣ ਦੀ ਤਜਵੀਜ਼ ਹੈ।

# ਤਨਖਾਹਾਂ ਦੇ ਵਾਧੇ ਨੂੰ ਲੈਕੇ ਸਰਕਾਰ ਅਤੇ ਯੂਨੀਅਨ ਵਿਚਾਲੇ ਰੇੜਕਾ ਖਤਮ ਹੋਇਆ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਯੁਨਿਅਨ ਔਫ਼ ਪ੍ਰੋਵਿੰਸ਼ਿਅਲ ਐਂਪਲੌਈਜ਼ - ਏ.ਯੂ.ਪੀ.ਈ. ਨੇ ਸੂਬਾ ਸਰਕਾਰ ਨਾਲ ਤਨਖਾਹ ਸੰਬੰਧੀ ਸਮਝੌਤਾ ਪ੍ਰਵਾਨ ਕਰ ਲਿਆ ਹੈ ਜਿਸ ਤਹਿਤ ਉਹਨਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇਗਾ ਅਤੇ ਜੌਬ ਸਿਕਿਉਰਿਟੀ ਦੇ ਪ੍ਰਬੰਧ ਕੀਤੇ ਜਾਣਗੇ 91% ਸਰਕਾਰੀ ਕਰਮਚਾਰੀਆਂ ਨੇ ਇਸ ਸੌਦੇ ਨੂੰ ਪ੍ਰਵਾਨ ਕਰ ਲਿਆ ਹੈ। ਏ.ਯੂ.ਪੀ.ਈ. ਦੇ 95 ਹਜ਼ਾਰ ਮੈਂਬਰ ਹਨ ਜਿਹਨਾਂ ਵਿੱਚੋਂ 22 ਹਜ਼ਾਰ ਸਿੱਧੇ ਸੂਬਾ ਸਰਕਾਰ ਦੇ ਕਰਮਚਾਰੀ ਹਨ। ਨਵਾਂ ਐਗਰੀਮੈਂਟ 31 ਮਾਰਚ 2024 ਤੱਕ ਲਾਗੂ ਰਹੇਗਾ ਜਿਸ ਦੌਰਾਨ ਪਹਿਲੀ ਜਨਵਰੀ, 2023 ਤੋਂ ਉਹਨਾਂ ਨੂੰ ਸਵਾ ਪਰਸੈਂਟ ਤਨਖਾਹ ਵਾਧਾ ਦਿੱਤਾ ਜਾਵੇਗਾ, ਪਹਿਲੀ ਸਤੰਬਰ, 2023 ਤੋਂ ਡੇਢ ਪਰਸੈਂਟ ਤਨਖਾਹ ਵਾਧਾ ਹੋਵੇਗਾ ਅਤੇ ਰੂਰਲ ਐਲਬਰਟਾ ਪ੍ਰੋਵਿੰਸ਼ਿਅਲ ਇੰਟਿਗ੍ਰੇਟਿਡ ਡਿਫੈਂਸ ਰੈਸਪੌਂਸ ਕਰਮਚਾਰੀਆਂ ਨੂੰ 8% ਤਨਖਾਹ ਮਿਲੇਗਾ ਜਿਹੜਾ ਇਸ ਸਾਲ ਪਹਿਲੀ ਅਪ੍ਰੈਲ ਤੋਂ ਲਾਗੂ ਹੋਵੇਗਾ। ਫਾਇਨੈਂਸ ਮਨਿਸਟਰ ਟ੍ਰੈਵਿਸ ਟੇਵਜ਼ ਨੇ ਇਸ ਸਮਝੌਤੇ ਦੇ ਸਿਰੇ ਚੜ੍ਹ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ।

# ਸ਼ੈਲਟਰ ਹੋਮ ਵਿੱਚ ਆਉਣ ਵਾਲੀਆਂ 58 ਪ੍ਰਤੀਸਤ ਔਰਤਾਂ ਨੂੰ ਉਹਨਾਂ ਦੇ ਕਤਲ ਹੋ ਜਾਣ ਦਾ ਖ਼ਦਸਾ ਹੁੰਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਕੌਂਸਲ ਫੌਰ ਵਿਮੈਨ'ਜ਼ ਸ਼ੈਲਟਰਜ਼ ਦਾ ਕਹਿਣਾ ਹੈ ਕਿ ਭਾਵੇਂ ਕਿ ਪੈਨਡੈਮਿਕ ਕਾਰਨ ਉਹਨਾਂ ਕੋਲੋਂ ਮੱਦਦ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਘੱਟ ਦਰਜ ਕੀਤੀ ਗਈ ਹੈ ਪਰ ਸ਼ੈਲਟਰਜ਼ ਵਿੱਚ ਵੀ ਥਾਂ ਦੀ ਕਮੀ ਹੋਣ ਦੇ ਚੱਲਦਿਆਂ ਲਗਪਗ 19000 ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਵਾਪਸ ਮੋੜਣਾ ਪਿਆ ਹੈ। 13 ਦਸੰਬਰ ਨੂੰ ਜਾਰੀ ਨਵੀਨਤਮ ਅੰਕੜਿਆਂ ਮੁਤਾਬਕ ਇਹਨਾਂ ਸ਼ੈਲਟਰ ਹੋਮਜ਼ ਵਿੱਚ ਪਿਛਲੇ ਸਾਲ ਅਪਰੈਲ ਤੋਂ ਇਸ ਸਾਲ ਮਾਰਚ ਤੱਕ ਦੇ ਅਰਸੇ ਦੌਰਾਨ 6233 ਵਿਅਕਤੀਆਂ ਨੂੰ ਆਸਰਾ ਦਿੱਤਾ ਗਿਆ। ਸ਼ੈਲਟਰਜ਼ ਵਿੱਚ ਆਉਣ ਵਾਲੀਆਂ 58% ਔਰਤਾਂ ਨੂੰ ਕਤਲ ਹੋਣ ਦਾ ਖ਼ਤਰਾ ਹੁੰਦਾ ਹੈ। ਕਈ ਔਰਤਾਂ ਨੂੰ ਉਹਨਾਂ ਦੇ ਮੌਜੂਦਾ ਜਾਂ ਸਾਬਕਾ ਪਾਰਟਰਨਜ਼ ਵੱਲੋਂ ਜਾਨਲੇਵਾ ਹਮਲੇ ਦੀ ਧਮਕੀ ਦਿੱਤੀ ਗਈ ਹੁੰਦੀ ਹੈ ਜਿਸ ਕਰਕੇ ਉਹਨਾਂ ਨੂੰ ਵਾਪਸ ਮੋੜਣਾ ਬਹੁਤ ਵੱਡਾ ਖ਼ਤਰਾ ਸਹੇੜਣਾ ਹੁੰਦਾ ਹੈ। ਸਰਕਾਰ ਨੂੰ ਇਸ ਸੰਬੰਧੀ ਰਿਪੋਰਟ ਭੇਜੀ ਜਾ ਰਹੀ ਹੈ।



















## ਕੈਲਗਰੀ ਦੇ ਪੁਲਸੀਏ ਦਾ ਕਹਿਣਾ ਹੈ ਕਿ ਵੈਕਸੀਨ ਲਾਜਿਮੀ ਕਰਨਾ ਨਸਲੀ ਵਿਤਕਰੇ ਵਾਂਗ ਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਦੇ ਇੱਕ ਔਫਿਸਰ ਦਾ ਕਹਿਣਾ ਹੈ ਕਿ ਲੋਕਾਂ ਲਈ ਵੈਕਸਿਨ ਲਗਵਾਉਣ ਦਾ ਫੁਰਮਾਨ ਜਾਰੀ ਕਰਨਾ ਉਸੇ ਤਰ੍ਹਾਂ ਹੈ ਜਿਵੇਂ 60 ਲੱਖ ਯਹੂਦੀਆਂ ਨੂੰ ਧਾਰਮਿਕ ਅਤੇ ਨਸਲੀ ਤੌਰ 'ਤੇ ਨਿਖੇੜ ਕੇ ਵਿਸ਼ੇਸ਼ ਫੁਰਮਾਨ ਹੇਠ ਮਾਰ ਦਿੱਤਾ ਗਿਆ ਸੀ। ਆਪਣੇ ਇਹਨਾਂ ਵਿਚਾਰਾਂ ਨੂੰ ਲੈ ਕੇ ਇਹ ਪੁਲਿਸ ਅਧਿਕਾਰੀ ਐਂਟਾਇ-ਵੈਕਸਿਨ ਰੈਲੀ ਵਿੱਚ ਪਹੁੰਚਿਆ ਦੱਸਿਆ ਗਿਆ ਹੈ। ਆਯੋਜਕਾਂ ਨੇ ਐਂਟਾਇ-ਵੈਕਸਿਨ ਰੈਲੀ ਨੂੰ 'ਫ੍ਰੀਡਮ ਪ੍ਰੋਟੈਸਟ' ਦਾ ਨਾਮ ਦਿੱਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਲੋਕ ਵੈਕਸਿਨ ਨੂੰ ਲਾਜ਼ਿਮ ਤੌਰ 'ਤੇ ਲਗਵਾਉਣ ਅਤੇ ਸਿਹਤ ਪਾਬੰਦੀਆਂ ਲਾਗੂ ਕਰਨ ਦਾ ਵਿਰੋਧ ਕਰ ਰਹੇ ਹਨ। ਪੁਲਿਸ ਔਫਿਸਰ ਬ੍ਰਾਇਨ ਡੈਨਿਸਨ ਨੂੰ ਪਿਛਲੇ ਦਿਨੀਂ ਸਸਪੈਂਡ ਕਰ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਵਰਦੀ ਪਾ ਕੇ ਵੈਕਸਿਨ ਲਗਵਾਉਣ ਨੂੰ ਹੌਲੋਕਾਸਟ ਦੀ ਘਟਨਾ ਨਾਲ ਜੋੜ ਕੇ ਪੇਸ਼ ਕੀਤਾ ਸੀ। ਇਸ ਪੁਲਿਸ ਔਫਿਸਰ ਦਾ ਕਹਿਣਾ ਹੈ ਕਿ ਕੈਨੇਡਾ ਸੁਤੰਤਰ ਮੁਲਕ ਹੈ ਤੇ ਹਰ ਇੱਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੈ।

## ਕ੍ਰਿਸਮਿਸ ਮੌਕੇ ਹਵਾਈ ਸਫਰ ਸਬੰਧੀ ਐਡਵਾਈਜਰੀ ਜਾਰੀ ਕਰਨਾ ਏਅਰਲਾਈਨਾਂ ਲਈ ਨੁਕਸਾਨਦਾਇਕ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਦੂਜੀ ਵੱਡੀ ਏਅਰਲਾਇਨ, ਕੈਲਗਰੀ ਬੇਸਡ ਵੈਸਟਜੈੱਟ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਵੱਲੋਂ ਬਾਰ ਬਾਰ ਲਗਾਈਆਂ ਜਾ ਰਹੀਆਂ ਹਵਾਈ ਯਾਤਰਾ ਪਾਬੰਦੀਆਂ, ਅਤੇ ਜਾਰੀ ਹੋ ਰਹੀਆਂ ਐਡਵਾਇਜ਼ਰੀਆਂ ਨੇ ਏਅਰਲਾਇਨ ਵਾਸਤੇ ਵੱਡਾ ਨੁਕਸਾਨ ਖੜ੍ਹਾ ਕਰ ਦਿੱਤਾ ਹੈ। ਏਅਰਲਾਇਨ ਦਾ ਕਹਿਣਾ ਹੈ ਕਿ ਕ੍ਰਿਸਮਿਸ ਛੁੱਟੀਆਂ ਮੌਕੇ ਇਹਨਾਂ ਪਾਬੰਦੀਆਂ ਦਾ ਆਉਣਾ ਏਅਰਲਾਇਨ ਵਾਸਤੇ ਘਾਤਕ ਸਾਬਤ ਹੋ ਸਕਦਾ ਹੈ। ਜਾਰੀ ਪ੍ਰੈਸ ਬਿਆਨ ਵਿੱਚ ਏਅਰਲਾਇਨ ਨੇ ਕਿਹਾ ਹੈ ਕਿ ਨਵੀਆਂ ਪਾਬੰਦੀਆਂ ਦਾ ਅਧਾਰ ਵਿਗਿਆਨ ਨਹੀਂ ਹੈ ਤੇ ਤੁੱਕੇ ਨਾਲ ਐਡਵਾਇਜ਼ਰੀ ਜਾਰੀ ਕਰ ਦਿੱਤੀ ਗਈ ਹੈ। ਵੈਸਟਜੈੱਟ ਦੇ ਸੀ.ਈ.?. ਅਤੇ ਪ੍ਰੈਜ਼ਿਡੈਂਟ ਹੈਰੀ ਟੇਅਲਰ ਦਾ ਕਹਿਣਾ ਹੈ ਕਿ ਹਵਾਈ ਯਾਤਰਾ ਇਸ ਸਮੇਂ ਸਭ ਤੋਂ ਸੁਰੱਖਿਅਤ ਸਹੂਲਤ ਹੈ ਤੇ ਯਾਤਰਾ ਕਰਨ ਤੋਂ ਪਹਿਲਾਂ ਤੇ ਬਾਦ ਵਿੱਚ ਯਾਤਰੀ ਦਾ ਟੈਸਟ ਹੁੰਦਾ ਹੈ ਤੇ ਫਿਰ ਵੀ ਪਾਬੰਦੀ ਦਾ ਨਿਸ਼ਾਨਾ ਇਸੇ ਇੰਡਸਟਰੀ ਨੂੰ ਬਣਾਇਆ ਜਾਂਦਾ ਹੈ। ਚੇਤੇ ਰਹੇ ਕਿ ਫੈਡਰਲ ਸਰਕਾਰ ਨੇ ਦੇਸ਼ ਵਾਸੀਆਂ ਨੂੰ ਗ਼ੈਰ-ਜ਼ਰੂਰੀ ਯਾਤਰਾ ਕਰਨ ਤੋਂ ਗੁਰੇਜ਼ ਕਰਨ ਨੂੰ ਕਿਹਾ ਹੈ।

## ਗਗਨਟੂੰਬੀ ਬਿਲਡਿੰਗ ਉਪਰੋਂ ਕੱਚ ਦੇ ਟੁਕੜੇ ਡਿੱਗੇ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ ) ਬੀਤੇ ਦਿਨੀ ਡਾਉਨ-ਟਾਉਨ ਵਿੱਚ ਇੱਕ ਉੱਚੀ ਇਮਾਰਤ ਤੋਂ ਕੱਚ ਦੇ ਟੁੱਕੜੇ ਟੁੱਟ ਕੇ ਡਿੱਗਣ ਦੀ ਘਟਨਾ ਮਗਰੋਂ ਕੈਲਗਰੀ ਪੁਲਿਸ ਵੱਲੋਂ ਕਈ ਬਲਾਕਾਂ ਨੂੰ ਬੰਦ ਕਰਨਾ ਪਿਆ ਸੀ। 1 ਸਟ੍ਰੀਟ ਸਾਊਥ ਵੈਸਟ ਅਤੇ 6 ਐਵੇਨਿਊ ਦੇ ਇੰਟਰਸੈਕਸ਼ਨ ਨੇੜੇ 'ਤੇ ਖੜ੍ਹੀਆਂ ਕਈ ਕਾਰਾਂ ਉੱਪਰ ਕੱਚ ਦੇ ਇਹ ਟੁਕੜੇ ਡਿੱਗੇ ਸਨ। ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ ਪਰ ਇੱਕ ਪੁਲਿਸ ਵੈਨ ਇਸ ਘਟਨਾ ਵਿੱਚ ਮਾਮੂਲੀ ਨੁਕਸਾਨੀ ਗਈ ਹੈ। 6 ਐਵੇਨਿਊ ਨੂੰ 2 ਅਤੇ 1 ਸਟ੍ਰੀਟ ਦਰਮਿਆਨ ਅਤੇ 1 ਸਟ੍ਰੀਟ ਨੂੰ 5 ਅਤੇ 7 ਐਵੇਨਿਊ ਦਰਮਿਆਨ ਬੰਦ ਰੱਖਣਾ ਪਿਆ ਦੱਸਿਆ ਜਾਂਦਾ ਹੈ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਜਵਾਨੀ ਵੇਲੇ ਕੀਤੀ ਗਲਤੀ ਆਖਿਰ 30 ਸਾਲ ਬਾਦ ਮੰਨਣੀ ਹੀ ਪਈ ਹੁਣ ਅਦਾਲਤੀ ਘੁੰਮਣਘੇਰੀ ਸਜ਼ਾ ਸੁਣਾਵੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਇੱਕ ਔਰਤ ਦੇ ਘਰ ਵਿੱਚ ਬੇਸਮੈਂਟ ਦੀ ਖਿੜਕੀ ਤੋੜ ਕੇ ਘਰ ਵਿੱਚ ਜ਼ਬਰਦਸਤੀ ਵੜਣ ਅਤੇ ਉਸ ਔਰਤ ਨਾਲ ਦੋ ਵਾਰ ਬਲਾਤਕਾਰ ਕਰਨ ਦੇ ਇੱਕ ਸਨਸਨੀਖੇਜ਼ ਮਾਮਲੇ ਵਿੱਚ 49 ਸਾਲਾ ਇੱਕ ਵਿਅਕਤੀ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਘਟਨਾ 30 ਸਾਲ ਪਹਿਲਾਂ ਮਈ, 1991 ਵਿੱਚ ਹੋਈ ਸੀ। ਅਪਰਾਧ ਅੰਜਾਮ ਦੇਣ ਵਾਲਾ ਟੌਮਸ ਬ੍ਰੌਡੀ ਉਸ ਸਮੇਂ 18 ਸਾਲ ਦਾ ਸੀ ਉਸ ਦੀ ਸ਼ਿਕਾਰ ਹੋਈ ਔਰਤ ਦੀ ਉਮਰ ਉਸ ਵੇਲੇ 28 ਸਾਲ ਸੀ। ਅਦਾਲਤ ਵਿੱਚ ਦੱਸਿਆ ਗਿਆ ਕਿ ਜਿਸ ਦਿਨ ਘਟਨਾ ਹੋਈ, ਔਰਤ ਦਾ ਪਤੀ ਕੰਮ 'ਤੇ ਗਿਆ ਹੋਇਆ ਸੀ ਤੇ ਉਹ ਆਪਣੇ 18 ਮਹੀਨੇ ਦੇ ਬੱਚੇ ਨਾਲ ਇਕੱਲੀ ਘਰ ਸੀ। ਅੱਧੀ ਰਾਤ ਤੋਂ ਬਾਦ ਤੜਕੇ ਇੱਕ ਵਜੇ ਦੇ ਕਰੀਬ ਬ੍ਰੌਡੀ ਉਸ ਦੇ ਘਰ ਦਾਖ਼ਲ ਹੋਇਆ ਸੀ। ਉਸ ਨੇ 9-1-1 ਕਾਲ ਕਰ ਦਿੱਤੀ ਪਰ ਉਸ ਦੇ ਗੱਲ ਕਰਨ ਤੋਂ ਪਹਿਲਾਂ ਹੀ ਉਹ ਉੱਥੇ ਪਹੁੰਚ ਗਿਆ ਤੇ ਉਸ ਦੀਆਂ ਚੀਕਾਂ 9-1-1 ਔਪਰੇਟਰ ਨੇ ਸੁਣ ਲਈਆਂ। ਦੋ ਵਾਰ ਬਲਾਤਕਾਰ ਕਰਕੇ ਉਹ ਫ਼ਰਾਰ ਹੋ ਗਿਆ। ਉਸ ਸਮੇਂ ਕਾਲ ਟ੍ਰੇਸ ਨਹੀਂ ਕੀਤੀ ਜਾ ਸਕਦੀ ਸੀ ਤੇ ਬਾਰ ਬਾਰ ਕਾਲ ਕਰਨ ਮਗਰੋਂ ਪੁਲਿਸ ਅਧਿਕਾਰੀ ਸ਼ਿਕਾਰ ਹੋਈ ਔਰਤ ਤੱਕ ਪਹੁੰਚ ਗਏ। ਡੀਐਨਏ ਟੈਕਨੌਲੋਜੀ ਅਤੇ ਜੇਨੈਟਿਕ ਐਨੈਲੇਸਿਸ ਰਾਹੀਂ ਇਸ ਵਿਅਕਤੀ ਦਾ ਪਤਾ ਲਗਾ ਲਿਆ ਗਿਆ। ਬ੍ਰੌਡੀ ਦਾ ਹੁਣ ਆਪਣਾ ਪਰਿਵਾਰ ਵੀ ਹੈ ਪਰ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ।

## ਛੁੱਟੀਆਂ ਮੌਕੇ ਇਕੱਠ ਕਰਨ ਦੀ ਢਿੱਲ ਦੇਕੇ ਅਲਬਰਟ ਸਰਕਾਰ ਪੰਜਵੀਂ ਕਰੋਨਾ ਲਹਿਰ ਨੂੰ ਸੱਦਾ ਦੇ ਰਹੀ ਹੈ।

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਕਈ ਸਿਹਤ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਛੁੱਟੀਆਂ ਦੇ ਮੌਕੇ ਇਕੱਠ ਕਰਨ ਦੀ ਇਜਾਜ਼ਤ ਦੇ ਕੇ ਵੱਡਾ ਖ਼ਤਰਾ ਮੁੱਲ ਲਿਆ ਜਾ ਰਿਹਾ ਹੈ। ਐਡਮੰਟਨ ਦੀ ਐਮਰਜੰਸੀ ਫਿਜ਼ਿਸ਼ਨ ਡਾ. ਸ਼ਾਜ਼ਮਾ ਮਿਥਾਨੀ ਦਾ ਕਹਿਣਾ ਹੈ ਕਿ ਇਕੱਠ ਕਰਨ ਦੀ ਖੁੱਲ੍ਹ ਦੇ ਕੇ ਕੋਵਿਡ-19 ਕੇਸਾਂ ਵਿੱਚ ਵਾਧਾ ਹੋਣ ਦਾ ਖ਼ਤਰਾ ਸਹੇੜਿਆ ਜਾ ਰਿਹਾ ਹੈ। ਵੈਕਸਿਨੇਟ ਨਾ ਹੋਏ ਲੋਕਾਂ ਨੂੰ ਪਾਰਟੀਆਂ ਵਿੱਚ ਸੱਦਣਾ ਖ਼ਤਰੇ ਤੋਂ ਖਾਲੀ ਨਹੀਂ ਹੈ। ਸੂਬੇ ਦੀ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਦਾ ਕਹਿਣਾ ਹੈ ਕਿ ਕੋਈ ਵੀ ਔਪਸ਼ਨ ਖ਼ਤਰੇ ਤੋਂ ਖਾਲੀ ਨਹੀਂ ਹੈ। ਸੂਬੇ ਦੇ ਸਾਬਕਾ ਚੀਫ਼ ਮੈਡਿਕਲ ਔਫਿਸਰ ਡਾ. ਜੇਮਜ਼ ਟੈਲਬੌਟ ਦਾ ਕਹਿਣਾ ਹੈ ਕਿ ਸਰਕਾਰ ਇੱਕ ਵਾਰ ਫਿਰ ਆਪਣੀ ਪਹੁੰਚ ਵਿੱਚ ਫੇਲ੍ਹ ਹੁੰਦੀ ਜਾਪਦੀ ਹੈ ਤੇ ਪ੍ਰੀਮੀਅਰ ਦਾ ਨਵਾਂ ਐਲਾਨ ਗ਼ਲਤ ਸੰਦੇਸ਼ ਦੇ ਰਿਹਾ ਹੈ। ਕੈਲਗਰੀ ਦੇ ਐਮਰਜੰਸੀ ਫਿਜ਼ਿਸ਼ਨ ਡਾ. ਜੋਅ ਵਾਇਪੌਂਡ ਦਾ ਕਹਿਣਾ ਹੈ ਕਿ ਸਰਕਾਰ ਨੇ ਇਸ ਵਾਇਰਸ ਦੀ ਪੰਜਵੀਂ ਲਹਿਰ ਨੂੰ ਸੱਦਾ ਦੇ ਦਿੱਤਾ ਹੈ।

## ਬੱਚਿਆਂ ਦੀ ਗਿਣਤੀ ਕੋਈ ਨਹੀਂ ਪਰ ਵੱਡੇ 10 ਜਣੇ ਘਰਾਂ ਅੰਦਰ ਪਾਰਟੀਆਂ ਕਰ ਸਕਦੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਘਰਾਂ ਦੇ ਅੰਦਰ ਇਕੱਠਾਂ ਵਾਸਤੇ ਲਾਗੂ ਸਿਹਤ ਸੰਬੰਧੀ ਨਿਯਮਾਂ ਵਿੱਚ ਮਾਮੂਲੀ ਫੇਰਬਦਲ ਕਰ ਦਿੱਤਾ ਹੈ। ਰੈਪਿਡ ਟੈਸਟ ਅਤੇ ਬੂਸਟਰ ਡੋਜ਼ ਪ੍ਰੋਗਰਾਮ ਵਿੱਚ ਵਿਸਥਾਰ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਘਰਾਂ ਦੇ ਅੰਦਰ 18 ਸਾਲ ਉਮਰ ਤੋਂ ਉੱਪਰ ਦੇ 10 ਵਿਅਕਤੀ ਇਕੱਠੇ ਹੋ ਸਕਦੇ ਹਨ ਤੇ ਉਹਨਾਂ ਦੇ ਵੈਕਸਿਨ ਲੱਗੀ ਹੋਵੇ ਜਾਂ ਨਾ, ਇਸ ਦਾ ਕੋਈ ਫ਼ਰਕ ਨਹੀਂ ਹੋਵੇਗਾ। ਪਹਿਲਾਂ ਸਿਰਫ਼ ਦੋ ਘਰਾਂ ਦੇ 10 ਵਿਅਕਤੀ ਇਕੱਠੇ ਹੋ ਸਕਦੇ ਸਨ ਤੇ ਉਹਨਾਂ ਦੇ ਵੈਕਸਿਨ ਲੱਗੀ ਹੋਣੀ ਲਾਜ਼ਿਮੀ ਸੀ, ਪਰ ਹੁਣ 18 ਸਾਲ ਤੋਂ ਘੱਟ ਉਮਰ ਦੇ ਜਿੰਨੇ ਮਰਜ਼ੀ ਬੱਚੇ ਇਕੱਠੇ ਹੋ ਸਕਣਗੇ। 17 ਦਸੰਬਰ ਤੋਂ ਰੈਪਿਡ ਟੈਸਟ ਕਿਟਸ ਮਿਲਣੀਆਂ ਸ਼ੁਰੂ ਹੋ ਜਾਣਗੀਆਂ। 50 ਸਾਲ ਅਤੇ ਇਸ ਤੋਂ ਉਪਰ ਉਮਰ ਦੇ ਵਿਅਕਤੀਆਂ ਲਈ ਤੀਸਰੀ ਬੂਸਟਰ ਡੋਜ਼ ਲਗਵਾਉਣ ਲਈ ਬੁਕਿੰਗ ਸ਼ੁਰੂ ਕਰ ਦਿੱਤੀ ਗਈ ਹੈ। ਜਿਹਨਾਂ ਵਿਅਕਤੀਆਂ ਨੂੰ ਦੂਜੀ ਡੋਜ਼ ਲੱਗਿਆਂ 6 ਮਹੀਨੇ ਗੁਜ਼ਰ ਗਏ ਹਨ, ਉਹ ਇਹ ਬੁਕਿੰਗ ਕਰਵਾ ਸਕਦੇ ਹਨ।





















## ਸੰਪਾਦਕੀ



**ਮਤਲਬ ਦੀ ਕੰਧ ਇੰਨੀ ਵੱਡੀ ਵੀ ਨਾ ਕਰੋ ਕਿ ਜਦੋਂ ਆਪ ਨੂੰ ਲੋੜ ਪਵੇ ਤਾਂ ਟੱਪੀ ਹੀ ਨਾ ਜਾਵੇ**

# ਨਿੰਦਣਯੋਗ ਘਟਨਾਵਾਂ

ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਘਟਨਾਵਾਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ, ਇਹ ਜੋ ਵਰਤਾਰਾ ਹੈ ਬਹੁਤ ਹੀ ਨਿੰਦਣਯੋਗ ਹੈ। ਬੇਅਦਬੀਆਂ ਕਰਨ ਵਾਲਿਆਂ ਦੀ ਜੁਅਰਤ ਇੰਨੀ ਪੈ ਗਈ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਤੱਕ ਪਹੁੰਚ ਗਏ ਹਨ ਅਤੇ ਸ਼ਰੇਆਮ ਸੰਗਤਾਂ ਦੀ ਮੌਜੂਦਗੀ ਵਿੱਚ ਉਹ ਅਜਿਹੀ ਕਰਤੂਤ ਕਰਦਾ ਹੈ ਪਰ ਉਥੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਉਸ ਨੂੰ ਦਬੋਚ ਲਿਆ ਅਤੇ ਫਿਰ ਜੋ ਕੁਝ ਵੀ ਹੋਇਆ ਸਭ ਨੂੰ ਪਤਾ ਹੈ। ਸੰਗਤਾਂ ਦੇ ਮਨ ਵਿੱਚ ਗੁੱਸਾ ਸੀ ਅਤੇ ਕੁੱਟ-ਮਾਰ ਦੌਰਾਨ ਉਸ ਨੇ ਦਮ ਤੋੜ ਦਿੱਤਾ। ਕੁਝ ਦਿਨ ਪਹਿਲਾਂ ਇਸੇ ਪ੍ਰਕਾਰ ਇੱਕ ਵਿਅਕਤੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਹੀ ਸਰੋਵਰ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ ਕੀਤੀ ਅਤੇ ਉਸ ਨੂੰ ਸ਼੍ਰੋਮਣੀ ਕਮੇਟੀ ਨੇ ਪੁਲਿਸ ਦੇ ਹਵਾਲੇ ਕਰ ਦਿੱਤਾ। ਦਰਬਾਰ ਸਾਹਿਬ ਦੀ ਘਟਨਾ ਤੋਂ ਬਾਅਦ ਕਪੂਰਥਲਾ ਵਿਖੇ ਵੀ ਇੱਕ ਗੁਰਦੁਆਰਾ ਸਾਹਿਬ ਵਿਖੇ ਅਜਿਹਾ ਹੀ ਹੋਇਆ ਜਿਥੇ ਉਸ ਸਖਸ਼ ਦਾ ਓਹੀ ਹਸ਼ਰ ਹੋਇਆ ਜਿਹੋ ਜਿਹਾ ਦਰਬਾਰ ਸਾਹਿਬ ਦੇ ਦੋਸ਼ੀ ਦਾ ਹੋਇਆ। ਇਸ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਇੱਕ ਵਿਅਕਤੀ ਨੇ ਬੇਅਦਬੀ ਕਰਨ ਦੀ ਗਲਤੀ ਕੀਤੀ ਸੀ ਅਤੇ ਉਸ ਨੂੰ ਵੀ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਸੀ। ਬੇਅਦਬੀਆਂ ਦੀਆਂ ਘਟਨਾਵਾਂ ਦਾ ਸਿਲਸਿਲਾ ਪਹਿਲੀ ਵਾਰ ਨਹੀਂ ਵਾਪਰਿਆ ਇਹ ਕਈ ਸਾਲਾਂ ਤੋਂ ਹੁੰਦਾ ਆ ਰਿਹਾ ਹੈ। ਇਸ ਮੁੱਦੇ ਉਤੇ ਸਰਕਾਰਾਂ ਆ ਤੇ ਜਾ ਰਹੀਆਂ ਹਨ। ਹੁਣ ਵੀ ਚੋਣਾਂ ਦਾ ਮਾਹੌਲ ਹੈ ਅਤੇ ਕੁੱਝ ਸਮੇਂ ਬਾਅਦ ਪੰਜਾਬ ਵਿੱਚ ਨਵੀਂ ਸਰਕਾਰ ਚੁਣੇ ਜਾਣ ਲਈ ਸਿਆਸੀ ਅਖਾੜੇ ਮਘਣ ਵਾਲੇ ਹਨ। ਇਸ ਲਈ ਇਨ੍ਹਾਂ ਬੇਅਦਬੀਆਂ ਨੂੰ ਸਿਆਸਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਸਲ ਵਿੱਚ ਬੇਅਦਬੀਆਂ ਸਿਆਸਤਦਾਨਾਂ ਦਾ ਮਨਭਾਉਂਦਾ ਵਿਸ਼ਾ ਬਣਿਆ ਹੋਇਆ ਹੈ। 2015 ਵਿੱਚ ਜਿਹੜੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਜੇਕਰ ਉਦੋਂ ਦੀ ਬਾਦਲ ਸਰਕਾਰ ਸਜ਼ਾ ਦੀ ਸਹੀ ਵਿਵਸਥਾ ਕਰ ਦਿੰਦੀ ਤਾਂ ਸ਼ਾਇਦ ਅੱਜ ਸਿੱਖ ਭਾਈਚਾਰੇ ਨੂੰ ਇਹ ਦਿਨ ਨਾ ਦੇਖਣੇ ਪੈਂਦੇ। ਇਸੇ ਮੁੱਦੇ ਨੇ ਅਕਾਲੀ ਸਰਕਾਰ ਦੀ ਬਲੀ ਵੀ ਲਈ ਅਤੇ ਉਦੋਂ ਕੈਪਟਨ ਅਮਰਿੰਦਰ ਸਿੰਘ ਨੇ ਸਹੁੰਆਂ ਖਾ-ਖਾ ਕੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਵਾਅਦਾ ਕੀਤਾ ਅਤੇ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਵੋਟਾਂ ਪਾਈਆਂ। ਕਾਂਗਰਸ ਸਰਕਾਰ ਨੇ ਵੀ ਇਸ ਮਸਲੇ ਨੂੰ ਸਿਆਸੀ ਲਾਹਿਆਂ ਦੇ ਲਈ ਲਟਕਾਈ ਰੱਖਿਆ ਅਤੇ ਸਾਢੇ ਚਾਰ ਸਾਲ ਤੱਕ ਅਜਿਹਾ ਕੁੱਝ ਵੀ ਨਹੀਂ ਹੋਇਆ ਜਿਸ ਨਾਲ ਕਿ ਦੋਸ਼ੀਆਂ ਦੇ ਮਨ ਵਿੱਚ ਕਾਨੂੰਨ ਜਾਂ ਸਜ਼ਾ ਦਾ ਡਰ-ਭੈਅ ਪੈਦਾ ਹੁੰਦਾ। ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਏ ਤਾਂ ਉਨ੍ਹਾਂ ਨੇ ਵੀ ਇਹੀ ਬਿਆਨਬਾਜ਼ੀ ਕੀਤੀ ਕਿ ਦੋਸ਼ੀਆਂ ਨੂੰ ਹਰ ਹਾਲਤ ਵਿੱਚ ਸਜ਼ਾ ਦਿੱਤੀ ਜਾਵੇਗੀ। ਹੁਣ ਚੰਨੀ ਸਰਕਾਰ ਕੋਲ ਵੀ ਜ਼ਿਆਦਾ ਸਮਾਂ ਨਹੀਂ ਰਹਿ ਗਿਆ ਅਤੇ ਉਸ ਵੱਲੋਂ ਡੰਗ ਟਪਾਊ ਬਿਆਨਬਾਜ਼ੀ ਰਹਿ ਗਈ ਹੈ ਪਰ ਸਿਆਸਤ ਵਿੱਚ ਬੇਅਦਬੀ ਦਾ ਮੁੱਦਾ ਪ੍ਰਬਲ ਹੈ। ਲੋਕ ਮੰਗ ਕਰ ਰਹੇ ਹਨ ਕਿ ਦੋਸ਼ੀ ਸਲਾਖਾਂ ਦੇ ਪਿੱਛੇ ਜਾਣੇ ਚਾਹੀਦੇ ਹਨ। ਸਿਆਸਤਦਾਨ ਇਸ ਮੁੱਦੇ ਉਤੇ ਚੋਣਾਂ ਜਿੱਤਣ ਲਈ ਸਾਜ਼ਿਸ਼ਾਂ ਘੜ ਰਹੇ ਹਨ। ਇਸ ਮਾਹੌਲ ਦਾ ਕਈ ਪੰਜਾਬ ਤੇ ਸਿੱਖ ਵਿਰੋਧੀ ਤਾਕਤਾਂ ਵੀ ਫਾਇਦਾ ਉਠਾ ਰਹੀਆਂ ਹਨ। ਹੋ ਸਕਦਾ ਹੈ ਕਿ ਇਹੀ ਕਾਰਨ ਹੋਵੇ ਕਿ ਬੇਅਦਬੀਆਂ ਵਾਪਰ ਰਹੀਆਂ ਹਨ। ਇਸ ਲਈ ਪੰਜਾਬ ਦੇ ਲੋਕਾਂ ਖਾਸ ਕਰ ਕੇ ਸਿੱਖ ਭਾਈਚਾਰੇ ਨੂੰ ਚੌਕਸ ਹੋਣ ਦੀ ਬਹੁਤ ਜ਼ਿਆਦਾ ਲੋੜ ਹੈ। ਸਭ ਨੂੰ ਪਤਾ ਹੈ ਕਿ ਸਿੱਖ ਭਾਈਚਾਰੇ ਦੇ ਮਨ ਵਿੱਚ ਇਨ੍ਹਾਂ ਘਟਨਾਵਾਂ ਨੂੰ ਲੈ ਕੇ ਬਹੁਤ ਜ਼ਿਆਦਾ ਰੋਸ ਹੈ ਕਿਉਂਕਿ ਇਸ ਦੇ ਲਈ ਉਨ੍ਹਾਂ ਦੇ ਧਾਰਮਿਕ ਗਰੰਥਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਿਛਲੇ ਸਮੇਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਕਰਕੇ ਜਾਂ ਪੁਲਿਸ ਵੱਲੋਂ ਇਹ ਕਹੇ ਜਾਣ ਕਰਕੇ ਕਿ ਬੇਅਦਬੀ ਕਰਨ ਵਾਲਾ ਦਿਮਾਗੀ ਤੌਰ 'ਤੇ ਠੀਕ ਨਹੀਂ ਹੈ ਆਦਿ ਕਾਰਨਾਂ ਕਰਕੇ ਸਿੱਖ ਸੰਗਤ ਕਾਨੂੰਨ ਆਪਣੇ ਹੱਥ ਵਿੱਚ ਲੈ ਰਹੀ ਹੈ। ਲੇਕਿਨ ਇਸ ਦਾ ਦੂਜਾ ਪਹਿਲੂ ਇਹ ਹੈ ਕਿ ਕਿਸੇ ਦੋਸ਼ੀ ਦੇ ਖਤਮ ਹੋ ਜਾਣ ਨਾਲ ਇਹ ਨਹੀਂ ਪਤਾ ਲੱਗਦਾ ਕਿ ਆਖਿਰ ਇਹ ਸਾਜ਼ਿਸ਼ਾਂ ਕਿੱਥੋਂ ਘੜੀਆਂ ਜਾ ਰਹੀਆਂ ਹਨ। ਪੂਰੀ ਦੁਨੀਆਂ ਨੇ ਸਿੱਖਾਂ ਦਾ ਦਿਆਲੂ ਚਿਹਰਾ ਦੇਖਿਆ ਹੈ, ਇਸੇ ਕਾਰਨ ਪੂਰੀ ਦੁਨੀਆਂ ਵਿੱਚ ਸਿੱਖਾਂ ਦੀ ਪ੍ਰਸਿਧੀ ਹੈ। ਇਸ ਲਈ ਸਿੱਖ ਨੌਜਵਾਨਾਂ ਨੂੰ ਜਜ਼ਬਾਤਾਂ ਉਤੇ ਕਾਬੂ ਪਾਇਆ ਜਾਣਾ ਚਾਹੀਦਾ ਹੈ। ਇਨ੍ਹਾਂ ਘਟਨਾਵਾਂ ਤੋਂ ਬਾਅਦ ਪੰਜਾਬ ਵਿੱਚ ਖਾਲਿਸਤਾਨ ਦੇ ਨਾਅਰੇ ਲਿਖੇ ਜਾ ਰਹੇ ਹਨ। ਇਸ ਤੋਂ ਸਮਝਣਾ ਚਾਹੀਦਾ ਹੈ ਕਿ ਪੰਜਾਬ ਦਾ ਮਾਹੌਲ ਖਰਾਬ ਹੋ ਸਕਦਾ ਹੈ। ਇਸ ਲਈ ਦੋਸ਼ੀਆਂ ਨੂੰ ਕਾਨੂੰਨ ਹਵਾਲੇ ਕਰਨਾ ਚਾਹੀਦਾ ਹੈ ਅਤੇ ਪੁਲਿਸ ਉਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਅਸਲ ਸੱਚਾਈ ਨੂੰ ਅੱਗੇ ਲੈ ਕੇ ਆਵੇ। ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਮੌਬ ਲੀਚਿੰਗ ਦੇ ਦ੍ਰਿਸ਼ ਸਾਹਮਣੇ ਨਹੀਂ ਆਉਣੇ ਚਾਹੀਦੇ। ਸਿਆਸਤਦਾਨਾਂ ਨੂੰ ਇਸ ਉੱਤੇ ਸਿਆਸਤ ਕਰਨ ਤੋਂ ਬਾਜ ਆਉਣਾ ਚਾਹੀਦਾ ਹੈ। ਤਾਂ ਇਸ ਸਿਲਸਿਲੇ ਉੱਤੇ ਠੱਲ੍ਹ ਪੈ ਸਕਦੀ ਹੈ।

**ਸੁਖਜਿੰਦਰ ਸਮਰਾ**
ਮੋ. 95835-92000


**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। - ਸੰਪਾਦਕ

# ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਮੋਦੀ ਸਰਕਾਰ ਦਾ ਗੈਰ-ਲੋਕਤੰਤਰੀ ਵਰਤਾਰਾ



**ਗੁਰਮੀਤ ਸਿੰਘ ਪਲਾਹੀ**

ਮੋਦੀ ਸਰਕਾਰ ਨੇ ਜਿਸ ਗੈਰ-ਲੋਕਤੰਤਰੀ ਢੰਗ ਤਰੀਕੇ ਨਾਲ ਸੂਬਿਆਂ ਦੀਆਂ ਸਰਕਾਰਾਂ ਦੀ ਸੰਘੀ ਘੁੱਟਕੇ ਤਿੰਨ ਕਾਲੇ ਕਾਨੂੰਨਾਂ ਦਾ ਆਰਡੀਨੈਂਸ ਕੋਵਿਡ ਮਹਾਂਮਾਰੀ ਦੇ ਦਿਨਾਂ 'ਚ ਲਿਆਂਦਾ, ਫਿਰ ਧੱਕੇ ਨਾਲ ਬਿੱਲ ਪਾਰਲੀਮੈਂਟ ਦੇ ਦੋਹਾਂ ਘਰਾਂ ਵਿੱਚ ਬਿਨ੍ਹਾਂ ਬਹਿਸ ਪਾਸ ਕਰਵਾਏ, ਦਿਨਾਂ 'ਚ ਹੀ ਰਾਸ਼ਟਰਪਤੀ ਤੋਂ ਮੋਹਰ ਲੁਆਕੇ ਕਾਨੂੰਨ ਬਣਾਏ, ਉਸੇ ਡਿਕਟੇਟਰਾਨਾ ਢੰਗ ਨਾਲ ਆਪਣੇ ਸੁਭਾਅ ਮੁਤਾਬਕ ਇਹ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਿਸ ਲੈ ਲਏ ਹਨ, ਵਿਰੋਧੀ ਧਿਰ ਨੂੰ ਬਹਿਸ ਦਾ ਮੌਕਾ ਹੀ ਨਹੀਂ ਦਿੱਤਾ। ਵਿਰੋਧੀ ਧਿਰ ਦੇ ਰੌਲੇ-ਰੱਪੇ ਨੂੰ ਠੱਲਣ ਲਈ 12 ਰਾਜ ਸਭਾ ਮੈਂਬਰ ਸਭਾ 'ਚੋ ਮੁਅੱਤਲ ਕਰ ਦਿੱਤੇ ਗਏ।

**ਗੈਰ-ਲੋਕਤੰਤਰੀ ਵਰਤਾਰਾ-** ਅਸਲ ਵਿੱਚ ਤਾਂ 2014 ਤੋਂ 2021 ਤੱਕ ਜਿੰਨੇ ਵੀ ਬਿੱਲ ਪਾਰਲੀਮੈਂਟ ਵਿੱਚ ਲਿਆਂਦੇ ਗਏ, ਲਗਭਗ 95 ਫ਼ੀਸਦੀ ਬਿਨ੍ਹਾਂ ਕਿਸੇ ਬਹਿਸ, ਬਿਨ੍ਹਾਂ ਪਾਰਲੀਮਾਨੀ ਕਮੇਟੀਆਂ ਦੇ ਵੇਖਣ-ਪਰਖਣ ਤੋਂ ਕਾਨੂੰਨ ਬਣਾ ਦਿੱਤੇ ਗਏ। ਇੱਕ ਸੁਫ਼ਨੇ ਵਾਂਗਰ ਦੇਸ਼ ਦੇ ਬਾਦਸ਼ਾਹ" ਨੇ ਨੋਟਬੰਦੀ ਕੀਤੀ, ਦੇਸ਼ ਦੀ ਆਰਥਿਕਤਾ ਦਾ ਬੇੜਾ ਗਰਕ ਕੀਤਾ। 'ਇੱਕ ਦੇਸ਼ ਇੱਕ ਟੈਕਸ' ਦੀ ਬਾਤ ਪਾਉਂਦਿਆਂ ਜੀ.ਐਸ.ਟੀ. ਰਾਤੋ-ਰਾਤ ਲਿਆਕੇ ਵਪਾਰੀਆਂ ਦਾ ਗਲ ਘੁੱਟਿਆ, ਇਸ ਕਾਨੂੰਨ ਵਿੱਚ ਬਾਅਦ 'ਚ 150 ਸੋਧਾਂ ਕਰਨੀਆਂ ਪਈਆਂ। ਸੰਵਿਧਾਨ ਦੀ 370 ਧਾਰਾ ਖਤਮ ਕਰਕੇ ਕਸ਼ਮੀਰੀ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ। ਜੰਮੂ- ਕਸ਼ਮੀਰ ਦੇ ਟੋਟੇ-ਟੋਟੇ ਕਰਕੇ ਇੱਕ ਵੱਖਰਾ ਸੰਦੇਸ਼ ਦਿੱਤਾ ਕਿ ਹਾਕਮਾਨਾ ਢੰਗ ਨਾਲ ਇਹ ਸਰਕਾਰ ਕਿਸੇ 'ਤੇ ਵੀ ਜ਼ੁਲਮ-ਜਬਰ ਢਾਅ ਸਕਦੀ ਹੈ ਅਤੇ ਇਹ ਵੀ ਕਿ ਹਿੰਦੋਸਤਾਨ ਵਿੱਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ। ਕੀ ਕਹਿੰਦਾ ਹੈ ਭਾਰਤੀ ਸੰਵਿਧਾਨ ? ਭਾਰਤੀ ਸੰਵਿਧਾਨ ਅਨੁਸਾਰ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ। ਸੰਵਿਧਾਨ ਦੇ ਆਰਟੀਕਲ 246 ਦੀ ਧਾਰਾ 14 ਅਨੁਸਾਰ ਖੇਤੀਬਾੜੀ ਸਬੰਧੀ ਕਾਨੂੰਨ ਬਨਾਉਣਾ ਸੂਬਿਆਂ ਦਾ ਅਧਿਕਾਰ ਹੈ ਪਰ ਕੇਂਦਰ ਸਰਕਾਰ ਨੇ ਧੱਕੇ ਨਾਲ ਸੂਬਿਆਂ ਦੇ ਹੱਕਾਂ ਦਾ ਹਨਨ ਕਰਕੇ, ਉਹਨਾ ਦੇ ਹੱਕਾਂ 'ਤੇ ਡਾਕਾ ਮਾਰਕੇ ਪਾਰਲੀਮੈਂਟ 'ਚ ਬਿੱਲ ਲਿਆਕੇ ਖੇਤੀ ਕਾਨੂੰਨ ਪਾਸ ਕਰਵਾ ਲਏ। ਭਾਰਤੀ ਸੰਵਿਧਾਨ ਦੇ ਆਰਟੀਕਲ 246 ਅਨੁਸਾਰ ਕਾਨੂੰਨ ਬਨਾਉਣ ਲਈ ਕੇਂਦਰੀ ਲਿਸਟ, ਸੂਬਿਆਂ ਦੀ ਲਿਸਟ ਅਤੇ ਤੀਸਰੀ ਸੂਬਿਆਂ ਅਤੇ ਕੇਂਦਰ ਦੀ ਸਾਂਝੀ ਕਾਨਕਰੰਟ ਲਿਸਟ ਤਹਿ ਕੀਤੀ ਗਈ ਹੈ। ਇਹਨਾ ਤਿੰਨਾਂ ਲਿਸਟਾਂ ਵਿੱਚ ਖੇਤੀਬਾੜੀ ਦਾ ਜ਼ਿਕਰ ਸ਼ਡਿਊਲਡ 7 ਅਧੀਨ 12 ਵੇਰ ਕੀਤਾ ਗਿਆ ਹੈ। ਪਰ ਪਾਰਲੀਮੈਂਟ ਦੀ ਧਾਰਾ 245, 246 ਅਨੁਸਾਰ ਪਾਰਲੀਮੈਂਟ ਨੂੰ ਖੇਤੀ ਖੇਤਰ, ਖੇਤੀਬਾੜੀ ਸਬੰਧੀ ਕਾਨੂੰਨ ਵਿਵਸਥਾ ਦਾ ਕੋਈ ਹੱਕ ਨਹੀਂ ਹੈ।

**ਪਾਰਲੀਮੈਂਟ 'ਚ ਬਹਿਸ ਤੋਂ ਭੱਜੀ ਸਰਕਾਰ** - 'ਚਿੜੀਓ ਜੀ ਪਓ, ਚਿੜੀਓ ਮਰ ਜਾਓ' ਦਾ ਵਰਤਾਰਾ ਮੋਦੀ ਸਰਕਾਰ ਨੇ ਸਿਰਫ਼ ਖੇਤੀ ਕਾਨੂੰਨ ਕਾਹਲੀ ਨਾਲ ਪਾਸ ਕਰਨ ਤੇ ਰੱਦ ਕਰਨ ਸਬੰਧੀ ਹੀ ਨਹੀਂ ਕੀਤਾ ਸਗੋਂ ਹੋਰ ਮਾਮਲਿਆਂ ਅਤੇ ਦੇਸ਼ ਦੀਆਂ ਖ਼ੁਦਮੁਖਤਿਆਰ ਸੰਸਥਾਵਾਂ ਦਾ ਗਲ ਘੁੱਟ ਕੇ ਉਹਨਾ ਨੂੰ ਆਪਣੇ ਤੋਤੇ ਦਾ ਪਿੰਜਰਾ ਬਣਾ ਕੇ ਵੀ ਕੀਤਾ ਹੈ। ਹੁਣ ਵੀ ਭਾਵੇਂ ਪ੍ਰਧਾਨ ਮੰਤਰੀ ਨੇ ਦੇਸ਼ ਦੇ ਕਿਸਾਨਾਂ ਤੋਂ ਮੁਆਫ਼ੀ ਮੰਗੀ ਹੈ ਪਰ ਉਸ ਦੇ ਇਹ ਸ਼ਬਦ ਕਿ ਉਹਨਾ ਨੇ ਤਾਂ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਲਾਗੂ ਕੀਤੇ ਸਨ, ਜਿਸਨੂੰ ਕੁਝ ਕਿਸਾਨਾਂ ਪ੍ਰਵਾਨ ਨਹੀਂ ਕੀਤਾ। ਉਸਦੇ ਖੇਤੀ ਮੰਤਰੀ ਨੇ ਪਾਰਲੀਮੈਂਟ ਦੇ ਵਿੱਚ ਖੇਤੀ ਕਾਨੂੰਨਾਂ 'ਤੇ ਬਹਿਸ ਹੀ ਨਹੀਂ ਹੋਣ ਦਿੱਤੀ, ਕਿਉਂਕਿ ਉਥੇ ਇਹ ਮਸਲਾ ਉਠਣਾ ਸੀ ਕਿ ਇੱਕ ਸਾਲ ਦੇ ਸਮੇਂ ਦੇ ਕਿਸਾਨ ਸੰਘਰਸ਼ ਦੌਰਾਨ ਲਗਭਗ 700 ਸ਼ਹੀਦ ਹੋਏ ਕਿਸਾਨਾਂ ਦਾ ਜ਼ੁੰਮੇਵਾਰ ਕੌਣ ਹੈ ?ਹੈਰਾਨੀ ਦੀ ਗੱਲ ਹੈ ਕਿ ਦੇਸ਼ ਦਾ ਖੇਤੀ ਮੰਤਰੀ ਦੇਸ਼ ਦੀ ਪਾਰਲੀਮੈਂਟ ਵਿੱਚ ਐਲਾਨ ਕਰਦਾ ਹੈ ਕਿ ਸਰਕਾਰ ਕੋਲ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਸਬੰਧੀ ਅੰਕੜੇ ਹੀ ਨਹੀਂ ਹਨ। ਇਸ ਸਮੇਂ ਦੌਰਾਨ ਜੋ ਸਰਕਾਰੀ ਸਾਜ਼ਿਸ਼ਾਂ ਇਸ ਅੰਦੋਲਨ ਨੂੰ ਖ਼ਤਮ ਕਰਨ ਲਈ ਹੋਈਆਂ, ਪੰਜਾਬ, ਹਰਿਆਣਾ, ਯੂ.ਪੀ. ਦੀ ਆਰਥਿਕਤਾ ਦਾ ਜੋ ਉਜਾੜਾ ਇਸ ਅੰਦੋਲਨ ਕਾਰਨ ਹੋਇਆ ਅਤੇ ਜਿਸ ਕਿਸਮ ਦਾ ਅਣ-ਮਨੁੱਖੀ ਵਰਤਾਰਾ ਅਤੇ ਜ਼ਿੱਦੀ ਵਤੀਰਾ ਅੰਦੋਲਨ ਦੌਰਾਨ ਸਰਕਾਰ ਵਲੋਂ ਅਪਨਾਇਆ ਗਿਆ ਉਸ ਲਈ ਸਰਕਾਰ ਨੂੰ ਕਟਹਿਰੇ ਵਿੱਚ ਖੜੇ ਹੋਣਾ ਪੈਣਾ ਸੀ। ਦੇਸ਼ ਦੇ ਵੱਡੀ ਗਿਣਤੀ ਕਿਸਾਨ ਸਿੰਘੂ ਅਤੇ ਟਿਕਰੀ ਅਤੇ ਹੋਰ ਬਾਰਡਰਾਂ 'ਤੇ ਜਿਵੇਂ ਖੁਲ੍ਹੀ ਜੇਲ੍ਹ ਵਿੱਚ ਡੱਕ ਦਿੱਤੇ ਗਏ ਸਨ, ਉਹ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਸੀ, ਜਿਸਦੀ ਚਰਚਾ ਅੰਤਰਰਾਸ਼ਟਰੀ ਪੱਧਰ 'ਤੇ ਵੀ ਹੋਈ ਅਤੇ ਕਈ ਦੇਸ਼ਾਂ ਦੀਆਂ ਪਾਰਲੀਮੈਂਟਾਂ ਅਤੇ ਯੂ.ਐਨ.ਓ. 'ਚ ਵੀ ਹੋਈ। ਅੰਦੋਲਨ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਵਿਰੁੱਧ ਕੇਸ ਦਰਜ਼ ਕੀਤੇ ਗਏ,ਜਿਸਦੀ ਸਰਕਾਰ ਨੇ ਕਦੇ ਪ੍ਰਵਾਹ ਨਹੀਂ ਕੀਤੀ ਪਰ ਅੰਤ ਵਿੱਚ ਵੋਟਾਂ ਦੀ ਰਾਜਨੀਤੀ ਕਰਦਿਆਂ ਬਹੁਤ ਹੀ ਕਲਿਹਣੇ ਅਤੇ ਸ਼ਾਤਰ ਢੰਗ ਨਾਲ ਮੋਦੀ ਸਰਕਾਰ ਨੇ ਪੰਜਾਬ, ਯੂ.ਪੀ. ਦੀਆਂ ਚੋਣਾਂ ਜਿੱਤਣ ਲਈ ਇਸ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਨੂੰ ਵਰਤਣ ਦਾ ਯਤਨ ਕੀਤਾ ਹੈ, ਉਹ ਸ਼ਰਮਨਾਕ ਹੈ।

**ਕਾਰਪੋਰੇਟਾਂ ਹੱਥ ਕੁੰਜੀ-** ਦੇਸ਼ ਦੇ ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਅਤੇ ਕਿਸਾਨਾਂ ਨੂੰ ਜ਼ਮੀਨੋਂ ਨਿਹੱਥੇ ਕਰਨ ਦੀਆਂ ਸਾਜ਼ਿਸ਼ਾਂ ਚਿਰਾਂ ਤੋਂ ਹੀ ਮੌਜੂਦਾ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਹਨ। ਬੀਜ-ਬਿੱਲ 2019, ਖੇਤੀ ਦੀ ਬੁਨਿਆਦ ਬੀਜਾਂ ਉਤੇ, ਕਾਰਪੋਰੇਟ ਦਾ ਏਕਾਧਿਕਾਰ ਸਾਧਿਆ ਗਿਆ ਹੈ, ਜਿਸ ਨਾਲ ਕਿਸਾਨਾਂ ਦੇ ਅਧਿਕਾਰ ਕਮਜ਼ੋਰ ਹੋਏ ਹਨ ਅਤੇ ਕਾਰਪੋਰੇਟ ਦਾ ਕੰਟਰੋਲ ਬੀਜਾਂ ਉਤੇ ਵਧਿਆ ਹੈ। ਚਾਰ ਮੁੱਖ ਐਗਰੋ ਕੈਮੀਕਲ ਕਾਰਪੋਰੇਸ਼ਨਾਂ ਦਾ ਬੀਜਾਂ 'ਤੇ ਕਬਜ਼ਾ ਕਰਵਾ ਦਿੱਤਾ ਗਿਆ ਹੈ। ਵੱਡੀਆਂ ਕੈਮੀਕਲ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਖ਼ਰੀਦ ਕੇ ਆਪਣੇ ਅੰਦਰ ਜਜ਼ਬ ਕਰ ਲਿਆ ਹੈ। ਕਾਰਪੋਰੇਸ਼ਨ ਕੰਪਨੀਆਂ ਦਾ ਕੰਟਰੋਲ ਵਧਣ ਨਾਲ ਬੀਜਾਂ ਦੀਆਂ ਕੀਮਤਾਂ ਅਸਮਾਨੇ ਛੋਹ ਗਈਆਂ ਹਨ ਅਤੇ ਉਹਨਾ ਜੈਵ ਵੰਨ-ਸੁਵੰਨਤਾ ਅਤੇ ਕਿਸਾਨਾਂ ਦੀ ਬੀਜ ਸੰਪੂਰਣਤਾ ਤਬਾਹ ਕਰ ਦਿੱਤੀ ਹੈ। ਕਿਸਾਨਾਂ ਨੂੰ ਹਰ ਸੀਜ਼ਨ ਵਿੱਚ ਮਹਿੰਗੇ ਬੀਜ ਖਰੀਦਣੇ ਪੈਂਦੇ ਹਨ। ਇੰਜ ਖੇਤੀ ਨਿੱਤ ਮਹਿੰਗੀ ਹੋਣਾ ਕਿਸਾਨਾਂ ਦੀ ਆਰਥਿਕਤਾ 'ਚ ਨਿਘਾਰ ਦਾ ਵਿਸ਼ੇਸ਼ ਕਾਰਨ ਬਣਿਆ ਹੈ।

**ਆਰਥਿਕਤਾ 'ਚ ਨਿਘਾਰ-** ਇੱਕ ਸਰਵੇਖਣ ਦੇਸ਼ ਦੇ ਕਿਸਾਨਾਂ ਦੀ ਨਿੱਘਰ ਰਹੀ ਆਰਥਿਕਤਾ ਨੂੰ ਉਜਾਗਰ ਕਰਦਾ ਹੈ ਅਤੇ ਦਰਸਾਉਂਦਾ ਹੈ ਕਿ

(ੳ) ਫ਼ਸਲਾਂ ਦੀ ਉਤਪਾਦਕਤਾ ਵਿੱਚ ਤਕਰੀਬਨ ਖੜੋਤ ਅਤੇ ਜਿਣਸਾਂ ਦੇ ਅਣਲਾਹੇਬੰਦ ਭਾਅ ਕਾਰਨ ਖੇਤੀ ਦੀ ਵਿਵਹਾਰਕਤਾ ਖ਼ਤਮ ਹੋ ਰਹੀ ਹੈ।

(ਅ) ਛੋਟੇ ਕਿਸਾਨ ਆਪਣੀ ਜ਼ਮੀਨ ਠੇਕੇ ਤੇ ਦੇ ਰਹੇ ਹਨ ਅਤੇ ਖੇਤ ਮਜ਼ਦੂਰਾਂ ਵਿੱਚ ਤਬਦੀਲ ਹੋ ਰਹੇ ਹਨ।

(ੲ) ਪਸ਼ੂ ਪਾਲਣ ਅਤੇ ਗੈਰ-ਖੇਤੀ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਕਮਾਈ ਦੇ ਸਾਧਨਾਂ ਵਿੱਚ ਵਿਭਿੰਨਤਾ ਲਿਆਉਣ ਦੇ ਯਤਨਾਂ ਦੀ ਸਫ਼ਲਤਾ ਸੀਮਤ ਰਹੀ ਹੈ।

(ਸ) ਛੋਟੇ ਜ਼ਿੰਮੀਦਾਰਾਂ ਨੂੰ ਸੰਸਥਾਗਤ ਕ੍ਰੈਡਿਟ ਪ੍ਰਵਾਹ ਘੱਟ ਗਿਆ ਹੈ।

ਰਿਪੋਰਟ ਨੇ ਸੁਝਾਅ ਦਿੱਤਾ ਹੈ ਕਿ ਸਰਕਾਰ ਨੂੰ ਹੁਣ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਬਿਆਨਬਾਜੀ ਨੂੰ ਪਾਸੇ ਰੱਖਕੇ ਫ਼ਸਲਾਂ ਦੀ ਉਤਪਾਦਕਤਾ, ਲਾਹੇਬੰਦ ਭਾਅ ਅਤੇ ਖੇਤੀ ਦੀ ਵਿਵਹਾਰਕਤਾ ਨੂੰ ਸੁਧਾਰਨ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਅਤੇ ਇਹ ਵੀ ਕਿ ਇਕੱਤਰ ਅੰਕੜਿਆਂ ਦੇ ਅਧਾਰ 'ਤੇ ਸਰਕਾਰ ਨੂੰ ਸਥਾਨ ਵਿਸ਼ੇਸ਼ ਅਤੇ ਛੋਟੇ ਅਤੇ ਸੀਮਾਂਤ ਕਿਸਾਨ ਵਿਸ਼ੇਸ਼ ਨੀਤੀਆਂ ਬਨਾਉਣ ਦੀ ਲੋੜ ਹੈ। ਲੋੜ ਇਸ ਗੱਲ ਦੀ ਵੀ ਹੈ ਕਿ ਛੋਟੀਆਂ ਜੋਤਾਂ ਦੀ ਖੇਤੀ ਨੂੰ ਲਾਹੇਬੰਦ ਕਿਵੇਂ ਬਣਾਇਆ ਜਾਵੇ ? ਇਹ ਵੀ ਵੇਖਿਆ ਜਾਵੇ ਕਿ ਵਿਸ਼ਵ ਵਪਾਰ ਸੰਗਠਨ ਅਧੀਨ ਪ੍ਰਤੀਬੱਧਤਾਵਾਂ ਦੀ ਉਲੰਘਣਾ ਕੀਤੇ ਬਗੈਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਕਿਵੇਂ ਦਿੱਤੀ ਜਾ ਸਕਦੀ ਹੈ ? ਤੇ ਕਿਵੇਂ ਡਾ: ਐਸ.ਐਸ, ਸਵਾਮੀਨਾਥਨ ਦੀ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀ ਰਿਪੋਰਟ ਲਾਗੂ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਰਿਵਾਇਤੀ ਖੇਤੀ ਦੇ ਗਿਆਨ ਅਤੇ ਉਪਲੱਬਧ ਜੈਵਿਕ ਵੰਨ-ਸੁਵੰਨਤਾ ਦਾ ਇਸਤੇਮਾਲ ਕਰਕੇ, ਖੇਤੀ ਦੇ ਉਤਪਾਦਕ ਢਾਂਚੇ 'ਚ ਕਿਵੇਂ ਵਾਧਾ ਕੀਤਾ ਜਾ ਸਕਦਾ ਹੈ ਤੇ ਕਿਹੜੇ ਢੰਗ ਤਰੀਕੇ ਅਪਨਾਏ ਜਾ ਸਕਦੇ ਹਨ, ਜੋ ਵਾਤਾਵਰਨ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ।

**ਸਰਕਾਰ ਦੀ ਧੱਕੇਸ਼ਾਹੀ** - ਪਰ ਇਹਨਾ ਸਾਰੀਆਂ ਸੰਭਾਵਨਾਵਾਂ ਤੇ ਰਿਪੋਰਟਾਂ ਨੂੰ ਅੱਖੋਂ-ਪਰੋਖੇ ਕਰਦਿਆਂ ਮੋਦੀ ਸਰਕਾਰ ਨੇ ਜ਼ਿੱਦੀ ਅਤੇ ਅੱਖੜ ਰਵੱਈਆ ਅਖ਼ਤਿਆਰ ਕਰਦਿਆਂ, ਵਿਸ਼ਵ ਵਪਾਰ ਸੰਗਠਨ ਅਧੀਨ ਪ੍ਰਤੀਬੱਧਤਾਵਾਂ ਦੀ ਉਲੰਘਣਾ ਦੇ ਡਰੋਂ ਕਾਰਪੋਰੇਟ ਸੈਕਟਰ ਦਾ ਹੱਥ ਠੋਕਾ ਬਣਕੇ ਤਿੰਨ ਖੇਤੀ ਕਾਲੇ ਕਾਨੂੰਨ ਜਿਹਨਾ ਵਿੱਚ ਪਹਿਲਾ ਖੇਤੀ ਉਪਜ ਵਪਾਰ ਅਤੇ ਵਣਜ ਅਧਿਨਿਯਮ-2020 (The Farmers' Produce Trade and Commerce (Promotion and Facilitation) Act, 2020 ਦੂਸਰਾ ਖੇਤੀ (ਸਸ਼ਕਤੀਕਰਨ ਅਤੇ ਸੰਰਕਸ਼ਨ) ਕੀਮਤ ਆਸ਼ਵਾਸ਼ਨ ਅਤੇ ਖੇਤੀ ਸੇਵਾ ਉਤੇ ਕਰਾਰ ਅਧਿਨਿਯਮ 2020 (The Farmers Empowerment and Protection Agreement on Price Assurance and Farm services Act ,2020 ) ਅਤੇ ਤੀਜਾ ਜ਼ਰੂਰੀ ਵਸਤਾ ਸੰਸ਼ੋਧਨ ਅਧਿਨਿਯਮ 2020 (The Essential Commodities (Amendment) Act, 2020) ਸ਼ਾਮਲ ਸਨ, ਖੇਤੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਨਾ ਹੁੰਦਿਆਂ ਵੀ ਪਾਸ ਕਰ ਦਿੱਤੇ।

ਖੇਤੀ ਉਪਜ ਵਪਾਰ ਅਤੇ ਵਣਜ ਅਧਿਨਿਯਮ 2020 ਦੇ ਤਹਿਤ ਦੇਸ਼ ਦੇ ਕਿਸਾਨਾਂ ਨੂੰ ਉਹਨਾ ਦੀ ਉਪਜ ਵੇਚਣ ਦੇ ਲਈ ਅਧਿਕ ਵਿਕਲੱਪ ਮੁਹੱਈਆ ਕਰਾਉਣਾ ਮੁੱਖ ਉਦੇਸ਼ ਸੀ, ਇਹ ਕਾਨੂੰਨ ਦੇਸ਼ ਦੇ ਕਿਸਾਨਾਂ ਨੂੰ ਅੱਛੀ ਕੀਮਤ ਉਤੇ ਆਪਣੀ ਫ਼ਸਲ ਵੇਚਣ ਦੀ ਆਜ਼ਾਦੀ ਦਿੰਦੀ ਹੈ, ਇਸ ਤੋਂ ਬਿਨ੍ਹਾਂ ਇਹ, ਸੂਬਾ ਸਰਕਾਰਾਂ ਨੂੰ ਮੰਡੀ ਤੋਂ ਬਾਹਰ ਹੋਣ ਵਾਲੀ ਉਪਜ ਦੀ ਖ਼ਰੀਦੋ-ਫ਼ਰੋਖਤ ਉਤੇ ਟੈਕਸ ਵਸੂਲਣ ਤੋਂ ਰੋਕ ਲਗਾਉਂਦਾ ਸੀ। ਇਸ ਕਾਨੂੰਨ ਦੇ ਤਹਿਤ ਕਿਸਾਨ ਆਪਣੀ ਫ਼ਸਲ ਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਕਿਸੇ ਵੀ ਵਿਅਕਤੀ, ਦੁਕਾਨਦਾਰ ਸੰਸਥਾ ਆਦਿ ਨੂੰ ਵੇਚ ਸਕਦੇ ਹਨ, ਇੰਨਾ ਹੀ ਨਹੀਂ, ਕਿਸਾਨ ਆਪਣੀ ਉਪਜ ਦੀ ਕੀਮਤ ਵੀ ਖ਼ੁਦ ਤਹਿ ਕਰ ਸਕਦੇ ਹਨ।

ਖੇਤੀ(ਸਸ਼ਕਤੀਕਰਨ ਅਤੇ ਸੰਰਕਸ਼ਣ) ਕੀਮਤ ਆਸ਼ਵਾਸ਼ਨ ਅਤੇ ਖੇਤੀ ਸੇਵਾ ਉਤੇ ਕਰਾਰ ਅਧਿਨਿਯਮ ਦੇ ਤਹਿਤ ਦੇਸ਼ ਭਰ ਦੇ ਕਿਸਾਨ ਬਿਜਾਈ ਤੋਂ ਪਹਿਲਾਂ ਹੀ ਤਹਿ ਮਾਣਕਾਂ ਅਤੇ ਤਹਿ ਕੀਮਤ ਦੇ ਹਿਸਾਬ ਵਿੱਚ ਆਪਣੀ ਫ਼ਸਲ ਵੇਚ ਸਕਦੇ ਸਨ, ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਇਹ ਕਾਨੂੰਨ ਕਾਰਪੋਰੇਟ ਫਾਰਮਿੰਗ ਨਾਲ ਜੁੜਿਆ ਹੈ। ਇਸ ਕਾਨੂੰਨ ਨੂੰ ਲੈ ਕੇ ਸਰਕਾਰ ਦਾ ਕਹਿਣਾ ਹੈ ਕਿ ਇਸਦੇ ਜ਼ਰੀਏ ਕਿਸਾਨਾਂ ਨੂੰ ਨੁਕਸਾਨ ਦਾ ਜ਼ੋਖ਼ਮ ਘੱਟ ਹੋਏਗਾ। ਇਸ ਤੋਂ ਬਿਨ੍ਹਾਂ ਉਹਨਾ ਨੂੰ ਫ਼ਸਲ ਤਿਆਰ ਹੋਣ ਤੋਂ ਬਾਅਦ ਖ਼ਰੀਦਦਾਰਾਂ ਨੂੰ ਥਾਂ-ਥਾਂ ਜਾਕੇ ਲੱਭਣ ਦੀ ਵੀ ਲੋੜ ਨਹੀਂ ਹੋਏਗੀ, ਇੰਨਾ ਹੀ ਨਹੀਂ, ਇਸਦੇ ਜ਼ਰੀਏ ਦੇਸ਼ ਦਾ ਕਿਸਾਨ ਬਰਾਬਰੀ ਦੇ ਅਧਾਰ ਉਤੇ ਨਾ ਸਿਰਫ਼ ਖ਼ਰੀਦਦਾਰ ਲੱਭਣ ਦੇ ਸਮਰੱਥ ਹੋਏਗਾ ਬਲਕਿ ਉਸਦੀ ਪਹੁੰਚ ਵੱਡੇ ਕਾਰੋਬਾਰੀਆਂ ਅਤੇ ਨਿਰਯਾਤਕਾਂ ਤੱਕ ਵੱਧ ਜਾਏਗੀ। ਜ਼ਰੂਰੀ ਵਸਤਾਂ ਸੰਸ਼ੋਧਨ ਬਿੱਲ 2020 ਫ਼ਸਲਾਂ ਦੇ ਭੰਡਾਰਣ ਅਤੇ ਫਿਰ ਉਸਦੀ ਕਾਲਾ ਬਜ਼ਾਰੀ ਨੂੰ ਰੋਕਣ ਲਈ ਸਰਕਾਰ ਨੇ ਪਹਿਲਾਂ Essential Commodity Act, 1955 ਬਣਾਇਆ ਸੀ, ਇਸਦੇ ਤਹਿਤ ਵਪਾਰੀ ਇੱਕ ਸੀਮਤ ਮਾਤਰਾ ਵਿੱਚ ਹੀ ਕਿਸੇ ਵੀ ਖੇਤੀ ਉਪਜ ਦਾ ਭੰਡਾਰਣ ਕਰ ਸਕਦੇ ਸਨ, ਉਹ ਤੈਹ ਕੀਤੀ ਸੀਮਾ ਤੋਂ ਵੱਧਕੇ ਕਿਸੇ ਵੀ ਫ਼ਸਲ ਦਾ ਸਟਾਕ ਨਹੀਂ ਰੱਖ ਸਕਦੇ ਸਨ। ਨਵੇਂ ਖੇਤੀ ਕਾਨੂੰਨਾਂ ਵਿੱਚ ਜ਼ਰੂਰੀ ਵਸਤਾਂ ਸੰਸ਼ੋਧਨ ਅਧਿਨਿਯਮ-2020 ਦੇ ਤਹਿਤ ਅਨਾਜ਼ , ਦਾਲਾਂ, ਤਿਲਹਨ, ਖਾਣ ਵਾਲੇ ਤੇਲ, ਪਿਆਜ਼ ਅਤੇ ਆਲੂ ਜਿਹੀਆਂ ਕਈ ਫ਼ਸਲਾਂ ਨੂੰ ਜ਼ਰੂਰੀ ਵਸਤੂਆਂ ਦੀ ਲਿਸਟ ਤੋਂ ਬਾਹਰ ਕਰ ਦਿੱਤਾ ਗਿਆ। ਸਰਕਾਰ ਨੇ ਕਿਹਾ ਹੈ ਕਿ ਰਾਸ਼ਟਰੀ ਆਪਦਾ, ਅਕਾਲ ਜਾਂ ਇਹੋ ਜਿਹੀ ਕਿਸੇ ਵੀ ਉਲਟ ਹਾਲਤ ਦੇ ਦੌਰਾਨ ਉਹਨਾ ਵਸਤੂਆਂ ਦੇ ਭੰਡਾਰਣ ਉਤੇ ਕੋਈ ਸੀਮਾ ਨਹੀਂ ਲੱਗੇਗੀ।

**ਕਾਨੂੰਨਾਂ ਦੇ ਸਮਾਜ 'ਤੇ ਪ੍ਰਭਾਵ-** ਇਹਨਾ ਖੇਤੀ ਕਾਨੂੰਨਾਂ ਦੀ ਸਮੱਸਿਆ ਸਿਰਫ਼ ਕਿਸਾਨਾਂ ਦੀ ਨਹੀਂ ਸੀ। ਸਗੋਂ ਇਹ ਸਧਾਰਨ ਜਨ-ਮਾਨਸ ਉਤੇ ਵੀ ਪ੍ਰਭਾਵ ਪਾਉਣ ਵਾਲੇ ਸਨ ਅਤੇ ਉਹਨਾ ਲਈ ਵੱਡੀ ਚਣੌਤੀ ਸਨ। ਪਹਿਲਾ ਕਨੂੰਨ,(ਖੇਤੀ ਉਪਜ ਵਪਾਰ ਅਤੇ ਵਣਜ ਕਾਨੂੰਨ 2020) ਨੇੜੇ ਭਵੀੱਖ ਵਿੱਚ ਸਰਕਾਰੀ ਖੇਤੀ ਮੰਡੀਆਂ ਦੀ ਪ੍ਰਸੰਗਿਕਤਾ ਨੂੰ ਸਿਫ਼ਰ ਕਰਨ ਵਾਲਾ ਸੀ। ਸਰਕਾਰ ਨਿੱਜੀ ਖੇਤਰ ਨੂੰ ਬਿਨ੍ਹਾਂ ਕਿਸੇ ਰਜਿਸਟ੍ਰੇਸ਼ਨ ਅਤੇ ਬਿਨ੍ਹਾਂ ਕਿਸੇ ਜਵਾਬਦੇਹੀ ਦੇ ਖੇਤੀ ਉਪਜ ਦੀ ਖ਼ਰੀਦੋ-ਫ਼ਰੋਖਤ ਦੀ ਖੁਲ੍ਹੀ ਛੁੱਟੀ ਦੇ ਰਹੀ ਸੀ, ਇਸ ਕਾਨੂੰਨ ਦੀ ਆੜ ਵਿੱਚ ਸਰਕਾਰ ਨੇੜੇ ਭਵਿੱਖ ਵਿੱਚ ਖ਼ੁਦ ਜ਼ਿਆਦਾ ਅਨਾਜ਼ ਦਾ ਖ਼ਰੀਦਣ ਦੀ ਯੋਜਨਾ ਉਤੇ ਕੰਮ ਕਰ ਰਹੀ ਸੀ, ਸਰਕਾਰ ਚਾਹੁੰਦੀ ਸੀ ਕਿ ਜ਼ਿਆਦਾ ਤੋਂ ਜ਼ਿਆਦਾ ਖੇਤੀ ਉਪਜ ਦੀ ਖ਼ਰੀਦਦਾਰੀ ਨਿੱਜੀ ਖੇਤਰ ਹੱਥ ਹੋਵੇ ਤਾਂ ਕਿ ਇਹ ਆਪਣੇ ਭੰਡਾਰਣ ਅਤੇ ਵੰਡ ਪ੍ਰਣਾਲੀ ਦੀ ਜਵਾਬਦੇਹੀ ਤੋਂ ਬਣ ਸਕੇ। ਜ਼ਰਾ ਸੋਚੋ ਕਿ ਜੇਕਰ ਨੇੜ ਭਵਿੱਖ ਵਿੱਚ ਕੋਈ ਕਰੋਨਾ ਜਿਹੀ ਮਹਾਂਮਾਰੀ ਅਤੇ ਇਹੋ ਜਿਹੇ ਕਿਸੇ ਹੋਰ ਆਪਦਾ ਦੀ ਸਥਿਤੀ ਦਾ ਸਾਹਮਣਾ ਕਰਨਾ ਪਵੇ ਤਾਂ ਉਸ ਦੌਰਾਨ ਸਰਕਾਰ ਖ਼ੁਦ ਲੋਕਾਂ ਨੂੰ ਬੁਨਿਆਦੀ ਖਾਣ ਵਾਲੀ ਸਮੱਗਰੀ ਉਪਲੱਬਧ ਕਰਾਉਣ ਲਈ ਨਿੱਜੀ ਖੇਤਰ ਤੋਂ ਖਰੀਦਦਾਰੀ ਕਰੇਗੀ, ਹਾਲਾਂਕਿ ਹੁਣ ਆਪਣੇ ਵੱਡੇ ਐਫ.ਸੀ.ਆਈ. ਗੋਦਾਮ ਤੋਂ ਲੋਕਾਂ ਨੂੰ ਮੁਫ਼ਤ ਵਿੱਚ ਉਪਲੱਬਧ ਕਰਾਇਆ ਜਾ ਰਿਹਾ ਹੈ। ਇਸਦੇ ਨਾਲ ਹੀ ਸਰਕਾਰੀ ਖੇਤੀ ਮੰਡੀਆਂ ਦੇ ਸਮਾਨੰਤਰ ਅਨਾਜ਼ ਸ਼ਰਤਾਂ ਉਤੇ ਖੜਾ ਕੀਤਾ ਜਾਣ ਵਾਲਾ ਨਵਾਂ ਬਜ਼ਾਰ ਉਸਦੀ ਪ੍ਰਸੰਗਿਕਤਾ ਨੂੰ ਖ਼ਤਮ ਕਰ ਜਾਏਗਾ ਅਤੇ ਜਿਉਂ ਹੀ ਸਰਕਾਰੀ ਮੰਡੀਆਂ ਦੀ ਪ੍ਰਸੰਗਕਤਾ ਖ਼ਤਮ ਹੋਏਗੀ, ਠੀਕ ਉਸੇ ਦੇ ਨਾਲ ਘੱਟੋ-ਘੱਟ ਸਮਰੱਥਨ ਮੁੱਲ (ਐਮ.ਐਸ.ਸੀ.) ਦਾ ਸਿਧਾਂਤ ਵੀ ਪ੍ਰਭਾਵਹੀਣ ਹੋ ਜਾਏਗਾ, ਕਿਉਂਕਿ ਮੰਡੀਆਂ ਹੀ ਐਮ.ਐਸ.ਪੀ. ਸੁਨਿਸ਼ਚਿਤ ਕਰਦੀਆਂ ਹਨ। ਦੂਜਾ ਕਾਨੂੰਨ ਖੇਤੀ ਕੀਮਤ ਆਸ਼ਵਾਸਨ ਅਤੇ ਖੇਤੀ ਸੇਵਾ ਕਰਾਰ ਅਧਿਨਿਯਮ 2020 ਹੈ, ਜਿਸ ਦੀ ਅਧਿਕ ਚਰਚਾ ਕਾਨਟਰੈਕਟ ਫਾਰਮਿੰਗ ਦੇ ਵਿਵਾਦ ਦੇ ਸਮਾਧਾਨ ਦੇ ਮੌਜੂਦਾ ਪ੍ਰਵਾਧਾਨਾਂ ਦੇ ਸੰਦਰਵ ਵਿੱਚ ਕੀਤੀ ਜਾ ਰਹੀ ਹੈ। ਇਸ ਕਾਨੂੰਨ ਦਾ ਵਿਰੁੱਧ ਇਸ ਤੱਥ ਉਤੇ ਹੋ ਰਿਹਾ ਹੈ ਕਿ ਇਸਦੇ ਜ਼ਰੀਏ ਕਿਸਾਨਾਂ ਨੂੰ ਵਿਵਾਦ ਦੀ ਸਥਿਤੀ ਵਿੱਚ ਸਿਵਲ ਕੋਰਟ ਜਾਣ ਤੋਂ ਰੋਕਿਆ ਗਿਆ ਹੈ, ਇਹ ਬਿਲਕੁਲ ਸਹੀ ਵਰੋਧ ਹੈ, ਲੇਕਿਨ ਇਸਦੇ ਨਾਲ-ਨਾਲ ਇੱਕ ਹੋਰ ਹਿੱਸਾ ਹੈ, ਜਿਸ ਉਤੇ ਧਿਆਨ ਦੇਣ ਦੀ ਲੋੜ ਹੈ। ਕਾਨਟਰੈਕਟ ਫਾਰਮਿੰਗ ਦੇ ਇਸ ਕਾਨੂੰਨ ਦੇ ਕਾਰਣ ਦੇਸ਼ ਵਿੱਚ ਭੂਮੀਹੀਣ ਕਿਸਾਨਾਂ ਦੇ ਇੱਕ ਬਹੁਤ ਵੱਡੇ ਵਰਗ ਦੇ ਜੀਵਨ ਉਤੇ ਇਸਦਾ ਡੂੰਘਾ ਪ੍ਰਭਾਵ ਅਤੇ ਸੰਕਟ ਆਉਣ ਵਾਲਾ ਹੈ। ਸਾਲ 2011 ਦੀ ਜਨਗਣਨਾ ਦੇ ਅਨੁਸਾਰ ਦੇਸ਼ ਵਿੱਚ ਕੁਲ 26.3 ਕਰੋੜ ਪਰਿਵਾਰ ਖੇਤੀ ਕਿਸਾਨੀ ਦੇ ਕੰਮ 'ਚ ਲੱਗੇ ਹੋਏ ਹਨ। ਇਹਨਾ ਵਿਚੋਂ 14 ਕਰੋੜ ਪਰਿਵਾਰਾਂ ਕੋਲ ਆਪਣੀ ਜ਼ਮੀਨ ਹੈ ਜਦਕਿ 14.43 ਕਰੋੜ ਕਿਸਾਨ ਭੂਮੀਹੀਣ ਹਨ। ਭੂਮੀਹੀਣ ਕਿਸਾਨਾਂ ਦੀ ਇੱਕ ਵੱਡੀ ਸੰਖਿਆ ਬਟਾਈ ਉਤੇ ਖੇਤੀ ਕਰਦੀ ਹੈ। ਇਸ ਕਾਨੂੰਨ ਦੇ ਜ਼ਰੀਏ ਪੂੰਜੀਪਤੀ ਨੂੰ ਕਨਟਰੈਕਟ ਫਾਰਮਿੰਗ ਦੀ ਖੁਲ੍ਹੀ ਛੁੱਟੀ ਦਿੱਤੀ ਗਈ ਹੈ। ਇਹ ਸੋਚਣ ਦਾ ਵਿਸ਼ਾ ਹੈ ਕਿ ਪਿੰਡ ਦਾ ਕੋਈ ਭੂਮੀਹੀਣ ਕਿਸਾਨ ਇਹਨਾ ਵੱਡੇ ਨਿੱਜੀ ਖੇਤਰ ਦੀਆਂ ਫਰਮਾਂ ਦਾ ਮੁਕਾਬਲਾ ਕਿਵੇਂ ਕਰੇਗਾ ? ਇੱਕ ਵੱਡੀ ਕੰਪਨੀ ਬਹੁਤ ਅਸਾਨੀ ਨਾਲ ਕਿਸੇ ਵੀ ਕਿਸਾਨ ਤੋਂ ਉਸਦੀ ਜ਼ਮੀਨ 5 ਸਾਲ ਦੇ ਸਮੇਂ ਲਈ ਇਕੋ ਵੇਲੇ ਐਡਵਾਂਸ ਰਾਸ਼ੀ ਦੇਕੇ ਪ੍ਰਾਪਤ ਕਰ ਸਕਦੀ ਹੈ। ਲੇਕਿਨ ਪਿੰਡ ਦਾ ਭੂਮੀਹੀਣ ਇਹ ਕਰਨ ਤੋਂ ਅਸਮਰਥ ਰਹੇਗਾ। ਇਸ ਸਥਿਤੀ ਵਿੱਚ ਭੂਮੀਹੀਣ ਕਿਸਾਨਾਂ ਦਾ ਪੂਰਾ ਜੀਵਨ ਖ਼ਤਮ ਹੋ ਜਾਏਗਾ। ਇਹ ਕਾਨੂੰਨ ਦੇਸ਼ ਦੇ 14 ਕਰੋੜ ਭੂਮੀਹੀਣ ਕਿਸਾਨਾਂ ਦੇ ਭਵਿੱਖ ਦਾ ਨਾਸ਼ ਮਾਰ ਦਏਗਾ। ਵੱਡੀਆਂ ਕੰਪਨੀਆਂ ਖੇਤੀ ਲਈ ਮਜ਼ਦੂਰਾਂ ਦੀ ਥਾਂ ਵੱਡੀ ਮਸ਼ੀਨਰੀ ਵਰਤਣਗੀਆਂ, ਇਸ ਨਾਲ ਰੁਜ਼ਗਾਰ ਉਤਪੰਨ ਨਹੀਂ ਹੋਏਗਾ, ਸਗੋਂ ਪਹਿਲੇ ਰੁਜ਼ਗਾਰ ਸਾਧਨ ਵੀ ਤਬਾਹ ਹੋ ਜਾਣਗੇ। ਤੀਜਾ ਕਾਨੂੰਨ ਜ਼ਰੂਰੀ ਵਸਤਾਂ ਸਬੰਧੀ ਹੈ। ਅਸਲ ਵਿੱਚ ਇਹ ਕਾਨੂੰਨ ਖਾਣ ਵਾਲੀਆਂ ਚੀਣਾਂ ਦੀ ਮਹਿੰਗਾਈ ਦਾ ਦਸਤਾਵੇਜ਼ ਸੀ। ਇਸ ਕਾਨੂੰਨ ਦੇ ਜ਼ਰੀਏ ਨਿੱਜੀ ਖੇਤਰ ਨੂੰ ਅਸੀਮਤ ਭੰਡਾਰਣ ਦੀ ਛੋਟ ਦਿੱਤੀ ਗਈ ਸੀ, ਉਪਜ ਜਮ੍ਹਾਂ ਕਰਨ ਲਈ ਨਿੱਜੀ ਨਿਵੇਸ਼ ਤੋਂ ਛੋਟ ਸੀ। ਸਰਕਾਰ ਨੂੰ ਪਤਾ ਹੀ ਨਹੀਂ ਚੱਲੇਗਾ ਕਿ ਕਿਸ ਕੋਲ ਕਿੰਨਾ ਸਟਾਕ ਹੈ ਅਤੇ ਕਿਥੇ ਹੈ ? ਇਹ ਜਮ੍ਹਾਂਖੋਰੀ ਅਤੇ ਕਾਲਾ ਬਜ਼ਾਰੀ ਨੂੰ ਕਾਨੂੰਨ ਮਾਨਤਾ ਦੇਣ ਜਿਹਾ ਸੀ। ਇਸ ਕਾਨੂੰਨ 'ਚ ਸਪਸ਼ਟ ਲਿਖਿਆ ਸੀ ਕਿ ਸੂਬਾ ਸਰਕਾਰਾਂ ਅਸੀਮਤ ਭੰਡਾਰਨ ਪ੍ਰਤੀ ਤਦੇ ਹੀ ਕਾਰਵਾਈ ਕਰ ਸਕਦੀਆਂ ਹਨ, ਜਦੋਂ ਵਸਤੂਆਂ ਦੇ ਮੂਲ 'ਚ ਵਾਧਾ ਦੋਗੁਣਾ ਹੋ ਜਾਏਗਾ। ਇਸ ਤਰ੍ਹਾ ਦੇਖਿਆ ਜਾਵੇ ਤਾਂ ਇਹ ਕਾਨੂੰਨ ਮਹਿੰਗਾਈ ਵਾਧੇ ਦੀ ਖੁਸ਼ੀ ਦੀ ਖੁਲ੍ਹੀ ਛੋਟ ਦਿੰਦਾ ਹੈ। ਦੇਸ਼ ਦੀ ਭੈੜੀ ਹੋ ਚੁੱਕੀ ਅਰਥ ਵਿਵਸਥਾ ਦੇ ਵਿੱਚ ਇਹ ਕਾਨੂੰਨ ਦੇਸ਼ ਦੇ ਮੱਧ ਵਰਗ ਅਤੇ ਨਿਮਨ ਵਰਗ ਦੀ ਬੁਨਿਆਦ ਨੂੰ ਗੰਭੀਰ ਰੂਪ ਵਿੱਚ ਨੁਕਸਾਨ ਪਹੁੰਚਾਉਣ ਵਾਲਾ ਵੀ ਅਸਲ ਵਿੱਚ ਇਹ ਤਿੰਨੇ ਕਾਨੂੰਨ ਕਿਸਾਨਾਂ ਅਤੇ ਆਮ ਲੋਕਾਂ ਨੂੰ ਬਹੁਤ ਫਾਇਦਾ ਦੇਣ ਵਾਲੇ ਨਹੀਂ ਸਨ, ਨਾ ਤਾਂ ਕੋਈ ਸਧਾਰਨ ਆਰਥਿਕ ਪੱਖੋਂ ਇੰਨਾ ਤਕੜਾ ਹੈ ਕਿ ਉਹ ਵੱਡੇ ਗੋਦਾਮ ਬਣਾਵੇ, ਫ਼ਸਲਾਂ ਦਾ ਭੰਡਾਰਣ ਕਰੇ ਅਤੇ ਨਾ ਹੀ ਭੂਮੀਹੀਣ ਕਿਸਾਨ ਇੰਨਾ ਮਜ਼ਬੂਤ ਹੈ ਕਿ ਉਹ ਇੱਕ ਲੰਮੇ ਸਮੇਂ ਲਈ ਖੇਤਾਂ ਦੀ ਕਾਨੂੰਨੀ ਰਾਖੀ ਕਰ ਸਕੇ। ਇਹ ਤਾਂ ਪੂੰਜੀਪਤੀ, ਜੋ ਪੂੰਜੀ ਨਾਲ ਭਰੇ ਪਏ ਹਨ ਹੀ ਕਰ ਸਕਦੇ ਹਨ। ਕਾਨੂੰਨ ਲਾਗੂ ਹੋਣ 'ਤੇ ਕਿਸਾਨ ਤਾਂ ਆਪਣੀ ਜ਼ਮੀਨ ਹੀ ਹੱਥੋਂ ਗੁਆ ਬਹਿੰਦਾ।

**ਵਿਸ਼ਵ ਪੱਧਰ 'ਤੇ ਮੰਡੀ ਸੁਧਾਰ ਫੇਲ੍ਹ-** ਮੋਦੀ ਸਰਕਾਰ ਦਾ ਵਿਵਾਦ ਵਾਲੇ ਤਿੰਨੋਂ ਖੇਤੀ ਕਾਨੂੰਨ ਮਨਸੂਖ਼ ਕਰਨ ਦਾ ਅਚਨਚੇਤੀ ਫ਼ੈਸਲਾ ਭਾਰਤੀ ਖੇਤੀ ਦੇ ਭਵਿੱਖ ਬਾਰੇ ਨਵੇਂ ਸਿਰਿਓਂ ਸੋਚਣ ਲਈ ਮਜ਼ਬੂਰ ਕਰਦਾ ਹੈ। ਮੋਦੀ ਸਰਕਾਰ ਵਲੋਂ ਖੇਤੀਬਾੜੀ ਵਿੱਚ ਤਜਵੀਜ਼ਸ਼ੁਦਾ ਮੰਡੀ ਸੁਧਾਰ ਪਹਿਲਾਂ ਹੀ ਦੁਨੀਆ ਭਰ ਦੇ ਮੁਲਕਾਂ ਤੇ ਮਹਾਂਦੀਪਾਂ ਵਿੱਚ ਨਾਕਾਮਯਾਬ ਹੋ ਚੁੱਕੇ ਹਨ। ਅਮਰੀਕਾ ਤੋਂ ਲੈਕੇ ਅਸਟਰੇਲੀਆ ਤੱਕ ਅਤੇ ਦਿੱਲੀ ਤੋਂ ਲੈ ਕੇ ਫਿਲਪੀਨਜ਼ ਤੱਕ ਬਜ਼ਾਰ ਨੇ ਮੌਜੂਦਾ ਖੇਤੀ ਸੰਕਟ ਵਿੱਚ ਬੇਤਹਾਸ਼ਾ ਵਾਧਾ ਕੀਤਾ ਹੈ। ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਭਾਰੀ ਨਿਵੇਸ਼ ਦੇ ਬਾਵਜੂਦ ਤਕਨੀਕੀ ਵਿਕਾਸ, ਉਚੇਰੀ ਉਤਪਾਦਕਤਾ ਅਤੇ ਬਹੁਤ ਹੀ ਮਹੀਨ ਕੌਮਾਂਤਰੀ ਕੀਮਤ ਲੜੀਆਂ ਦੇ ਬਾਵਜੂਦ ਖੇਤੀਬਾੜੀ ਤੋਂ ਆਮਦਨ ਵਿੱਚ ਬੀਤੇ 150 ਸਾਲਾਂ ਤੋਂ ਭਾਰੀ ਗਿਰਾਵਟ ਹੀ ਆ ਰਹੀ ਹੈ। ਤਾਂ ਫਿਰ ਕਿਸਾਨਾਂ ਦੀ ਆਮਦਨ ਪੰਜਾਂ ਵਰ੍ਹਿਆਂ ਵਿੱਚ ਮੋਦੀ ਸਰਕਾਰ ਦਾ ਐਲਾਨਨਾਮਾ ਕੀ ਸ਼ੇਖਚਿਲੀ ਦੇ ਸੁਪਨਿਆਂ ਵਾਂਗਰ ਨਹੀਂ ਹੈ?


**ਕਾਰਪੋਰੇਟ ਤੇ ਖੇਤੀ ਖੇਤਰ-** ਇਸ ਵੇਲੇ ਦੇਸ਼ ਵਿੱਚ ਕਾਰਪੋਰੇਟ ਸੈਕਟਰ ਖੇਤੀ ਸੈਕਟਰ ਨੂੰ ਝਪਟ ਰਿਹਾ ਹੈ ਅਤੇ ਸਰਕਾਰ ਦੀ ਖੇਤੀ ਸੈਕਟਰ ਪ੍ਰਤੀ ਬੇਰੁਖ਼ੀ ਹੈ। ਖੇਤੀ ਸੈਕਟਰ ਦੇਸ਼ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਹੈ। ਸਰਕਾਰੀ ਨਿਵੇਸ਼ ਖੇਤੀ ਉਤਪਾਦਨ ਵਿੱਚ ਵਧਣ, ਫ਼ਸਲਾਂ ਦੇ ਯੋਗ ਭੰਡਾਰਨ ਹੋਣ, ਐਗਰੋ-ਉਦਯੋਗ ਰਾਹੀਂ ਫ਼ਸਲਾਂ ਦੀ ਪ੍ਰੋਸੈਸਿੰਗ ਅਤੇ ਮੁੱਲ-ਵਾਧੇ ਨਾਲ ਖੇਤੀ ਅਰਥਚਾਰੇ ਦਾ ਵਿਕਾਸ ਹੋ ਸਕਦਾ ਹੈ। ਪਰ ਸਰਕਾਰ ਅੱਖਾਂ ਮੀਟ ਜਿਵੇਂ ਦੇਸ਼ ਦੇ ਨਾਗਰਿਕਾਂ ਨੂੰ ਵਾਜਬ ਸਿੱਖਿਆ ਸਿਹਤ, ਸਹੂਲਤਾਂ ਦੇਣ ਤੋਂ ਕਿਨਾਰਾ ਕਰੀ ਬੈਠੀ ਹੈ, ਉਵੇਂ ਹੀ ਖੇਤੀ ਸੈਕਟਰ ਪ੍ਰਤੀ ਉਸਦੀ ਰੁਚੀ ਜੱਗ ਜ਼ਾਹਰ ਹੋਈ ਹੈ, ਜਿਸਨੇ ਸਰਕਾਰ ਦਾ ਨਿੱਜੀਕਰਨ, ਕਾਰਪੋਰੇਟਾਂ ਹੱਥ ਜ਼ਮੀਨ ਗਿਰਵੀ ਕਰਨ ਦਾ ਹੀਜ਼-ਪਿਆਜ਼ ਨੰਗਾ ਕੀਤਾ ਹੈ।

**ਮੋਦੀ ਸਰਕਾਰ ਵਿਰੁੱਧ ਕਿਸਾਨ ਸੰਘਰਸ਼-** ਮੋਦੀ ਸਰਕਾਰ ਜ਼ਬਰੀ ਪਾਸ ਕੀਤੇ ਕਾਨੂੰਨਾਂ ਸਬੰਧੀ ਇਹ ਢੰਡੋਰਾ ਪਿੱਟਦੀ ਰਹੀ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਫ਼ਾਇਦੇ ਵਾਲੇ ਹਨ। ਇਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ, ਕਿਸਾਨਾਂ ਨੂੰ ਘੋਰ ਸੰਕਟ ਵਿਚੋਂ ਕੱਢੇਗੀ, ਕਿਸਾਨਾਂ ਨੂੰ ਕਰਜ਼ੇ ਦੀ ਪੰਡ ਤੋਂ ਮੁਕਤੀ ਮਿਲੇਗੀ, ਕਿਸਾਨ ਖ਼ੁਦਕੁਸ਼ੀਆਂ ਦੇ ਵਰਤਾਰੇ ਤੋਂ ਨਿਜ਼ਾਤ ਪਾਉਣਗੇ। ਪਰ ਮੋਦੀ ਸਰਕਾਰ ਦਾ ਕਾਰਪੋਰੇਟਾਂ ਹੱਥ ਕਿਸਾਨੀ ਜ਼ਮੀਨ ਫੜਾਉਣ ਦਾ ਏਜੰਡਾ ਕਿਸਾਨਾਂ ਦੀ ਸਮਝ ਵਿੱਚ ਆ ਗਿਆ, ਅਤੇ ਉਹ ਸੰਘਰਸ਼ ਦੇ ਰਾਹ ਪੈ ਗਏ, ਉਹਨਾ ਕਾਰਪੋਰੇਟ ਵਿਕਾਸ ਮਾਡਲ ਨੂੰ ਚਣੌਤੀ ਦਿੱਤੀ। ਕਿਸਾਨਾਂ ਨੇ ਆਪਣੀ ਸ਼ਕਤੀ ਅਤੇ ਊਰਜਾ ਤੋਂ ਬਿਨ੍ਹਾਂ ਪੇਂਡੂ, ਸ਼ਹਿਰੀ ਇਲਾਕਿਆਂ ਵਿੱਚ ਕਿਰਤੀਆਂ, ਛੋਟੇ ਵਪਾਰੀਆਂ, ਵਿਦਿਆਰਥੀਆਂ, ਅਧਿਆਪਕਾਂ, ਬੁੱਧਿਜੀਵੀਆਂ, ਕਲਾਕਾਰਾਂ, ਰਿਟਾਇਰਡ ਪੁਲਸ ਤੇ ਸਿਵਲ ਅਧਿਕਾਰਾਂ ਦਾ ਸਮਰੱਥਨ ਪ੍ਰਾਪਤ ਕੀਤਾ ਅਤੇ ਕਿਸਾਨ ਅੰਦੋਲਨ ਨੂੰ ਜਨ ਅੰਦੋਲਨ ਬਣਾ ਦਿੱਤਾ ਅਤੇ ਲੋਕ-ਆਜ਼ਾਦੀ ਦਾ ਇੱਕ ਨਵਾਂ ਬਿਰਤਾਂਤ ਸਿਰਜ ਦਿੱਤਾ। ਭਾਵੇਂ ਇਸ ਅੰਦੋਲਨ ਕਾਰਨ ਅੰਦੋਲਨਕਾਰੀਆਂ ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਹੋਰ ਅੰਦੋਲਨਕਾਰੀਆਂ ਤੇ ਉਹਨਾ ਦੇ ਪਰਿਵਾਰਾਂ ਨੇ ਵੱਡੇ ਦਰਦ ਝੱਲੇ। ਆਰਥਿਕ ਘਾਟਾ ਸਿਹਾ, ਮਾਨਸਿਕ ਦਬਾਅ ਝੱਲਿਆ, ਸਰਕਾਰ ਦਾ ਤਸ਼ੱਦਦ ਸਿਹਾ ਪਰ ਤਸੱਲੀ ਵਾਲੀ ਗੱਲ ਇਹ ਕਿ ਉਹ ਸਮਾਜ ਦੇ ਹਰ ਵਰਗ ਦੇ ਲੋਕਾਂ ਦਾ ਸਮਰੱਥਨ ਪਰਾਪਤ ਕਰਕੇ ਇਸ ਅੰਦੋਲਨ ਵਿੱਚ, ਭਾਰਤ ਦੇ ਮੁੱਖ ਕਿਸਾਨ ਅੰਦੋਲਨਾਂ- ਚੰਪਾਰਕ ਲਹਿਰ 1917-18, ਖੇੜਾ ਲਹਿਰ 1918-19, ਬਰਡੋਲੀ ਸਤਿਆਗ੍ਰਹਿ 1928, ਮੋਪਲਹਾ ਵਿਦਰੋਹ 1921, ਤਿਲੰਗਾਨਾ ਕਿਸਾਨ ਲਹਿਰ-1945-46, ਪੰਜਾਬ ਕਿਰਸਾਨੀ ਅੰਦੋਲਨ 1907 ਤੇ 1930 ਆਦਿ ਵਾਂਗਰ ਮੁਸ਼ਕਲਾਂ ਦੇ ਬਾਵਜੂਦ, ਕਿਸਾਨ ਲੀਡਰਸ਼ਿਪ ਦੀ ਸੂਝਬੂਝ ਨਾਲ ਸਫ਼ਲ ਹੋਏ।


**ਪੰਜਾਬ ਦੇ ਕਿਸਾਨ ਅੰਦੋਲਨਾਂ ਦਾ ਇਤਿਹਾਸ-** ਪੰਜਾਬ ਵਿੱਚ ਵੱਡੇ ਕਈ ਕਿਸਾਨੀ ਅੰਦੋਲਨ, ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੁਣ ਤੱਕ ਲੜੇ ਗਏ। ਜਿਹਨਾਂ ਵਿੱਚ ਮੁਜਾਰਾ ਅੰਦੋਲਨ, ਵਿਸ਼ਵੇਦਾਰਾਂ ਤੋਂ ਜ਼ਮੀਨ ਦੇ ਹੱਕ ਦੀ ਮਾਲਕੀ ਪ੍ਰਾਪਤ ਕਰਨ ਦਾ ਸੀ। ਮੁਜ਼ਾਰਿਆ ਇਹ ਅੰਦੋਲਨ ਜਿੱਤਿਆ। 1960 ਵਿਆਂ 'ਚ ਖੁਸ਼ ਹੈਸੀਅਤ ਟੈਕਸ ਖਿਲਾਫ ਵੱਡਾ ਅੰਦੋਲਨ ਚੱਲਿਆ। ਉਦੋਂ ਮੁਖ ਮੰਤਰੀ ਕਾਂਗਰਸੀ ਪ੍ਰਤਾਪ ਸਿੰਘ ਕੈਰੋਂ ਸੀ। ਕਿਸਾਨਾਂ ਨੂੰ ਜੇਲ੍ਹ ਜਾਣਾ ਪਿਆ। ਪਰ ਕਿਸਾਨ ਜੇਤੂ ਰਹੇ। 1980 ਵਿਆਂ 'ਚ ਹਰੀ ਕ੍ਰਾਂਤੀ ਤੋਂ ਬਾਅਦ 40 ਹਜ਼ਾਰ ਅੰਦੋਲਨਕਾਰੀ ਕਿਸਾਨਾਂ ਨੇ ਚੰਡੀਗੜ੍ਹ ਵਿੱਚ ਰਾਜਪਾਲ ਦਾ ਘਿਰਾਓ ਕੀਤਾ। ਇਸ ਤੋਂ ਬਾਅਦ ਕਿਸਾਨਾਂ ਦੇ ਹੱਕ 'ਚ ਫੈਸਲੇ ਹੋਏ ਅਤੇ ਰਿਆਇਤਾਂ ਮਿਲੀਆਂ। ਪਰ 2020 'ਚ ਤਿੰਨ ਖੇਤੀ ਕਾਲੇ ਕਾਨੂੰਨਾਂ ਵਿਰੁੱਧ ਆਰੰਭਿਆ ਕਿਸਾਨ ਅੰਦੋਲਨ, ਜਨ ਅੰਦੋਲਨ ਦਾ ਰੂਪ ਧਾਰਨ ਕਰ ਗਿਆ ਅਤੇ ਕਾਰਪੋਰੇਟਾਂ ਵਲੋਂ ਸਰਕਾਰ ਦੀ ਮਿਲੀ ਭਗਤ ਕਾਰਨ ਕਿਸਾਨੀ ਜ਼ਮੀਨੀ ਹਥਿਆਉਣ ਦੀ ਕੋਸ਼ਿਸ਼ ਨੂੰ ਅਸਫਲ ਬਣਾ ਗਿਆ।




**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**




**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca



ਗੁਰਚਰਨ ਕੌਰ ਥਿੰਦ
ਫੋਨ : 403-402-9635; 403-293-2625

# ਗਗਨ ਦਮਾਮਾ ਬਾਜਿਓ

ਜਿੱਤ ਦੇ ਨਗਾਰੇ ਵੱਜ ਪਏ। ਖੁਸ਼ੀਆਂ ਦੇ ਢੋਲ ਡਮ ਡਮਾ ਡਮ ਵਜਣ ਲਗ ਪਏ। ਚਾਰ ਚੁਫ਼ੇਰੇ ਗਿੱਧੇ ਭੰਗੜੇ ਖੁਸ਼ੀਆਂ ਦਾ ਮਾਹੌਲ
ਹੁੰਦਾ ਵੀ ਕਿਉਂ ਨਾ! ਸਾਲ ਭਰ ਤੋਂ ਆਪਣੀਆਂ ਫ਼ਸਲਾਂ ਤੇ ਨਸਲਾਂ ਦੀ ਰਾਖੀ ਕਰਦੇ, ਆਪਣੇ ਮਾਣ-ਸਵੈਮਾਣ ਦੀ ਪਹਿਰੇਦਾਰੀ ਕਰਦੇ, ਆਪਣੇ ਤੇ ਕੁੱਲ ਲੋਕਾਈ ਦੇ ਮੂੰਹ ਪੈਣ ਵਾਲੇ ਟੁੱਕ ਲਈ ਲੜਦੇ ਆਮ ਸਧਾਰਨ ਲੋਕ ਰਾਜਧਾਨੀ ਦੀਆਂ ਬਰੂਹਾਂ ਤੇ ਘਰੋਂ ਬੇਘਰ ਹੋਏ ਸਿਦਕ ਨਾਲ ਬੈਠੇ ਸਨ। ਹੱਢ ਕੜਕਵੀਂ ਠੰਢ, ਅੰਗ ਝੁਲਸਵੀਂ ਗਰਮੀ, ਛਮਛਮ ਵਰ੍ਹਦੇ ਮੀਂਹ ਅਤੇ ਆਰਜ਼ੀ ਘਰੌਂਦਿਆਂ ਨੂੰ ਉਡਾਉਂਦੇ ਸ਼ੂਕਦੇ ਝੱਖੜ ਉਹਨਾਂ ਦੇ ਇਰਾਦਿਆਂ ਤੇ ਪਾਣੀ ਨਾ ਫੇਰ ਸਕੇ। ਉਹਨਾਂ ਦਾ ਗੌਰਵਮਈ ਇਤਿਹਾਸ ਉਹਨਾਂ ਦੇ ਅੰਗ ਸੰਗ ਸੀ। ਆਪਣੇ ਬਹਾਦਰ ਯੋਧਿਆਂ, ਦੇਸ਼ ਭਗਤਾਂ ਅਤੇ ਆਮ ਜੁਝਾਰੂ ਲੋਕਾਂ ਦੇ ਸਬਰ ਸਿਦਕ ਦੀਆਂ ਗਾਥਾਂ ਗਾਉਂਦੇ ਪੜ੍ਹਦੇ ਤੇ ਦੁਹਰਾਉਂਦੇ ਉਹ ਅਡੋਲ ਹਰ ਬਿਪਤਾ ਦਾ ਸਾਹਮਣਾ ਕਰਦੇ ਆਪ ਨਹੀਂ ਝੁਕੇ ਸਗੋਂ ਉਸ ਹਾਕਮ ਨੂੰ ਝੁਕਾ ਲਿਆ।
ਉਹ ਹਾਕਮ ਜਿਹਦੇ ਬਾਰੇ ਮਸ਼ਹੂਰ ਸੀ ਕਿ 'ਏਕ ਬਾਰ ਜੋ ਕਹ ਦੀਆ ਸੋ ਕਹਿ ਦੀਆ'। ਉਸੇ ਹਾਕਮ ਨੇ ਜਿਂਵੇਂ ਅਚਾਨਕ ਕਿਸਾਨਾਂ ਤੇ ਲੋਕਾਂ ਦੇ ਹੱਕਾਂ ਤੇ ਛਾਪਾ ਮਾਰਦੇ ਤਿੰਨ ਖੇਤੀ ਕਾਨੂੰਨ ਦਾਗੇ ਸਨ ਉਂਵੇਂ ਹੀ ਅਚਾਨਕ ਕਾਨੂੰਨ ਵਾਪਸ ਲੈਣ ਦਾ ਭਾਸ਼ਨ ਦੇ ਮਾਰਿਆ। ਦਿਨ ਵੀ ਬੜਾ ਸੋਚ ਸਮਝ ਕੇ ਚੁਣਿਆ। ਮਹਾਨ ਗੁਰੂ ਦੇ ਗੁਰਪੁਰਬ ਦਾ ਦਿਹਾੜਾ। ਸਵੇਰੇ ਨੌਂ ਵਜੇ ਬਿਨਾ ਕਿਸੇ ਪੂਰਵ ਸੂਚਨਾ ਦੇ ਸੁੱਚੇ ਮੂੰਹ ਐਲਾਨ ਕਰ ਲੋਕ ਹਿਤੈਸ਼ੀ ਬਣਨ ਦਾ ਬਾਖ਼ੂਬ ਪ੍ਰਗਟਾਵਾ ਕੀਤਾ। ਜਿਹਨੇ ਸੁਣਿਆਂ ਉਹੋ ਹੀ ਹੈਰਾਨ। ਇਹ ਕਿੰਵੇਂ ਹੋ ਗਿਆ! ਯਕੀਨ ਜਿਹਾ ਨਾ ਆਵੇ। ਜਦੋਂ ਆਪਸੀ ਐਨੀਆਂ ਬੈਠਕਾਂ ਹੋਈਆਂ, ਵਿਚਾਰ ਵਟਾਂਦਰੇ ਹੋਏ ਉਦੋਂ ਤਾਂ ਕੰਨ 'ਤੇ ਜੂੰਅ ਨਾ ਸਰਕੀ। ਚੇਲੇ ਚਾਟੜਿਆਂ ਦੀ ਇਕੋ ਰਟ 'ਅਖੇ ਇਹ ਕਾਨੂੰਨ ਤਾਂ ਵਾਪਸ ਨਹੀਂ ਹੋਣੇ, ਹਾਂ ਸੋਧਾਂ ਕੋਈ ਕਰਵਾਉਣੀਆਂ ਤਾਂ ਗੱਲ ਕਰੋ' ਪਤਾ ਨਹੀਂ ਕੀ ਕੀ ਲਕਬ ਅੰਦੋਲਨਕਾਰੀਆਂ ਦੇ ਪੱਲੇ ਬੰਨ੍ਹ ਦਿੱਤੇ। ਕਦੇ ਅੱਤਵਾਦੀ ਕਦੇ ਵੱਖਵਾਦੀ ਕਦੇ ਅੰਦੋਲਨ ਜੀਵੀ ਕਦੇ ਪਰਜੀਵੀ ਅਤੇ ਕਦੇ ਕਿਰਾਏ ਤੇ ਲਿਆਂਦੇ ਹੋਏ ਭੋਲੇ ਭਾਲੇ ਗਰੀਬ ਲੋਕ। ਕੀ ਕੁੱਝ ਨਹੀਂ ਆਖਿਆ ਇਨ੍ਹਾਂ ਅੰਨਦਾਤਿਆਂ ਨੂੰ, ਧਰਤੀ ਦੇ ਜਾਇਆ ਨੂੰ ਸਮਾਜ ਦੇ ਉਹਨਾਂ ਧੂਤੂਆਂ ਨੇ ਜਿਹੜੇ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਦਾ ਧਰਮ ਤੇ ਭਰਮ ਪਾਲਣਾ ਹੀ ਆਪਣਾ ਪੇਸ਼ਾ ਸਮਝਦੇ ਹਨ। ਤੇ ਅੱਜ੩੩ਹੁਣ ਇਕ ਦਮ ਕਿੰਵੇਂ ਹੇਜ ਆ ਗਿਆ? ਕੀ ਰਾਤੀਂ ਕੋਈ ਡਰਾਉਣਾ ਸੁਪਨਾ ਤਾਂ ਨਹੀਂ ਵੇਖਿਆ? ਨਾ ਕਿਸੇ ਨਾਲ ਕੋਈ ਗਲਬਾਤ ਨਾ ਸਲਾਹ ਨਾ ਮਸ਼ਵਰਾ। ਲਗੇ, ਭਈ ਮਖੌਲ ਤਾਂ ਨਹੀਂ ਕੀਤਾ। ਪਰ ਉਹਦੇ ਬਾਰੇ ਤਾਂ ਮਸ਼ਹੂਰ ਸੀ 'ਜੋ ਕਹ ਦੀਆ ਵੁਹ ਹੋ ਗਯਾ'। ਫਿਰ ਇਹ ਵੀ ਸੱਚ ਹੀ ਹੋਣਾ। ਲੋਕ-ਸੰਘਰਸ਼ ਦੀ ਫਤਿਹ ਦਾ ਯਕੀਨ ਕਰ ਖੁਸ਼ੀਆਂ ਦੇ ਜਸ਼ਨਾਂ ਦੇ ਮੇਲੇ ਲਗ ਗਏ। ਚਲੋ ਚੰਗਾ ਹੋਇਆ। ਐਸ ਵੇਲੇ ਦੀ ਜੋ ਪ੍ਰਾਪਤੀ ਹੈ ਉਹਦੇ ਜਸ਼ਨ ਤਾਂ ਮਨਾਉਣੇ ਬਣਦੇ ਹੀ ਆ। ਤੇ ਜਸ਼ਨ ਮਨਾ ਵੀ ਲਏ। ਸੁਖੀ ਸਾਂਦੀ ਕਿਸਾਨ ਵੀਰ ਭੈਣਾਂ ਬੀਬੀਆਂ ਤੇ ਗੱਭਰੂ ਘਰੋ ਘਰੀ ਪਹੁੰਚ ਗਏ ਹਨ। ਸੰਘਰਸ਼ਕਾਰੀਆਂ ਨੂੰ ਫੁੱਲਾਂ ਦੀ



ਵਰਖਾ ਕਰ ਜੀ ਆਇਆਂ ਆਖਿਆ ਗਿਆ। ਇਹੋ ਜਿਹੀ ਘਰ ਵਾਪਸੀ ਕਦੇ ਹੀ ਕਿਸੇ ਲੋਕ-ਘੋਲ ਦੀ ਕਾਮਯਾਬੀ ਤੇ ਹੋਈ ਹੋਵੇਗੀ। ਇਤਨਾ ਜ਼ਾਬਤਾ ਤੇ ਇਤਨੀ ਲੰਮੀ ਲਾਮਬੰਦੀ ਇਤਿਹਾਸ ਵਿੱਚ ਸ਼ਾਇਦ ਕਦੇ ਅਜਿਹਾ ਹੋਇਆ ਵਾਪਰਿਆ ਨਹੀਂ ਹੋਵੇਗਾ। ਆਉਂਦਿਆਂ ਸਭ ਕੁਝ ਇੰਜ ਜ਼ਿੰਮੇਵਾਰੀ ਨਾਲ ਸਮੇਟਿਆ ਗਿਆ ਕਿ ਜਿੰਵੇਂ ਆਪਣੇ ਘਰ ਦਾ ਕੋਈ ਕਾਰਜ ਪੂਰਾ ਹੋਇਆ ਹੋਵੇ। ਸਭ ਕੁਝ ਹੀ ਅਲੋਕਾਰੀ!
ਇਸ ਸੰਪੂਰਨਤਾ ਤੋਂ ਬਾਦ ਉਂਜ ਅਜੇ ਮਨ ਨੂੰ ਠਾਹਰ ਜਿਹੀ ਨਹੀਂ ਆਉਂਦੀ। ਪੱਕਾ ਯਕੀਨ ਜਿਹਾ ਨਹੀਂ ਬੱਝਦਾ ਕਿ ਸਭ ਹੱਛਾ ਹੋ ਨਿਬੜਿਆ ਹੈ। ਕਿਤੇ ਕੋਈ ਚੂਲ ਵਿੰਗੀ ਜ਼ਰੂਰ ਜਾਪਦੀ ਹੈ। ਚੰਦਰਾ ਮਨ ਹੈ ਸਿਆਸਤਦਾਨਾਂ ਦੇ ਵਾਇਦਿਆਂ ਤੇ ਦਿਲ ਹੀ ਨਹੀਂ ਧਰੌਂਦਾ। ਰਿੱਝੀ ਪੱਕੀ ਦਾਲ ਵਿਚੋਂ ਕੁਝ ਨਾ ਕੁਝ ਕਾਲਾ ਭਾਲ਼ੀ ਜਾਂਦਾ। ਬੇਵਜ੍ਹਾ ਥੁੱਕ ਕੇ ਚੱਟਿਆ ਨਹੀਂ ਸੀ ਜਾਣਾ। ਜਿਹਨਾਂ ਧਨਾਢਾਂ ਨੇ ਵਰ੍ਹਦੀ ਮਹਾਂਮਾਰੀ ਵਿੱਚ ਖੜ੍ਹੇ ਪੈਰ ਇਹ ਬਿੱਲ ਬਣਵਾਏ ਸੀ ਸਹਿਜੇ ਕੀਤੇ ਵਾਪਸ ਤਾਂ ਨਹੀਂ ਸੀ ਹੋਣ ਦੇਣ ਵਾਲਿਆ 'ਚੋਂ। ਉਹਨਾਂ ਦੇ ਸੈਂਕੜੇ ਏਕੜਾਂ ਵਿੱਚ ਬਣਾਏ ਵੱਡੇ ਵੱਡੇ ਏ.ਸੀ. ਗੁਦਾਮ ਉਹਨਾਂ ਦਾ ਮੂੰਹ ਨਹੀਂ ਚਿੜਾਉਂਦੇ ਹੋਣਗੇ ਭਲਾ! ਫਿਰ ਕਿਉਂ ਲੀਕ ਫੇਰੀ ਗਈ ਇਨ੍ਹਾਂ ਤਿੰਨ ਕਾਨੂੰਨਾਂ ਤੇ? ਅਵਾਈਆਂ ਜਿਹੀਆਂ ਤਾਂ ਉਡਦੀਆਂ ਨੇ, ਪੀਹਣ ਛਾਨਣ ਵਾਲਿਆਂ ਦਾ ਮੱਤ ਇਹਦੇ ਪਿਛੇ ਸਿਆਸੀ ਕਾਰਨ ਵੀ ਬਿਆਨਦਾ ਹੈ। ਪੱਛਮੀ ਬੰਗਾਲ ਵਿੱਚ ਕਰਾਰੀ ਸਿਆਸੀ ਹਾਰ ਦਾ ਮੂੰਹ ਵੇਖਣਾ ਪਿਆ ਸੀ। ਦੂਰ ਦੁਰਾਡੇ ਦੀ ਗੱਲ ਸੀ ਸੰਘ 'ਚ ਅੜਿਆ ਕੰਡਾ ਬਰਦਾਸ਼ਤ ਕਰ ਲਿਆ ਸੀ। ਪਰ ਹੁਣ ਯੂ.ਪੀ. ਹੱਥੋਂ ਖਿਸਕਦੀ ਲਗਦੀ ਆ। ਦੋ ਤਿੰਨ ਮਹੀਨਿਆਂ ਨੂੰ ਚੋਣਾਂ ਨੇ। ਕਹਿੰਦੇ ਨੇ ਪਹਿਲਾ ਅਗਾਊਂ ਸਰਵੇ ਤਾਂ ਸੌ ਕੁ ਸੀਟਾਂ ਹੱਥੋਂ ਜਾਂਦੀਆਂ ਦੱਸਦਾ ਸੀ ਪਰ ਦੂਜਾ ਦੱਸੇ ਭਈ ਦੋ ਸੌ ਗੁਆ ਬਹਿਣੀਆਂ। ਚੈਨ ਕਿਥੋਂ ਆਵੇ? ਪੰਜਾਬ ਦੀ ਤਾਂ ਕੋਈ ਬਹੁਤੀ ਪ੍ਰਵਾਹ ਨਹੀਂ, ਐਵੇਂ ਆਟੇ ਵਿੱਚ ਲੂਣ ਬਰੋਬਰ ਹੈ। ਪਰ ਯੂ.ਪੀ੩੩ ਨਾ ਨਾ, ਯੂ.ਪੀ. ਦਾ ਰਿਸਕ ਨਹੀਂ ਲਿਆ ਜਾ ਸਕਦਾ। ਕੋਈ ਨਾ ਕੋਈ ਸਿਆਸੀ ਤਿਕੜਮ ਤਾਂ ਲੜਾਉਣੀ ਪੈਣੀ ਸੀ। ਬਦਲਦੇ ਹਾਲਾਤਾਂ ਤੇ ਸਰਵਿਆਂ ਨੇ ਵੱਡੀ ਸਰਕਾਰ ਨੂੰ ਸੋਚਣ ਲਾ ਦਿੱਤਾ। ਖ਼ਵਰੇ 'ਪੂਰਾ ਜਾਂਦਾ ਵੇਖ ਅੱਧਾ ਦੇਈਏ ਛੱਡ' ਵਾਲੇ ਤੱਥ ਸੱਚ ਤੇ ਅਮਲ ਕਰਦਿਆਂ ਆਹ ਕਾਨੂੰਨ ਵਾਪਸੀ ਵਾਲਾ ਖੇਲ੍ਹਾ ਖੇਲ੍ਹਿਆ ਹੋਵੇ।
ਨਾਲੇ ਬਾਹਰਲੇ ਮੁਲਕਾਂ ਦੇ ਗੇੜਿਆਂ ਵੇਲੇ ਵੀ ਮੂੰਹ ਮਸੋਸ ਕੇ ਵਾਪਸ ਆਉਣਾ ਪਿਆ ਸੀ। ਉੱਥੇ ਵੀ ਚੰਗੀ ਦੁਰੇ ਦੁਰੇ ਹੋਈ ਦੱਸੀ ਜਾਂਦੀ ਆ। ਅਮਰੀਕਾ ਗਏ ਵੱਡੇ ਹਾਕਮ ਦਾ ਫੁੱਲਾਂ ਨਾਲ ਸਵਾਗਤ ਕੀ ਹੋਣਾ ਸੀ ਅੱਗੋਂ ਕੋਈ ਵੱਡਾ ਨੇਤਾ ਰਸੀਵ ਕਰਨ ਵੀ ਨਹੀਂ ਆਇਆ ਅਤੇ ਥਾਂ ਥਾਂ ਸਵਾਗਤ ਵੀ ਲੋਕਾਂ ਨੇ ਕਾਲੇ ਝੰਡਿਆਂ ਤੇ ਵਿਰੋਧੀ ਨਾਹਰਿਆਂ ਨਾਲ ਕੀਤਾ। ਯੂ.ਐਨ.ਓ. ਦੀ ਮੀਟਿੰਗ ਅਟੈਂਡ ਕਰਨ ਗਏ ਦੀ ਤਾਂ ਹੋਰ ਵੀ ਹੇਠੀ ਹੋਈ। ਕਿਸਾਨ ਸੰਘਰਸ਼ ਦੇ ਹਮਾਇਤੀਆਂ ਦੇ ਵੱਡੇ ਇਕੱਠ ਵਲੋਂ ਵਿਰੋਧ ਪ੍ਰਦਰਸ਼ਨ ਕਰ ਮੈਮੋਰੈਂਡਮ ਦਿੱਤਾ ਗਿਆ ਜੋ ਚਲਦੀ ਮੀਟਿੰਗ ਵਿੱਚ ਸਭਾਪਤੀ ਨੇ ਸਾਰਿਆਂ ਦੇ ਸਾਹਮਣੇ ਹੀ ਪੜ੍ਹ ਦਿੱਤਾ। ਸ਼ਾਇਦ ਉਹਨਾਂ ਦੀ ਰਵਾਇਤ ਹੋਵੇਗੀ। ਮੈਮੋਰੈਂਡਮ ਨੇ ਯਾਦ ਕਰਵਾਇਆ ਕਿ ਇਸ ਵਿਅਕਤੀ ਸਿਰ ਗੁਜਰਾਤ ਵਿੱਚ ਨਸਲੀ ਦੰਗੇ ਕਰਵਾਉਣ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਨਿਰਦੋਸ਼ ਲੋਕਾਂ ਦਾ ਕਤਲ ਕਰਵਾਉਣ ਦਾ ਦੋਸ਼ ਹੈ। ਜਿਸ ਕਾਰਨ ਇਸ ਦੀ ਇਸ ਦੇਸ਼ ਵਿੱਚ ਐਂਟਰੀ ਬੰਦ ਹੈ, ਇਸ ਨੂੰ ਵੀਜ਼ਾ ਕਿਉਂ ਦਿੱਤਾ ਗਿਆ? ਹੁਣ ਕਿਸਾਨ ਲੰਮੇ ਸਮੇਂ ਤੋਂ ਸੜਕਾਂ 'ਤੇ ਬੈਠੇ ਆਪਣੇ ਹੱਕਾਂ ਉਪਰ ਪੈਂਦੇ ਛਾਪੇ ਦਾ ਵਿਰੋਧ ਕਰ ਰਹੇ ਹਨ ਜਿਸਦਾ ਕੋਈ ਵੀ ਸਮਾਧਾਨ ਨਹੀਂ ਕੀਤਾ ਜਾ ਰਿਹਾ੩੩। ਜਿਉਂ ਜਿਉਂ ਮੈਮੋਰੈਂਡਮ ਪੜ੍ਹਿਆ ਗਿਆ ਉੱਥੇ ਹਾਜ਼ਰ ਡੈਲੀਗੇਟ ਹੌਲੀ ਹੌਲੀ ਹਾਲ ਵਿਚੋਂ ਬਾਹਰ ਖਿਸਕਦੇ ਗਏ। ਜਦੋਂ ਸੰਬੋਧਨ ਕਰਨ ਦੀ ਭਾਰਤ ਦੇ ਇਸ ਡੈਲੀਗੇਟ ਦੀ ਵਾਰੀ ਆਈ ਤਾਂ ਲਗਪਗ ਦੋ ਤਿਹਾਈ ਲੋਕ ਬਾਹਰ ਜਾ ਚੁੱਕੇ ਸਨ ਅਤੇ ਬਹੁਤੀਆਂ ਖਾਲੀ ਕੁਰਸੀਆਂ ਹੀ ਸੁਣ ਰਹੀਆਂ ਸਨ। ਲਗਦਾ ਕਿਤੇ ਨਾ ਕਿਤੇ ਇਹ ਡੰਗ ਵੀ ਚੁੱਭਿਆ ਹੋਣਾ। ਭਾਵੇਂ ਐਨਾ ਡੂੰਘਾ ਤਾਂ ਨਹੀਂ ਹੋ ਸਕਦਾ ਕਿ ਤੱਟੇ ਫੱਟੇ ਫੈਸਲਾ ਬਦਲਣਾ ਪੈਂਦਾ।
ਕਹਿੰਦੇ ਹਨ ਕਿ ਇਸ ਦਾ ਫੌਰੀ ਕਾਰਨ ਅੰਤਰਰਾਸ਼ਟਰੀ ਕੰਪਨੀ ਐਮੇਜ਼ਨ, ਮੁਕੇਸ਼ ਅੰਬਾਨੀ ਦੀ ਰੀਲਾਇੰਸ ਅਤੇ ਫਿਊਚਰ ਗਰੁੱਪ ਆਫ ਕੰਪਨੀਜ਼ ਦਰਮਿਆਨ ਚਲ ਰਿਹਾ ਵਾਵੇਲਾ ਵੀ ਬਣਿਆ ਹੈ। ਜੋ ਕਿ 2019 ਵਿੱਚ ਐਮੇਜ਼ਨ ਕੰਪਨੀ ਦੇ ਫਿਊਚਰ ਗਰੁੱਪ ਨਾਲ ਕਿਸੇ ਕਿਸਮ ਦੇ ਕੀਤੇ ਆਪਸੀ ਹਿੱਸਾ ਪੱਤੀ ਦੇ ਸੌਦੇ ਨਾਲ ਸਬੰਧਤ ਦੱਸਿਆ ਜਾਂਦਾ ਹੈ। ਜਿਸ ਅਨੁਸਾਰ ਫਿਊਚਰ ਗਰੁੱਪ ਬਿਨਾ ਐਮੇਜ਼ਨ ਦੀ ਸਹਿਮਤੀ ਦੇ ਕਿਸੇ ਹੋਰ ਕੰਪਨੀ ਨਾਲ ਕੋਈ ਸੌਦਾ ਨਹੀਂ ਕਰ ਸਕਦਾ ਸੀ। ਪ੍ਰੰਤੂ ਕੋਵਿਡ ਦੌਰਾਨ ਉਸਦੇ ਬਿਗ ਬਜ਼ਾਰ, ਫੂਡ ਬਜ਼ਾਰ ਅਤੇ ਈਜ਼ੀ ਡੇ ਵਰਗੇ ਰੀਟੇਲ ਸਟੋਰ ਘਾਟੇ ਵਿੱਚ ਚਲਣ ਕਾਰਨ ਕੰਪਨੀ ਦੀ ਸਥਿਤੀ ਡਾਵਾਂਡੋਲ ਹੋਣ ਲਗੀ ਤਾਂ ਉਸ ਨੇ ਇਹਨਾਂ ਸਟੋਰਾਂ ਦਾ ਸੌਦਾ ਰਿਲਾਇੰਸ ਨਾਲ ਕਰ ਲਿਆ। ਰਿਲਾਇੰਸ ਜਿਹਦੇ ਪਹਿਲਾਂ ਹੀ ਹਜ਼ਾਰਾ ਸਟੋਰ ਪੂਰੇ ਦੇਸ਼ ਵਿੱਚ ਚਲਦੇ ਹਨ ਅਤੇ ਉਸਨੂੰ ਇਹ ਹੋਰ ਚਲਦੇ ਰੀਟੇਲ ਸਟੋਰ ਮਿਲ ਗਏ ਜਿਹਨਾਂ ਦੀ ਉਸਨੂੰ ਤਿੰਨ ਖੇਤੀ ਬਿੱਲਾਂ ਦੇ ਲਾਗੂ ਹੋਣ ਨਾਲ ਡਾਹਢੀ ਲੋੜ ਪੈਣੀ ਸੀ, ਸੋ ਉਸ ਲਈ ਚੌਵੀ ਹਜ਼ਾਰ ਕਰੋੜ ਦੇ ਲਗਪਗ ਵਾਲਾ ਸੌਦਾ ਲਾਹੇਵੰਦ ਸੀ ਜੋ ਨੇਪਰੇ ਚਾੜ੍ਹ ਲਿਆ ਗਿਆ। ਪਰ ਹੁਣ ਫਿਊਚਰ ਗਰੁੱਪ ਦੀ ਐਮੇਜ਼ਨ ਕੰਪਨੀ ਨਾਲ ਵਾਇਦਾਖ਼ਲਾਫ਼ੀ ਵਿੱਚ ਆ ਖਲੋਤੀ। ਐਮੇਜ਼ਨ ਕੰਪਨੀ ਨੇ ਇਸ ਸੌਦੇ ਦੇ ਖ਼ਿਲਾਫ਼ ਪਹਿਲਾਂ ਸਿੰਗਾਪੁਰ ਦੀ ਕੋਰਟ ਵਿੱਚ ਕੇਸ ਕੀਤਾ ਜੋ ਉਸ ਦੇ ਹੱਕ ਵਿੱਚ ਹੋਇਆ। ਪਰ ਇਸ ਫੈਸਲੇ ਦੀ ਦੋਹਾਂ ਧਿਰਾਂ ਕੋਈ ਪ੍ਰਵਾਹ ਨਾ ਕੀਤੀ ਤਾਂ ਮੁਕੱਦਮਾ ਭਾਰਤ ਦੀ ਕਚਿਹਰੀ ਵਿੱਚ ਦਾਖਲ ਹੋਇਆ ਅਤੇ ਪੜਾਅ ਦਰ ਪੜਾਅ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ। ਆਖਰ ਅਗਸਤ 2021 ਵਿੱਚ ਸੁਪਰੀਮ ਕੋਰਟ ਨੇ ਐਮੇਜ਼ਨ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ ਅਤੇ ਰਿਲਾਇੰਸ ਨਾਲ ਕੀਤਾ ਸੌਦਾ ਤੋੜ ਕੇ ਇਹ ਰੀਟੇਲ ਸਟੋਰਾਂ ਦਾ ਸੌਦਾ ਐਮੇਜ਼ਨ ਨਾਲ ਹੋ ਗਿਆ। ਹੁਣ ਚੱਕਰ ਇਹ ਦੱਸਿਆ ਜਾਂਦਾ ਕਿ ਇਨ੍ਹਾਂ ਤਿੰਨ ਬਿੱਲਾਂ ਵਿਚੋਂ ਇੱਕ ਬਿੱਲ ਨਾਲ ਸਬੰਧਤ ਅਸ਼ੈਂਸ਼ਲ ਕੋਮਿਡੀਟੀਜ਼ ਵਾਲੇ ਐਕਟ ਦਾ ਫਾਇਦਾ ਲੈਣ ਲਈ ਇੱਕ ਵਿਦੇਸ਼ੀ ਕੰਪਨੀ ਵੀ ਸ਼ਾਮਲ ਹੋ ਗਈ। ਇਹ ਗੱਲ ਅੰਬਾਨੀ ਅਤੇ ਅੰਡਾਨੀ ਨੂੰ ਫੁੱਟੀ ਅੱਖ ਨਹੀਂ ਭਾਈ। ਹੁਣ ਹਾਲ ਇਹ ਹੋਇਆ ਲਗਦਾ ਕਿ ਨਾ ਖੇਡਣਾ ਨਾ ਖੇਡਣ ਦੇਣਾ, ਖੁੱਤੀ 'ਚ'। ਸੋ ਹਾਲ ਦੀ ਘੜੀ ਰਾਹ ਖਾਲੀ ਹੋ ਗਿਆ। ਨੱਕ 'ਚ ਪਈ ਨਕੇਲ ਥੋੜ੍ਹੀ ਢਿੱਲੀ ਹੋ ਗਈ ਤਾਂ ਸੰਘ 'ਚ ਅੜੀ ਹੱਢੀ ਬਾਹਰ ਕੱਢਣ ਦਾ ਮੌਕਾ ਵੱਡੇ ਹਾਕਮ ਨੂੰ ਮਿਲ ਗਿਆ।
ਬੁੱਧੀਜੀਵੀਆਂ ਵਲੋਂ ਕੀਤੇ ਜਾ ਰਹੇ ਸਰਵੇਖਣਾਂ ਅਨੁਸਾਰ ਇਹ ਸਾਰੀ ਖੇਡ ਕਿਸੇ ਹੱਦ ਤੱਕ ਸੱਚ ਵੀ ਜਾਪਦੀ ਹੈ। ਸਿਰਾਂ ਤੋਂ ਹਾਕਮੀ ਤਾਜ ਲਾਹੁਣੇ ਕਿਤੇ ਸੌਖੇ ਪਏ ਆ! ਨਾਲਦਿਆਂ ਸੰਘੀ 'ਚ ਨਹੁੰ ਦਿੱਤਾ ਹੋਣਾ, ਭਈ ਜਜਮਾਨਾਂ ਆਪ ਤਾਂ ਡੁਬੇਂਗਾ ਹੀ ਨਾਲ ਸਾਨੂੰ ਵੀ ਲੈ ਡੁਬੇਂਗਾ। ਆਹ ਛਪੰਜਾ ਇੰਚ ਛਾਤੀ ਦਾ ਸਾਈਜ਼ ਘਟਾ ਲਾ ਜ਼ਰਾ! 'ਬਿੱਲੀ ਭਾਣੇ ਛਿੱਕਾ ਟੁੱਟਾ' ਫੈਸਲਾ ਪਲਟਣ ਦੀ ਦੇਰ ਕਿ ਵੇਖ ਲਓ ਆਹ ਸਿਆਸੀ ਭੰਨ-ਤੋੜ ਨੇ ਕਿੰਵੇਂ ਤੇਜ਼ੀ ਫੜ ਲਈ ਹੈ। ਬੇਸ਼ਰਮੀ ਦੀ ਹੱਦ ਤੱਕ ਅੱਜ ਤੇਰੇ ਨਾਲ ਕੱਲ੍ਹ ਉਹਦੇ ਨਾਲ ਵਾਲੀ ਘਿਨੌਣੀ ਖੇਡ ਖੇਡਦਿਆਂ ਇਨ੍ਹਾਂ ਲੋਕਾਂ ਦੇ ਹੱਕਾਂ ਦੇ ਰਾਖਿਆਂ ਨੂੰ ਰਤਾ ਭਰ ਵੀ ਲੱਜ ਸ਼ਰਮ ਨਹੀਂ ਆਉਂਦੀ। ਪਾਲਾ ਬਦਲਦਿਆਂ ਦੇਰ ਨਹੀਂ ਲਾਉਂਦੇ। ਅੱਜ ਪੰਥਕ ਮੁੱਦਿਆਂ ਦੇ ਮੁਦਈ ਤੇ ਕੱਲ੍ਹ ਕੱਟੜ ਰਾਸ਼ਟਰਵਾਦੀ ਪਾਰਟੀ ਦੇ ਕਾਰਕੁੰਨ ਬਣ ਹਾਰ ਪੁਆ ਰਹੇ ਹਨ। ਆਮ ਆਦਮੀ ਤੋਂ ਖਾਸ ਆਦਮੀ ਬਣਨ ਵਿੱਚ ਰਤਾ ਭਰ ਦੀ ਢਿੱਲ ਨਹੀਂ ਕਰਦੇ, ਬੱਸ ਮੌਕਾ ਹੱਥ ਲੱਗੇ ਸਹੀ।
ਤਸੱਲੀ ਹੈ ਕਿ ਕਿਸਾਨ ਨੇਤਾ ਸਭ ਸਮਝਦੇ ਹਨ। 'ਮੋਰਚਾ ਸਮਾਪਤ ਨਹੀਂ ਹੋਇਆ ਸਿਰਫ਼ ਮੁਲਤਵੀ ਕੀਤਾ ਗਿਆ ਹੈ। ਲੰਮੇ ਸੰਘਰਸ਼ ਮੌਕੇ ਫ਼ੌਜਾਂ ਦਾ ਦਮ ਲੈ ਅਗਲੇ ਯੁੱਧ ਲਈ ਤਰੋਤਾਜ਼ਾ ਹੋਣਾ ਜ਼ਰੂਰੀ ਹੈ।' ਕਿਸਾਨ ਨੇਤਾਵਾਂ ਵਲੋਂ ਮੋਰਚੇ ਦੇ ਇਸ ਪੜਾਅ ਸਬੰਧੀ ਅਜਿਹਾ ਪ੍ਰਭਾਵ ਦੇਣਾ ਉਹਨਾਂ ਦੀ ਸੂਝ-ਬੂਝ ਅਤੇ ਦੂਰਦਰਸ਼ਤਾ ਦਰਸਾਉਂਦਾ ਹੈ। ਪੰਜਾਬ ਤੇ ਯੂ.ਪੀ. ਦੀਆਂ ਚੋਣਾਂ ਸਿਰ ਤੇ ਹਨ। ਉਮੀਦ ਕਰਦੇ ਹਾਂ ਸੰਘਰਸ਼ ਦੀ ਕੁਠਾਲੀ ਵਿਚੋਂ ਸੋਨਾ ਬਣ ਬਾਹਰ ਨਿਕਲੇ ਲੋਕ ਅਤੇ ਸੂਝਵਾਨ ਕਿਸਾਨ ਨੇਤਾ ਇਹਨਾਂ ਚੋਣਾਂ ਦੇ ਨਤੀਜਿਆਂ ਉਪਰ ਸਾਰਥਿਕ ਪ੍ਰਭਾਵ ਪਾਉਣਗੇ ਜੋ ਭਵਿੱਖ ਦੀ ਰਾਜਨੀਤੀ ਅਤੇ ਲੋਕ ਹਿੱਤਾਂ ਲਈ ਨਵੀਆਂ ਲੀਹਾਂ ਉਲੀਕਣਗੇ।
ਭਗਤ ਕਬੀਰ ਜੀ ਦੇ ਸ਼ਲੋਕ ਦੀਆਂ ਇਹ ਪੰਕਤੀਆਂ 'ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਓ॥ ਖੇਤ ਜੋ ਮਾਂਡਿਓ ਸੂਰਮਾ ਅਬ ਜੂਝਨ ਕਾ ਦਾਓ॥' ਮਨੁੱਖੀ ਜੀਵ ਨੂੰ ਅੰਦਰਲੇ ਵਿਕਾਰਾਂ ਨੂੰ ਦੂਰ ਕਰਨ ਲਈ ਆਪਣੇ ਅੰਤਰਮਨ ਦੇ ਮੈਦਾਨ ਵਿੱਚ ਕੁੱਦਣ ਲਈ ਪ੍ਰੇਰਦੀਆਂ ਹਨ। ਪਰ ਉਹੋ ਹੀ ਵਿਸ਼ੇ-ਵਕਾਰਾਂ ਤੇ ਲੋਭ ਲਾਲਚ ਰਹਿਤ ਮਨੁੱਖ ਜਦੋਂ ਮਨੁੱਖਤਾ ਦੇ ਭਲੇ ਲਈ ਆਪ ਜੂਝਦੇ ਹਨ ਅਤੇ ਹੋਰਾਂ ਨੂੰ ਜੂਝਣ ਲਈ ਪ੍ਰੇਰਦੇ ਹਨ ਤਾਂ ਉਦੋਂ ਇਹ ਗੁਰਵਾਕ ਦੁਨਿਆਵੀ ਅਰਥਾਂ ਵਿੱਚ ਵੀ ਸੱਚ ਹੋ ਨਿਬੜਦੇ ਹਨ। ਲੋਕ-ਘੋਲ ਵਿੱਚ ਮੁੜ ਜੂਝਣ ਦਾ ਸਮਾਂ ਸ਼ਾਇਦ ਬਹੁਤੀ ਦੂਰ ਨਾ ਹੋਵੇ ਕਿਉਂਕਿ ਇਹਨਾਂ ਮੌਕਾਪ੍ਰਸਤ ਨੇਤਾਵਾਂ ਅਤੇ ਧੰਨ ਦੇ ਲੋਭੀ ਧਨਾਢਾਂ ਦੀਆਂ ਤਿਜੌਰੀਆਂ ਦੇ ਮੂੰਹ ਸਦਾ ਖੁੱਲ੍ਹੇ ਰਹਿੰਦੇ ਹਨ ਭਰਦੇ ਨਹੀਂ।

## ਇੱਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ

ਹਰ ਝੋਲੀ, ਵਿਚ ਬਰਕਤ ਪਾਵੇ ਇਸ ਯੁਗ ਦਾ ਨਵ ਸਾਲ।
ਇੱਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ।
ਨਵ ਯੁਵਕਾਂ ਵਿਚ ਬੌਧਿਕ ਸ਼ਕਤੀ, ਉਤਮ ਵਿਦਿਆ ਹੋਏ।
ਜਿੱਦਾਂ ਅੰਬਰ ਦੇ ਵਿਚ ਤਾਰੇ, ਸੂਰਜ ਚੰਨ ਸਮੋਏ।
ਕੂੜ ਨਸ਼ਾ ਛਲਕਪਣ ਭਜਾਵੇ ਇਸ ਯੁਗ ਦਾ ਨਵ ਸਾਲ।
ਇਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ।

ਵੱਖੋ-ਵਖਰੇ ਫੁੱਲਾਂ ਦੇ ਵਿਚ ਵੱਖੋ-ਵੱਖ ਖ਼ੁਸ਼ਹਾਲੀ।
ਇਕ ਹੀ ਜੜ੍ਹ ਦੀ ਪੁੰਗਰਨ ਵਿਚੋਂ ਖਿੜ੍ਹ ਜਾਏ ਡਾਲੀ-ਡਾਲੀ।
ਘੁਣ ਤੋਂ ਹਰ ਇਕ ਡਾਲ ਬਚਾਵੇ ਇਸ ਯੁਗ ਦਾ ਨਵ ਸਾਲ।
ਇਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ।

ਸੱਤਾ ਦੇ ਵਿਚ ਸ਼ੁੱਧ ਸਿਆਸਤ ਦਾ ਅਨੁਸ਼ਾਸਨ ਹੋਵੇ।
ਰਿਸ਼ਵਤ ਭਰਿਸਟਾਚਾਰ ਮੁਕਾਵੇ ਦਾ.ਗ ਨਸ਼ੇ ਦਾ ਧੋਵੇ।
ਇਕ ਸੁੰਦਰ ਸੰਸਾਰ ਬਣਾਵੇ ਇਸ ਯੁਗ ਦਾ ਨਵ ਸਾਲ।
ਇੱਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ।


ਹਰ ਘਰ ਦੇ ਵਿਚ ਚੁੱਲ੍ਹਾ ਅਪਣੀ ਹੋਂਦ ਸਥਾਪਿਤ ਰੱਖੇ।
ਬੰਦਾ ਅਪਣੇ ਹਰ ਰਿਸ਼ਤੇ ਵਿਚ ਪਿਆਰ ਸਮਰਪਿਤ ਰੱਖੇ।
ਸਿਰਜਨਤਾ ਦੇ ਫੁੱਲ ਖਿੜਾਵੇ ਇਸ ਯੁਗ ਦਾ ਨਵ ਸਾਲ।
ਇੱਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ।

'ਬਾਲਮ' ਮਾਨਵਤਾ ਦੇ ਅੰਦਰ ਸ਼ਿਸ਼ਟਾਚਾਰ ਬਣੇਗਾ।
ਸਤਿਕਾਰ ਬਣੇ, ਕਿਰਦਾਰ ਬਣੇ, ਸ਼ੁੱਧ ਆਚਾਰ ਬਣੇਗਾ।
ਸਰਸਵਤੀ ਦੇ ਦੀਪ ਜਗਾਵੇ ਇਸ ਯੁਗ ਦਾ ਨਵ ਸਾਲ।
ਇੱਕ ਕਰਾਂਤੀ ਲੈ ਕੇ ਆਵੇ ਇਸ ਯੁਗ ਦਾ ਨਵ ਸਾਲ।



ਬਲਵਿੰਦਰ ਬਾਲਮ
ਵਟਸਐਪ - 98156-25409


# ਕਿਰਾਏਦਾਰ ਕੇਲਾ ਕਾਂਡ ਤੋਂ ਹੋਈ ਬਦਨਾਮੀ ਕਾਰਨ ਘਰ ਖਾਲੀ ਕਰ ਗਏ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਪੁਲਿਸ ਵਾਲਿਆਂ ਦੀ ਜ਼ਿੰਦਗੀ ਵਿੱਚ ਕਈ ਵਾਰ ਅਜੀਬ ਵਾਕਿਆਤ ਪੇਸ਼ ਆਉਂਦੇ ਹਨ। ਊਠ 'ਤੇ ਚੜ੍ਹੇ ਨੂੰ ਕੁੱਤਾ ਵੱਢ ਜਾਣ ਵਾਲੀ ਗੱਲ ਹੋ ਜਾਂਦੀ ਹੈ। ਕਈ ਸਾਲ ਪਹਿਲਾਂ ਥਾਣੇਦਾਰ ਰਾਜਵਿੰਦਰ ਸਿੰਘ (ਨਾਮ ਬਦਲਿਆ ਹੋਇਆ) ਅੰਮ੍ਰਿਤਸਰ ਦੇ ਨਜ਼ਦੀਕ ਕਿਸੇ ਥਾਣੇ ਦਾ ਐੱਸ.ਐੱਚ.ਉ. ਲੱਗਾ ਹੋਇਆ ਸੀ। ਉਸ ਦਾ ਘਰ ਅੰਮ੍ਰਿਤਸਰ ਸੀ ਤੇ ਅਕਸਰ ਹੀ ਉਹ ਦੂਸਰੇ ਚੌਥੇ ਦਿਹਾੜੇ ਰਾਤ ਨੂੰ ਘਰ ਚਲਾ ਜਾਂਦਾ ਸੀ। ਥਾਣੇ ਵਿੱਚ ਲੱਗੇ ਅਫਸਰ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਪ੍ਰਾਪਤ ਹੋ ਜਾਂਦੀਆਂ ਹਨ। ਕਦੇ ਕੋਈ ਵਿਆਹ ਸ਼ਾਦੀ ਦੇ ਕਾਰਡ ਨਾਲ ਮਿਠਾਈ ਦਾ ਡੱਬਾ ਦੇ ਜਾਂਦਾ ਹੈ ਤੇ ਕਦੇ ਕੋਈ ਬਾਗਾਂ ਦਾ ਠੇਕੇਦਾਰ ਸੰਤਰਿਆਂ, ਕਿੰਨੂਆਂ ਜਾਂ ਅਮਰੂਦਾਂ ਦਾ ਤੋੜਾ (ਗੱਟਾ) ਥਾਣੇ ਪਹੁੰਚਾ ਦਿੰਦਾ ਹੈ। ਰਾਜਵਿੰਦਰ ਵੀ ਜਦੋਂ ਘਰ ਜਾਂਦਾ ਤਾਂ ਪੱਲਿਉਂ ਜਾਂ ਤੋਹਫੇ ਵਜੋਂ ਮਿਲੇ ਫਲ ਫਰੂਟ ਲੈ ਕੇ ਜਾਂਦਾ। ਬੱਚੇ ਵੀ ਉਡੀਕਦੇ ਰਹਿੰਦੇ ਕਿ ਭਾਪਾ ਜੀ ਕੁਝ ਨਾ ਕੁਝ ਲੈ ਕੇ ਹੀ ਆਉਣਗੇ। ਰਾਜਵਿੰਦਰ ਦੀ ਕੋਠੀ ਦੇ ਨਾਲ ਦੇ ਘਰ ਵਾਲੇ ਅਮਰੀਕਾ ਰਹਿੰਦੇ ਸਨ ਤੇ ਕੋਠੀ ਦੀ ਉੱਪਰਲੀ ਮੰਜ਼ਿਲ ਉਨ੍ਹਾਂ ਨੇ ਕਿਰਾਏ 'ਤੇ ਦਿੱਤੀ ਹੋਈ ਸੀ। ਕਿਰਾਏਦਾਰ ਦੀ ਪਤਨੀ ਕਾਫੀ ਖ਼ੂਬਸੂਰਤ ਅਤੇ ਤੇਜ਼ ਤਰਾਰ ਕਿਸਮ ਦੀ ਸੀ। ਜਦੋਂ ਵੀ ਰਾਜਵਿੰਦਰ ਨੇ ਘਰ ਆਉਣਾ ਤਾਂ ਕਿਰਾਏਦਾਰ ਦਾ 6 – 7 ਸਾਲ ਦਾ ਮੁੰਡਾ ਗਲੀ ਵਿੱਚ ਖੇਡਦਾ ਹੋਇਆ ਮਿਲ ਜਾਣਾ ਜੋ ਕਾਫੀ ਲੀਚੜ ਕਿਸਮ ਦਾ ਜੀਵ ਸੀ। ਉਸ ਨੇ ਥਾਣੇਦਾਰ ਦੇ ਹੱਥਾਂ ਵਿੱਚ ਫੜ੍ਹੇ ਹੋਏ ਫਲਾਂ ਵਾਲੇ ਲਿਫਾਫੇ ਵੇਖ ਕੇ ਚੀਜ਼ੀ ਮੰਗ ਲੈਣੀ। ਰਾਜਵਿੰਦਰ ਨੇ ਵੀ ਉਸ ਨੂੰ ਕਦੇ ਨਿਰਾਸ਼ ਨਹੀਂ ਸੀ ਕੀਤਾ, ਕਦੇ ਕੇਲਾ ਤੇ ਕਦੇ ਸੇਬ ਉਸ ਦੀ ਤਲੀ 'ਤੇ ਧਰ ਦੇਣਾ। ਥੋੜ੍ਹੇ ਦਿਨਾਂ ਬਾਅਦ ਜਦੋਂ ਗੁਆਂਢਣ ਨੇ ਤਿਰਸ਼ੀ ਜਿਹੀ ਮੁਸਕਰਾਹਟ ਨਾਲ ਰਾਜਵਿੰਦਰ ਦਾ ਧੰਨਵਾਦ ਕੀਤਾ ਤਾਂ ਉਹ ਬਾਗੋ ਬਾਗ ਹੋ ਗਿਆ। ਇੱਕ ਦੋ ਫਲਾਂ ਤੋਂ ਵਧਦੀ ਹੋਈ ਗੱਲ ਦਰਜ਼ਨਾਂ ਕੇਲੇ, ਦੋ ਚਾਰ ਕਿੱਲੋ ਸੇਬ ਅਤੇ ਬਰਫੀ ਦੇ ਡੱਬਿਆਂ ਤੱਕ ਪਹੁੰਚ ਗਈ। ਇਸ ਤੋਂ ਪਹਿਲਾਂ ਕਿ ਤੋਤਾ ਮੈਨਾ ਦੀ ਇਹ ਪ੍ਰੇਮ ਕਹਾਣੀ ਕਿਸੇ ਅੰਜ਼ਾਮ ਤੱਕ ਪਹੁੰਚਦੀ, ਰਾਜਵਿੰਦਰ ਦੀ ਚੰਗੀ ਭਲੀ ਚੱਲਦੀ ਥਾਣੇਦਾਰੀ ਨੂੰ ਹੀਰ ਦੇ ਚਾਚੇ ਕੈਦੋਂ ਵਰਗੇ ਕਿਸੇ ਚੰਦਰੇ ਦੀ ਭੈੜੀ ਨਜ਼ਰ ਲੱਗ ਗਈ। ਉਹ ਖਾਧੀ ਪੀਤੀ ਵਿੱਚ ਇਲਾਕੇ ਦੇ ਇੱਕ ਅਹਿਮ ਲੀਡਰ ਨੂੰ ਕਿਸੇ ਕੰਮ ਤੋਂ ਜਵਾਬ ਦੇ ਬੈਠਾ। ਬੱਸ ਅੱਧੇ ਪੌਣੇ ਘੰਟੇ ਵਿੱਚ ਹੀ ਉਸ ਦੀ ਬਦਲੀ ਪੁਲਿਸ ਲਾਈਨ ਦੀ ਕਰ ਦਿੱਤੀ ਗਈ। ਜਿਲ੍ਹੇ ਦਾ ਐਸ.ਐਸ.ਪੀ. ਉਸ ਤੋਂ ਪਹਿਲਾਂ ਹੀ ਖਾਰ ਖਾਈ ਬੈਠਾ ਸੀ, ਕਿਉਂਕਿ ਰਾਜਵਿੰਦਰ ਉਸ ਤੋਂ ਵੇਹਰ ਕੇ ਸਿਆਸੀ ਸ਼ਿਫਾਰਿਸ਼ ਨਾਲ ਐੱਸ.ਐੱਚ.ਉ. ਲੱਗਾ ਸੀ ਤੇ ਕਦੇ ਲੋਹੜੀ ਦਿਵਾਲੀ ਵੇਲੇ ਉਸ ਨੂੰ ਸਲਾਮ ਮਾਰਨ ਨਹੀਂ ਸੀ ਗਿਆ। ਪੁਲਿਸ ਲਾਈਨ ਵਿੱਚ ਕੋਈ ਕੰਮ ਤਾਂ ਹੁੰਦਾ ਨਹੀਂ, ਬੱਸ ਵਿਹਲੇ ਹੀ ਰਹਿਣਾ ਹੁੰਦਾ ਹੈ। ਕੁਝ ਦਿਨਾਂ ਬਾਅਦ ਰਾਜਵਿੰਦਰ ਫਿਰ ਸ਼ਰਾਬ ਦੇ ਲੋਰ ਵਿੱਚ ਕਿਸੇ ਸਾਹਮਣੇ ਪਾਡੀ ਮਾਰ ਬੈਠਾ ਕਿ ਲੀਡਰ ਨੇ ਮੇਰਾ ਕੀ ਵਿਗਾੜ ਲਿਆ ਆ, ਆਹ ਟੌਹਰ ਨਾਲ ਬੈਠੇ ਆਂ। ਜਦੋਂ ਜੀਅ ਕੀਤਾ ਦੁਬਾਰਾ ਐੱਸ.ਐੱਚ.ਉ ਲੱਗ ਜਾਵਾਂਗੇ। ਦੁਸ਼ਮਣਾਂ ਨੇ ਉਸ ਦੀ ਗੱਲ ਲੂਣ ਮਿਰਚ ਲਗਾ ਕੇ ਲੀਡਰ ਸਾਹਮਣੇ ਜਾ ਪਰੋਸੀ ਕਿ ਜ਼ਨਾਬ ਉਹ ਤਾਂ ਤੁਹਾਡੀ ਪ੍ਰਵਾਹ ਹੀ ਨਹੀਂ ਕਰ ਰਿਹਾ, ਕਹਿੰਦਾ ਮੈਂ ਤਾਂ ਮੌਜ਼ਾਂ ਕਰ ਰਿਹਾ ਹਾਂ।
ਲੀਡਰ ਨੇ ਉਸੇ ਵੇਲੇ ਐੱਸ.ਐੱਸ.ਪੀ. ਨੂੰ ਫੋਨ ਮਾਰਿਆ ਕਿ ਇਸ ਬਾਗੀ ਥਾਣੇਦਾਰ ਨੂੰ ਐਸਾ ਸਬਕ ਸਿਖਾਉ ਕਿ ਇਸ ਦਾ ਦਿਮਾਗ ਸੈਂਟਰ ਵਿੱਚ ਆ ਜਾਵੇ। ਬੱਸ ਅਗਲੇ ਦਿਨ ਤੋਂ ਰਾਜਵਿੰਦਰ ਦੇ ਬੁਰੇ ਦਿਨ ਸ਼ੁਰੂ ਹੋ ਗਏ। ਪੁਲਿਸ ਲਾਈਨ ਦੇ ਮੁੰਸ਼ੀ ਅਤੇ ਐਲ.ਉ. ਆਦਿ, ਐਸ.ਐਚ.ਉਆਂ ਨੂੰ ਪਹਿਲਾਂ ਹੀ ਚੰਗਾ ਨਹੀਂ ਸਮਝਦੇ। ਜੇ ਕੋਈ ਐਸ.ਐਚ.ਉ. ਪੋਸਟਿੰਗ ਸਮੇਂ ਇਨ੍ਹਾਂ ਨੂੰ ਗਾਹੇ ਬਗਾਹੇ ਦੋ ਚਾਰ ਬੋਤਲਾਂ ਭੇਜਦਾ ਰਹੇ ਤਾਂ ਉਸ ਦੀ ਪੁਲਿਸ ਲਾਈਨ ਦੀ ਪੋਸਟਿੰਗ ਚੰਗੀ ਕੱਟੀ ਜਾਂਦੀ ਹੈ। ਪਰ ਜੇ ਕੋਈ ਰਾਜਵਿੰਦਰ ਵਰਗਾ ਕਾਬੂ ਆ ਜਾਵੇ ਤਾਂ ਫਿਰ ਉਸ ਦੇ ਪੈਰ ਨਹੀਂ ਲੱਗਣ ਦਿੰਦੇ। ਰਾਜਵਿੰਦਰ ਨੂੰ ਵੀ ਸਭ ਤੋਂ ਔਖੀ ਮੰਨੀ ਜਾਂਦੀ ਪੇਸ਼ੀ ਡਿਊਟੀ 'ਤੇ ਲਗਾ ਦਿੱਤਾ ਗਿਆ, ਅੱਜ ਲੁਧਿਆਣੇ ਤੇ ਕਲ੍ਹ ਨੂੰ ਫਿਰੋਜ਼ਪੁਰ। ਅਜੇ ਰਸਤੇ ਵਿੱਚ ਹੀ ਹੁੰਦਾ ਕਿ ਅਗਲੇ ਦਿਨ ਦੀ ਡਿਊਟੀ ਪੜ੍ਹਾ ਦਿੱਤੀ ਜਾਂਦੀ। ਤੜ੍ਹਕੇ ਉੱਠ ਕੇ ਜੇਲ੍ਹ ਵਿੱਚੋਂ ਬਦਮਾਸ਼ ਲੈ ਕੇ ਟਾਈਮ ਸਿਰ ਅਦਾਲਤ ਵਿੱਚ ਪੇਸ਼ ਕਰਨੇ ਪੈਂਦੇ। ਜੇ ਕਿਤੇ ਲੇਟ ਹੋ ਜਾਂਦਾ ਤਾਂ ਜੱਜ ਕੋਲੋਂ ਰੱਜ ਕੇ ਝਿੜ੍ਹਕਾਂ ਪੈਂਦੀਆਂ। ਅੱਗੇ ਬਦਮਾਸ਼ ਵੀ ਪੂਰੇ ਵਿਗੜੇ ਹੋਏ ਹੁੰਦੇ ਹਨ। ਰੰਗ ਬਿਰੰਗੇ ਮੁਕਤਸਰੀ ਕੁੜਤੇ ਪਜਾਮੇ ਪਹਿਨ ਕੇ ਗੁੱਗੂ ਗਿੱਲ ਦੀ ਤਰਾਂ ਆਕੜ ਆਕੜ ਕੇ ਤੁਰਦੇ ਹਨ। ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਬਦਮਾਸ਼ਾਂ ਨੂੰ ਹੱਥਕੜੀ ਨਹੀਂ ਲਗਾਈ ਜਾ ਸਕਦੀ। ਪਰ ਜੇ ਕੋਈ ਬਦਮਾਸ਼ ਹੱਥ ਛੁਡਾ ਕੇ ਭੱਜ ਜਾਵੇ ਤਾਂ ਪੁਲਿਸ ਵਾਲਿਆਂ ਨੂੰ ਨੌਕਰੀ ਤੋਂ ਹੱਥ ਜਰੂਰ ਧੋਣੇ ਪੈ ਸਕਦੇ ਹਨ। ਨਿੱਤ ਦੀ ਡਿਊਟੀ ਦੇ ਝੰਬੇ ਰਾਜਵਿੰਦਰ ਨੂੰ ਇਸ਼ਕ ਮੁਸ਼ਕ ਭੁੱਲ ਗਿਆ। ਜਦੋਂ ਸੜੇ ਫੂਕੇ ਨੇ ਖਾਲੀ ਹੱਥ ਘਰ ਪਹੁੰਚਣਾ ਤਾਂ ਗੁਆਂਢਣ ਦੇ ਗਿੱਝੇ ਹੋਏ ਲੀਚੜ ਮੁੰਡੇ ਨੇ ਚੀਜ਼ੀ ਲੈਣ ਲਈ ਉਸ ਦੇ ਅੱਗੇ ਹੋ ਜਾਣਾ। ਕਈ ਵਾਰ ਤਾਂ ਐਨਾ ਗੁੱਸਾ ਚੜ੍ਹਨਾ ਕਿ ਉਸ ਦੇ ਦੋ ਚਾਰ ਥੱਪੜ ਜੜਨ ਨੂੰ ਦਿਲ ਕਰਨਾ। ਪਰ ਫਿਰ ਵਿਚਾਰੇ ਨੇ ਗੁਆਂਢਣ ਬਾਰੇ ਸੋਚ ਕੇ ਲਹੂ ਦਾ ਘੁੱਟ ਭਰ ਕੇ ਰਹਿ ਜਾਣਾ। ਪਰ ਰੱਬ ਨੂੰ ਅਜੇ ਰਾਜਵਿੰਦਰ ਦੀ ਹੋ ਰਹੀ ਦੁਰਦਸ਼ਾ ਨਾਲ ਸਬਰ ਨਹੀਂ ਸੀ ਆਇਆ। ਕੁਝ ਦਿਨਾਂ ਬਾਅਦ ਰਾਜਵਿੰਦਰ ਦੀ ਪਤਨੀ ਤੇ ਗੁਆਂਢਣ ਗਲੀ ਵਿੱਚ ਖੜੀਆਂ ਰੇਹੜੀ ਵਾਲੇ ਤੋਂ ਸਬਜ਼ੀ ਖਰੀਦ ਰਹੀਆਂ ਸਨ। ਗੁਆਂਢੀ ਹੋਣ ਕਾਰਨ ਦੋਵਾਂ ਵਿੱਚ ਕਾਫੀ ਸਹੇਲਪੁਣਾ ਹੋ ਗਿਆ ਸੀ। ਗੁਆਂਢਣ ਭੋਲੇ ਭਾਅ ਬੋਲੀ, ਉਹੈਂ ਭੈਣ ਜੀ, ਅੱਜ ਕਲ੍ਹ ਭਾਜੀ ਪੁਲਿਸ ਲਾਈਨ ਵਿੱਚ ਲੱਗੇ ਹੋਏ ਨੇ?" ਥਾਣੇਦਾਰਨੀ ਨੂੰ ਸੁਣ ਕੇ ਤੂੰਹੇ ਲੜ ਗਏ। ਉਹ ਹੱਥ ਵਿੱਚ ਫੜ੍ਹੀ ਧਨੀਏ ਦੀ ਗੁੱਛੀ ਰੇਹੜੀ 'ਤੇ ਸੁੱਟ ਕੇ ਬੋਲੀ, ਉਤੈਨੂੰ ਕਿਵੇਂ ਪਤਾ ਲੱਗਾ ਕਿ ਉਹ ਕਿੱਥੇ ਲੱਗੇ ਹੋਏ ਨੇ?" ਆਉਣ ਵਾਲੀ ਪਰਲੋ ਤੋਂ ਅਣਜਾਣ ਗੁਆਂਢਣ ਨੇ ਸਾਰਾ ਭੇਤ ਖੋਲ੍ਹ ਦਿੱਤਾ, ਉਭਾਜੀ ਦੇ ਹਾਵ ਭਾਵ ਤੋਂ। ਪਹਿਲਾਂ ਤਾਂ ਉਹ ਮੇਰੇ ਰਿੰਟੂ ਦੇ ਇੱਕ ਕੇਲਾ ਮੰਗਣ 'ਤੇ ਕੇਲਿਆਂ ਸੇਬਾਂ ਦੇ ਲਿਫਾਫੇ ਫੜ੍ਹਾ ਦਿੰਦੇ ਸਨ, ਹੁਣ ਤੇ ਕਦੇ ਟੌਫੀ ਵੀ ਨਹੀਂ ਦਿੱਤੀ। ਮੈਨੂੰ ਕਿਸੇ ਨੇ ਦੱਸਿਆ ਸੀ ਕਿ ਪੁਲਿਸ ਲਾਈਨ 'ਚ ਲੱਗਣ 'ਤੇ ਪੁਲਿਸ ਵਾਲਿਆਂ ਦੇ ਹੱਥ ਪੱਲੇ ਕੁਝ ਨਹੀਂ ਰਹਿੰਦਾ।" ਥਾਣੇਦਾਰਨੀ ਸਕਿੰਟਾਂ ਵਿੱਚ ਸਾਰਾ ਮਾਜ਼ਰਾ ਸਮਝ ਗਈ ਕਿ ਇਥੇ ਤਾਂ ਉਸ ਦੇ ਨੱਕ ਥੱਲੇ ਹੋਰ ਹੀ ਗੇਮ ਚੱਲ ਰਹੀ ਹੈ। ਉਸ ਨੇ ਸਾਖਸ਼ਾਤ ਚੰਡੀ ਦਾ ਰੂਪ ਧਾਰ ਲਿਆ, ਉਤੇਰਾ ਬੇੜਾ ਗਰਕ ਹੋ ਜਾਵੇ ਡੈਣੇ। ਤੇਰਾ ਖਸਮ ਮਰ ਗਿਆ ਜੋ ਤੂੰ ਮੇਰੇ ਵਾਲੇ ਦੇ ਹਾਵ ਭਾਵ ਵੇਖਦੀ ਫਿਰਦੀ ਐਂ। ਖੜ੍ਹ ਜਾ ਤੈਨੂੰ ਬਣਾਉਂਦੀ ਆਂ ਬੰਦੇ ਦੀ। ਦੇਨੀ ਆਂ ਤੈਨੂੰ ਬਦਾਮਾਂ ਦੀ ਬੋਰੀ।" ਬਹੁਤ ਮੁਸ਼ਕਿਲ ਨਾਲ ਆਂਢ ਗੁਆਂਢ ਨੇ ਦੋਵਾਂ ਨੂੰ ਗੁੱਥਮ ਗੁੱਥਾ ਹੋਣ ਤੋਂ ਬਚਾਇਆ। ਰਾਤ ਨੂੰ ਜਦੋਂ ਰਾਜਵਿੰਦਰ ਹਾੜ੍ਹ ਦੇ ਮਹੀਨੇ ਦੀ ਗਰਮੀ ਕਾਰਨ ਪਸੀਨੇ ਨਾਲ ਪੱਥ ਪੱਥ ਹੋਇਆ ਘਰ ਪਹੁੰਚਿਆ ਤਾਂ ਸਾਰੇ ਘਰ ਦੀਆਂ ਬੱਤੀਆਂ ਬੰਦ ਸਨ। ਘਰ ਵਾਲੀ ਕੈਕਈ ਵਾਂਗ ਕੋਪ ਭਵਨ ਵਿੱਚ ਪਈ ਸੀ। ਨਾ ਪਤੀਲੇ ਵਿੱਚ ਸਬਜ਼ੀ ਤੇ ਨਾ ਛਿੱਕੂ ਵਿੱਚ ਰੋਟੀਆਂ। ਜਦੋਂ ਉਸ ਨੇ ਘਰ ਵਾਲੀ ਤੋਂ ਪਾਣੀ ਮੰਗਿਆ ਤਾਂ ਉਹ ਅੱਗੋਂ ਚਾਰੇ ਚੁੱਕ ਕੇ ਪਈ, ਉਜਾ ਉਸ ਚੁੜੇਲ ਕੋਲੋਂ ਖਾ ਜਾ ਕੇ ਰੋਟੀਆਂ ਜਿਸ ਨੂੰ ਫਲਾਂ ਦੇ ਲਿਫਾਫੇ ਦਿੰਦਾ ਰਿਹਾ ਆਂ।" ਸਾਉਣ ਦੇ ਮਹੀਨੇ ਡਿੱਗੀ ਬਿਜਲੀ ਵਾਂਗ ਪਈ ਇਸ ਨਵੀਂ ਮੁਸੀਬਤ ਕਾਰਨ ਰਾਜਵਿੰਦਰ ਡੌਰ ਭੌਰ ਰਹਿ ਗਿਆ। ਉਸ ਦਾ ਕਲੇਜਾ ਮੂੰਹ ਨੂੰ ਆ ਗਿਆ ਤੇ ਜ਼ਿੰਦਗੀ ਦਾ ਪਹਿਲਾ ਦਿਲ ਦਾ ਦੌਰਾ ਪੈਣ ਦੇ ਲੱਛਣ ਦਿਖਾਈ ਦੇਣ ਲੱਗੇ। ਉਸ ਨੇ ਸੋਚਿਆ ਕਿ ਰੁੱਸੇ ਹੋਏ ਲੀਡਰ ਨੂੰ ਤਾਂ ਉਹ ਕਿਸੇ ਨਾ ਕਿਸੇ ਤਰਾਂ ਹੱਥ ਪੈਰ ਜੋੜ ਕੇ ਮਨਾ ਹੀ ਲੈਂਦਾ, ਪਰ ਇਸ ਗ੍ਰਹਿ ਮੰਤਰੀ ਦਾ ਕੀ ਕਰਾਂ? ਅਖੀਰ ਕਿਤੇ ਮਹੀਨੇ ਵੀਹ ਦਿਨ ਬਾਅਦ ਉਦੋਂ ਉਸ ਦੀ ਖਲਾਸੀ ਹੋਈ, ਜਦੋਂ ਕਿਰਾਏਦਾਰ ਕੇਲਾ ਕਾਂਡ ਤੋਂ ਹੋਈ ਬਦਨਾਮੀ ਕਾਰਨ ਘਰ ਖਾਲੀ ਕਰ ਕੇ ਚਲੇ ਗਏ।



# ਪਾਲੀ ਦੇਤਵਾਲੀ ਦੇ ਗੀਤ ਪਰਿਵਾਰ ਵਿੱਚ ਬੈਠਕੇ ਸੁਣੇ ਦੇਖੇ ਜਾ ਸਕਦੇ ਹਨ



ਕਾਲਾ ਸਿੰਘ ਸੈਣੀ,
ਮੋਬਾ:98767-20402



ਜਿਲ੍ਹਾ ਲੁਧਿਆਣਾ ਦੀ ਵੱਖੀ 'ਚ ਵਸਦੇ ਪਿੰਡ ਦੇਤਵਾਲ ਵਿਖੇ ਸਾਧਾਰਨ ਪਰਿਵਾਰ ਪਿਤਾ ਨਰਾਇਣ ਸਿੰਘ ਅਤੇ ਮਾਤਾ ਭਗਵੰਤ ਕੌਰ ਦੇ ਵਿਹੜੇ ਦਾਚਿਰਾਗ ਪ੍ਰੀਤਪਾਲ ਸਿੰਘ ਗੀਤ, ਸੰਗੀਤ ਦੇ ਖੇਤਰ 'ਚ ਪਾਲੀ ਦੇਵ ਵਾਲੀਆ ਦੇ ਨਾਮ ਨਾਲ ਮਕਬੂਲ ਹੋਇਆ ਹੈ। ਪਾਲੀ ਨੂੰ ਆਪਣੀ ਜਨਮ ਭੌਇੰ ਨਾਲ ਵੀ ਅੰਤਾਂ ਦਾ ਮੋਹਹੈ। ਉਸ ਨੇ ਆਪਣੇ ਨਾਂ ਨਾਲ ਪਿੰਡ ਦਾ ਨਾਂ ਜੋੜ ਕੇ ਆਪਣੀ ਜਨਮ ਭੌਇੰ ਦੀ ਮਿੱਟੀ ਨੂੰ ਵੀ ਸੰਗੀਤ ਜ਼ਰੀਏ ਦੇਸ਼ਾਂ-ਵਿਦੇਸ਼ਾ ਤਕ ਰੌਸ਼ਨ ਕੀਤਾ ਹੈ। ਸੰਗੀਤ ਦੀ ਦੁਨੀਆਂ 'ਚ ਉਹ ਪਹਿਲਾ ਬਤੌਰ ਗੀਤਕਾਰ ਵੱਜੋਂ ਦਾਖਲ ਹੋਇਆ ਹੈ। ਉਸ ਦੇ ਗੀਤਾਂ 'ਚ ਪੰਜਾਬੀ ਸੱਭਿਆਚਾਰ ਵਿਰਸੇ ਦੀ ਮਹਿਕ ਆਉਂਦੀ ਹੈ। ਸ਼ਬਦ ਬੁਣਦਾ-ਬੁਣਦਾ ਉਹ ਸੋਚਾਂ ਦੇ ਆਗੋਸ਼ 'ਚ ਚਲਾਜਾਂਦਾ ਹੈ ਤੇ ਜਦੋਂ ਬਾਹਰਨਿਕਲਦਾ ਹੈ ਤਾਂ ਲੋਕ ਗੀਤਾਂ ਵਰਗੀਆਂ ਸਤਰਾਂ ਦਾ ਸਿਰਜਣਹਾਰ ਬਣ ਜਾਂਦਾਹੈ। ਗੀਤਕਾਰੀ ਦਾ ਰੰਗ ਉਸ ਨੂੰ ਬਚਪਨ ਤੋਂ ਹੀ ਪੈ ਗਿਆ ਸੀ। ਵਿਆਹਾਂ ਮੌਕੇ ਘਰਾਂ ਦੇ ਬਨੇਰਿਆਂ 'ਤੇ ਜਾ ਕਿਸੇ ਹੋਰਖ਼ਸ਼ੀ 'ਤੇ ਮੰਜੇ ਜੋੜ ਕੇ ਜਾਂ ਇੱਟਾਂ ਦਾਥੜਾ ਜਿਹਾ ਬਣਾ ਕੇ ਲਾਏ ਜਾਂਦੇ ਲਾਊਡ ਸਪੀਕਰ 'ਚ ਕਿਸੇ ਗਾਉਣ ਵਾਲੇ ਦੀ ਸ਼ੁਰੀਲੀ ਆਵਾਜ਼ ਉਸ ਨੂੰ ਸੁਣਾਈ ਦਿੰਦੀ ਤਾਂ ਉਹ ਸਾਇਕਲ ਦੇ ਪੈਡਲ ਮਾਰਨੇ ਭੁੱਲ ਜਾਂਦਾ। ਗੀਤਾਂ ਨੂੰ ਗੁਣ-ਗੁਣਾਉਂਦਾ ਰਹਿੰਦਾ। ਹੌਲੀ-ਹੌਲੀ ਇਹ ਮੁਖੜੇ ਗੀਤਾਂ ਦਾਰੂ ਪਧਾਰਨ ਕਰਦੇ ਗਏ। ਸਕੂਲ ਦੀ ਦਸ਼ਵੀਂ ਜਮਾਤ 'ਚ ਪੜ੍ਹਦੇ ਸਮੇਂ ਸਭ ਤੋਂ ਪਹਿਲਾ ਆਪਣੇ ਲਿਖੇ ਧਾਰਮਿਕ ਗੀਤ ਸੁਣਾਉਂਦਾ ਦਾ ਮੌਕਾ ਮਿਲਦਾ। ਗੀਤ ਦੇ ਬੋਲ ਹਨ: 'ਗੁਰੂ ਅਰਜੁਨ ਦੇਵ ਸ਼ਹੀਦਾਂ ਦੇ ਤਾਹੀਓ ਸਰਤਾਜ ਅਖਵਾਉਦੇ ਨੇ',। ਗੀਤ ਲਿਖਣ ਦੀ ਚੇਟਕ ਨਾਲ ਉਹ ਕਲਮ ਦੇ ਹੁਸਨ ਨਾਲ ਕਾਗਜਾਂ ਦੇ ਚਿਹਰਿਆਂ ਦੇ ਨਕਸ ਨਿਖਾਰਨ ਲੱਗ ਪਿਆ।

ਪਾਲੀ ਦੇਤ ਵਾਲੀਆ ਦੇ ਲਿਖੇ ਗੀਤਾਂ ਨੂੰ ਸਭ ਤੋਂ ਪਹਿਲਾਲੋਕ ਗਾਇਕ ਸੁਰਿੰਦਰ ਛਿੰਦਾ ਨੇ ਗੀਤ 'ਕਿ ਕਰਾਂ ਕਰਤਾਰੋ ਗੱਡੀ ਛੇ ਸਿਲੰਡਰਦੀ', 'ਨੀਂ ਤੂੰ ਮਾਲਵੇ ਦੀ ਜੱਟੀ ਅਖਵਾਉਂਦੀ', 'ਬੋਲੇ ਚਿਮਟਾਸਾਧ ਦੇ ਡੇਰੇ','ਝਾਂਜਰਾਂ ਕਢਵਾਦੇ ਹਾਣੀਆਂ', ਨੇ ਰਿਕਾਰਡ ਕਰਵਾਏ ਹਨ। ਇਨ੍ਹਾਂ ਗੀਤਾਂ ਨਾਲ ਪਾਲੀ ਦੀ ਗੀਤਕਾਰੀ ਖੇਤਰ ' ਗੂੜ੍ਹੀ ਪਛਾਣ ਬਣਨ ਗਈ। ਬਸ ਫੇਰ ਕਿ.. ..ਉਸ ਦੀ ਗੀਤਕਾਰੀ ਦਾਸ ਫ਼ਰ ਦਿਨੋਂ-ਦਿਨ ਹੋਰ ਵੀ ਸੋਹਣਾ ਹੁੰਦਾ ਹੋਇਆ ਅਮਿੱਟ ਪੈੜਾ ਪਾਉਂਦਾ ਲੱਗ ਪਿਆ। ਅੱਗੇ ਵਧਕੇ ਉਸ ਦੀ ਕਲਮ ਦੀ ਉਪਜ ਗੀਤਾਂ ਨੂੰ ਪੰਜਾਬ ਤੋਂ ਲੈ ਕੇ ਦੇਸ਼-ਵਿਦੇਸ਼ ਵਿਚ ਵਸਦੇ ਸੁਰੀਲੇ ਗਾਇਕਾਂ 'ਤੇ ਗਾਇਕਾਵਾਂ ਨੇ ਰਿਕਾਰਡਜ਼ ਕਰਵਾਏ ਹਨ। ਅਜੋਂਕੇ ਸਮੇਂ ਦੇ ਉਟ-ਪਟਾਂਗ ਵਿਸ਼ਿਆਂ ਵਾਲੇ ਗੀਤਾਂ 'ਚ ਦੂਰ ਰਹਿ ਕੇ ਉਸ ਦੇ ਲਿਖੇ 450 ਦੇ ਕਰੀਬ ਗੀਤ ਰਿਕਾਰਡਰ ਕਰਵਾਏ ਹਨ। ਪਾਲੀ ਦੇਤ ਵਾਲੀਆ ਦੀ ਕਲਮ ਦੇ ਸ਼ਿੰਗਾਰ ਲੋਕ ਗੀਤ 'ਚ ਕੁਝ ਗੀਤ 'ਰੱਖ ਲੈਕਲੀਨਰ ਯਾਰਾਂ ਵੇ ਲੰਮਿਆਂ ਰੂਟਾਂ 'ਤੇ (ਸੁਰਿੰਦਰ ਛਿੰਦਾ), ਇਕ ਵੀਰਦੇਈਂ ਵੇ ਰੱਬਾ ਸਹੁੰ ਖਾਣ ਨੂੰ ਬੜਾ ਚਿੱਤ ਕਰਦਾ.. (ਕੁਲਦੀਪ ਮਾਣਕ), 'ਰੁੱਸੇ ਨੂੰ ਮਨਾਂ ਲੈਂਦੀ ਆਂ..',(ਜਸਵੰਤ ਸੰਦੀਲਾ),(ਪਰਮਿੰਦਰ ਸੰਧੂ), 'ਧੀਆਂ ਪ੍ਰਦੇਸਣਾਂ.. (ਕੁਲਦੀਪ ਮਾਣਕ), ਜੁਗਨੀ ਯਾਰਾਂ ਦੀ ਹੋ ਜੁਗਨੀ ਬੇਲੀਆਂ ਦੀ','ਪੱਤਲੋ ਨੇ ਨੱਚ ਨੱਚ ਕੇ ਵਿਹੜੇ ਲੰਬੜਾਂ ਦੇ ਪਾਤਿਆ ਦੁਹਾਇਆਂ','ਮਾਂ ਦਾ ਦਿਲ','ਰੋਅ-ਰੋਅ ਕੇ ਬੱਕੀ ਖੜੀ ਵੈਣ ਪਾਉਂਦੀ ਐਂ..','ਮੈਂ ਏਥੇ 'ਤੇ ਮਾਹੀ ਲੁਧਿਆਣੇ..', (ਕੁਲਦੀਪ ਮਾਣਕ),'ਸੁੱਖ ਲਈਆਂ ਪੰਜ ਮੱਸਿਆਂ ਪਹਿਲੀ ਮੱਸਿਆਂ ਕੰਨਾਂ ਨੂੰ ਹੱਥ ਲਾਵੇ', ਯਾਰਾਂ ਦੀ ਵਧੇ ਦੋਸਤੀ, (ਸੁਰਿੰਦਰ ਛਿੰਦਾ), ਭਾਬੀਏ ਭਰਿਡ ਰੰਗੀਏ ਪੂੰਨ ਖੱਟ ਲੈਬਣਾ ਕੇ ਜੋੜੀ',(ਅਮਰ ਸਿੰਘ ਚਮਕੀਲਾ ਬੀਬਾ ਅਮਰਜੋਤ), 'ਭੈਣ ਵੀਰਾਂ ਕੋਲੋ ਹੋ ਕੇ ਵੀਪਰਾਈ ਰੱਬ ਕੋਲੋ ਖੈਰ ਮੰਗਦੀ', (ਕੁਲਦੀਪ ਪਾਰਸ), 'ਚਿੰਚੀ ਵਿੱਚ ਵੇਖ ਛੱਲਾ ਯਾਦਤੇਰੀ ਆਈ ਵੇ',(ਸੁਰਿੰਦਰ ਕੌਰ), 'ਨੀਂ ਸੋਨੇ ਦੇ ਕਲਿਪਾਂ ਵਾਲਿਏ ਹਰ ਮੱਸਿਆ 'ਤੇ ਗੇੜਾ',(ਅਕਬਰ ਯੋਧਾ), ਆਦਿ ਗੀਤ ਪੰਜਾਬੀ ਗਾਇਕ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ, ਜਸਵੰਤ ਸੰਦੀਲਾ, ਮਰਹੂਮ ਪਰਮਿੰਦਰ ਸੰਧੂ, ਕੁਲਦੀਪ ਪਾਰਸ, ਬਲਵਿੰਦਰ ਸਫਰੀ,ਮਰਹੂਮ ਅਮਰ ਸਿੰਘ ਚਮਕੀਲਾ ਬੀਬਾ ਅਮਰਜੋਤ, ਸਿਮਰਨ ਸਿੰਮੀ, ਕਰਤਾਰ ਰਮਲਾ, ਸੁਖਵੰਤ ਕੌਰ, ਰੰਗੀਲਾ ਜੱਟ, ਰਾਮੇਸ਼ ਰੰਗੀਲਾ, ਸਵਰਨ ਬਾਵਾ, ਸੁਰਿੰਦਰ ਛਿੰਦੀ, ਅਕਬਰ ਯੋਧਾ, ਗੁਲਸ਼ਨ ਕੋਮਲ, ਸੀਤਲ ਸਿੰਘ ਸੀਤਲ, ਕੁਮਾਰੀ ਲਾਜ, ਕਰਤਾਰ ਰਮਲਾ, ਸੁਰਿੰਦਰ ਕੌਰ, ਸੁਰਿੰਦਰ ਸੋਨੀਆ, ਸ਼ੰਤੋਸ਼ਲਤਾ, ਦਿਲਰਾਜ ਕੌਰ, ਸੁਖਵੰਤ ਸੁੱਖੀ, ਕੁਲਦੀਪ ਕੌਰ, ਨਿਰਮਲ ਸਿੱਧੂ, ਬਲਵਿੰਦਰ ਸਫ਼ਰੀ, ਯੂ ਕੇ, ਰਮਤਾ ਯੂ ਕੇ ਟਹਿਲ ਸਿੰਘ ਮਲੰਗ, ਸੁਰਿੰਦਰ ਸ਼ਰਮਾ, ਗੁਰਪਾਲ ਭਿੰਡਰ, ਕੇ.ਐਲ.ਮਲਹੋਤਰਾ, ਪਰਵੀਨ, ਨੀਲਮ ਰਾਣੀ, ਸੀਮਾ ਗਰੇਵਾਲ, ਸੁਦੇਸ਼ ਕੁਮਾਰੀ,ਬਲਰਾਜ ਰਾਣਾ, ਬੀਬਾ ਨੀਲਮ, ਰੋਬਟਬੋਬ ਕੈਨੇਡਾ,ਗੁਰਦੇਵ ਦਿਲਗੀਰ, ਜਗਮੋਹਨ ਕੌਰ, ਲੈਹਿਬਰ ਹੁਸੈਨਪੁਰੀ ਦੀ ਆਵਾਜ਼ 'ਚ ਰਿਕਾਰਡਜ਼ ਗੀਤਾਂ ਨਾਲਆਪਣੇ ਨਾਮ ਨਾਲ ਪਿੰਡ ਦੇਤਵਾਲ ਲਗਾ ਕੇ ਗੀਤ, ਸੰਗੀਤ ਦੇ ਖੇਤਰ 'ਚ ਚਰਚਾ 'ਚ ਲੈ ਕੇ ਆਇਆ ਹੈ।

ਬਤੌਰ ਗੀਤਕਾਰੀ ਤੋਂ ਅੱਗੇ ਵਧਕੇ ਪਾਲੀਦੇਤਵਾਲੀਆ ਨੇ ਲੋਕ ਗਾਇਕ ਵੀਆਪਣੀ ਗਾਇਕੀ ਨਾਲਨਾਮਣਾ ਖੱਟਿਆ ਹੈ। ਸੰਗੀਤ ਸਮਰਾਟ ਚਰਨਜੀਤ ਅਹੂਜਾ ਸਾਬ ਦੇ ਸਟੂਡਿਓ ਤੋਂ ਹੋਇਆ ਹੈ। ਹੋਇਆ ਇਸ ਤਰ੍ਹਾਂ ਕਿ ਮਰਹੂਮ ਗਾਇਕ ਕੁਲਦੀਪ ਮਾਣਕ ਦੀ ਧਾਰਮਿਕ ਕੈਸਟ' ਅਡੋਲ ਖਾਲਸਾ' ਦੀ ਰਿਕਾਰਡਿੰਗ ਦੀ ਤਿਆਰੀ ਸਟੂਡਿਓ 'ਚ ਚੱਲ ਰਹੀ ਹੀ ਸੀ ਕਿ ਗਾਇਕੀ ਦੇ ਹੀਰੇ ਤਰਾਸ਼ਣ ਵਾਲੇ ਸੰਗੀਤ ਸਮਰਾਟ ਚਰਨਜੀਤ ਅਹੂਜਾ ਸਾਬਦੀ ਹੱਲਾਸੇਰੀ ਨੇ ਪਾਲੀ ਨੂੰ ਗਾਉਣ ਲਈ ਕਿਹਾ ਤਾਂਪਹਿਲੀਵਾਰੀਕੈਸੇਟ'ਅਡੋਲਖਾਲਸਾ' 'ਚ ਪਾਲੀ ਦੇਤਵਾਲੀਆਂ ਦੇ ਲਿਖੇ ਗੀਤ ਪਾਲੀ ਦੀ ਆਵਾਜ਼ 'ਚ ਧਾਰਮਿਕ ਗੀਤ 'ਸਤਿ ਨਾਮੁ ਵਾਹਿਗੁਰੂ ਬੋਲਸਦਾ ਸੁੱਖ ਪਾਵੇਗਾ',ਅਤੇ ਦੂਸਰਾ'ਬਾਜਾਂ ਵਾਲਿਆਂ ਕਹਾਣੀਤੇਰੀ ਸੁਣਕੇ ਅੱਖਿਆਂ 'ਚ ਨੀਰੂ ਡੁੱਲਦਾ',ਰਿਕਾਰਡ ਹੋਏ। ਅਤੇ ਪਾਲੀਦਾ ਗਾਇਕੀ ਦਾਸਫ਼ਰਧਾਰਮਿਕ ਗਾਇਕੀ ਨਾਲ ਗਾਇਕੀ ਦੇ ਖੇਤਰਵਿਚਕਦਮ ਰੱਖਿਆ। ਫਿਰ ਚੱਲੋਂ-ਚਾਲਸੋਲੋ 'ਤੇ ਦੋਗਾਣੇ ਗੀਤਾਂ ਦੀਆਂ 70-75 ਦੇ ਲਗਭਗ ਕੈਸੇਟਾਂ ਸੰਗੀਤਪ੍ਰੇਮਿਆਂ ਦੇ ਝੋਲੀਪਾਇਆ।ਜਿਨ੍ਹਾਂ ਵਿੱਚ 'ਧੀਆਂ ਪ੍ਰਦੇਸ਼ਣਾਂ',ਧੀਆਂ ਜਿਊਣ ਜੋਗੀਆਂ',ਪੁੱਤ ਜਿਨ੍ਹਾਂ ਦੇ ਫ਼ੌਜੀ,ਮੈਨੂੰ ਵਿਦਾਕਰੋ,ਤੇਰੇ ਬੰਨ੍ਹਾਂ ਰੱਖੜੀ,ਗੁੱਡੀਆ ਤੇ ਪਟੋਲੇ,ਤੁਰ ਜਾਣਪ੍ਰਦੇਸ,ਵਿਹੜਾ ਬਾਬ ਲਦਾ, ਮਾਪਿਆ ਦੀ ਸੇਵਾ,ਰਾਖੀ ਬਾਰਡਰ ਦੀ,ਮੇਰਾਪਿੰਡ,ਮਾਂ ਦੀ ਚਿੱਠੀ,ਉੱਚੇ ਤੇਰੇ ਮਹਿਲ,ਪੁੱਤ ਸਰਵਨ ਵਰਗੇ ,ਰੋਦੀਆਂ ਗਰੀਬਾਂ ਦੀਆਂ ਧੀਆਂ,ਧੀਆਂ ਤੋਰ ਕੇ ਮਾਪੇ,ਤੇਰੇ ਬੰਨਾਂ ਰੱਖੜੀ,ਵੇਖ ਧੀਆਂ ਦੇ ਲੇਖ, ਜੋਜੇ ਨਾਲਸਾਲੀ ਨੱਚਦੀ,ਨੱਚ ਨੱਚ ਪਤਲੋ, ਆਦਿ ਤੋਂ ਇਲਾਵਾਮਲਟੀਕੈਸਿਟਾਂ ਬੱਲੇ ਬੱਲੇ ਆਈ ਵਿਸਾਖੀ,ਹਾਏ ਸਾਡੀ ਜਾਨ ,ਗੱਭਰੂ ਪੁੱਤ ਪੰਜਾਬ ਦੇ,ਪੀਂਘਾ ਲੈਣ ਹੁਲਾਰੇ, ਚੱਲੀਆਂ ਨੇ ਮੁਟਿਆਰਾਂ ਆਦਿ ਹਨ। ਇਨ੍ਹਾਂ ਕੈਸਟਾਂ ਵਿੱਚਲੇ ਲੋਕ ਗੀਤਮਾਵਾਂ ਤੇ ਧੀਆਂ ਵਰਗਾਰਿਸ਼ਤਾ ਕੋਈ ਹੋਰ ਨੀਂ',ਅੱਜ ਵੀਦਿਲਾਂ ਅੰਦਰਧੂਹ ਜਿਹੀ ਪਾਉਂਦ ਹੈ। 'ਆਉਣ ਪੇਕਿਆਂ ਤੋਂ ਠੰਡੀਆਂ ਹਵਾਵਾਂ ਵੀਰਮੇਰੇ ਰਹਿਣ ਵੱਸਦੇ..','ਪੁੱਤ ਜਿਨ੍ਹਾਂ ਦੇ ਫ਼ੌਜੀ ਕਰਮਾਂ ਵਾਲੀਆਂ ਮਾਵਾਂ ਨੇ','ਪੁੱਤਾਂ ਤਾਂਈਜਿਊਣ ਜੋਗੇ ਕਹਿਣ ਵਾਲਿਓਕਦੇ ਧੀਆਂ ਨੂੰ ਵੀ ਕਿਹਾ ਕਰੋ ਜਿਊਣ ਜੋਗੀਆਂ', ਧੀਆਂ ਦੇਣਦੇਂ ਹਾਈ','ਪੈਨਸ਼ਨਬੇਬੇ ਦੀ','ਕਾਹਦਾ ਸ਼ਹਿਰ ਵਿੱਚ ਜੀਣਾ ਪਾਣੀ ਮੁੱਲ ਲੈ ਕੇ ਪੀਣਾ,ਚਾਲੀ ਪਿੰਡਾਂ ਦੀ ਜ਼ਮੀਨ ਲੁਧਿਆਣਾ ਖਾ ਗਿਆ','ਰੁੱਖਾਂ ਤੇ ਕੁੱਖਾਂ ਨੂੰ ਬਚਾਓ ਵੀਰਨੋ','ਧੀ ਹੋ ਗਈ ਮੁਟਿਆਰ ਤੂੰ ਛੱਡ ਦੇ ਦਾਰੂ ਵੇ ਮਾਹੀਆ','ਉੱਥੇ ਮਿਲੇ ਨਾ ਨਜ਼ਾਰਾ ਛੱਡੀ ਛਾਅ ਵਰਗਾ','ਮਿੱਟੀ ਦਾਬਾਵਾ','ਕੋਈ ਐਸਾ ਸੱਜਣਾ ਕੰਮ ਕਰਿਏ', ਆਦਿਸੈ ਕੜੈ ਲੋਕ ਵਿਰਸੇ ਨੂੰ ਦਰਸਾਉਂਦੇ ਸਦਾ ਬਹਾਰ ਗੀਤਹਨ। ਪਾਲੀ ਦੇਤਵਾਲੀਆ ਨੇ ਸਰਧਾ ਦੇ ਸਾਗਰ 'ਚ ਭਿੱਜ ਕੇ ਧਾਰਮਿਕ ਗਾਇਕੀ ਨੂੰ ਨਮਤਸਤਕ ਹੁੰਦੇ ਹੋਏ ਧਾਰਮਿਕ ਗੀਤਾਂ ਦੀਆਂ 17-18 ਕੈਸੇਟਾਂ ਵਿੱਚਲੇ ਅਡੋਲ ਖਾਲਸਾ, ਸੇਵਾ ਸੰਗਤ ਦੀ,ਖਾਲਸਾ ਸਜਾਇਆ,ਦੋ ਸਿੰਘ ਸੂਰਮੇ, ਕੇਸਗੜ੍ਹ ਵਾਜਾ ਮਾਰਦਾ,ਚੜ੍ਹਤ ਖਾਲਸੇ ਰਾਜ ਦੀ, ਮੈਨੂੰ ਚਰਨੀ ਲਾ ਦਾਤਾ, ਬਾਬਾ ਜੀ ਤੇਰਾ ਹੌਲਾ, ਲੰਘਣਾ ਜੇ ਪ੍ਰੇਮਦੀ ਗਲੀ,ਪਿੱਛੀ ਪਛਤਾਇਆ ਕੀ ਬਣਨਾ, ਕੌਮ ਦਾ ਜੈਕਾਰਾ, ਸੁਣ ਸੰਤਾਂ ਦੇ ਬੋਲ, ਬੰਦਗੀ, ਬੰਦਿਆਂ ਤੂੰ ਮਾਣ ਨਾਂ ਕਰੀਂ, ਸੇਵਾ ਨੂੰ ਮੇਵਾ, ਦਰਸ਼ਨ ਡੇਰਾ ਸਾਹਿਬ, ਖੰਡੇ ਦੀਧਾਰ, ਆਦਿ ਵਿੱਚਲੇ ਗੀਤ ਲੋਕਾਂ ਨੂੰ ਅਣਛੂਹੇ ਪਹਿਲੂਆਂ ਤੋਂ ਜਾਣੂੰ ਕਰਵਾਉਣ ਦਾ ਉਪਰਾਲਾ ਕਰਦੇ ਹਨ। ਇਸ ਤੋਂ ਇਲਾਵਾ ਮਾਤਾ ਦੀਆਂ ਭੇਟਾਂ ਦੀਆਂ ਕੈਸਿਟਾਂ ਭਗਤਾਂ ਤੇ ਛਾਵਾਂ, ਜਗਰਾਤੇ ਦੀ ਰਾਤ ,ਸੰਗਤਾਂ ਦਰ ਤੇ ਆਇਆ ਨੇ, ਜੋਤਾਂ ਵਾਲੀ ਮਾਂ,ਸਾਵਣ ਦਾ ਚਾਲਾ ਆਦਿ ਵਿੱਚਲੀਆਂ ਮਾਤਾਦੀਆਂ ਭੇਟਾਂ ਨੂੰ ਜਗਰਾਤਿਆਂ 'ਚ ਮਾਤਾ ਦੇ ਭਗਤ ਸੁਣਦੇ ਹਨ।

ਪਾਲੀ ਦੇਤਵਾਲੀਆ ਆਲ ਇੰਡੀਆ ਰੇਡਿਓ ਤੋਂ ਬਤੌਰ ਗੀਤਕਾਰ ਪ੍ਰਵਾਨਿਤ ਹੈ। ਪਰਿਵਾਰ 'ਚ ਬਹਿ ਕੇ ਮਾਣੇ ਜਾ ਸਕਦੇ ਉਹ ਦੇ ਗੀਤਾਂ ਦਾਰ ਚੇਤਾ ਪਾਲੀ ਦੇਤਵਾਲੀਆ ਨੂੰ ਪੰਜਾਬ ਸਕਕਾਰ ਦੇ ਲੋਕ ਸੰਪਰਕ ਵਿਭਾਗ ਪੰਜਾਬ ਚੰਡੀਗੜ ਵਿੱਚ ਬਤੌਰ ਪੰਜਾਬੀ ਕਲਾਕਾਰ ਆਰਟਿਸਟ ਦੇ ਤੌਰ 'ਤੇ ਸੇਵਾ ਨਿਭਾਉਣ ਵਾਲੇ ਪਾਲੀ ਦੇਤਵਾਲੀਆ ਨੇ ਹਮੇਸ਼ਾਂ ਹੀ ਆਪਣੇ ਗੀਤਾਂ ਨਾਲ ਪਰਿਵਾਰਕ ਰਿਸ਼ਤਿਆਂ ਦੀ ਗੱਲ ਕੀਤੀ ਹੈ। ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਨ ਵਾਲੇ ਪਾਲੀ ਦੇਤਵਾਲੀਆ ਨੂੰ ਪੰਜਾਬ ਸਰਕਾਰ ਦੇ ਭਾਸ਼ਾਂ ਵਿਭਾਗ ਵੱਲੋਂ ਸ਼੍ਰੋਮਣੀ ਲੋਕ ਗਾਇਕ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਹਿੰਦੀ ਪਾਕੀ ਦੋਸਤੀ ਨੂੰ ਸਮਰਪਿਤ ਮੇਲਾ ਪ੍ਰੋ.ਮੋਹਲ ਸਿੰਘ ਵੱਲੋਂ ਸੰਗੀਤ ਸਮਰਾਟ ਪੁਰਸਕਾਰ,ਪੰਜਾਬੀ ਲੋਕ ਗਾਇਕੀ ਦਾਵਾਰਸ,ਨੰਦਲਾਲ ਨੂਰਪੁਰੀ ਪੁਰਸਕਾਰ, ਗੀਤਾਂ ਦਾ ਬਾਦਸ਼ਾਹ,ਲੋਕ ਕਲਾਵਾਂ ਦਾ ਮੇਲਾ ਕਪੂਰਥਲਾਵਿਖੇ ਅਜੀਤ ਅਖਬਾਰ ਵੱਲੋਂ ਡਾ.ਸਾਧੂ ਸਿੰਘ ਪੁਰਸਕਾਰ, ਯਮਲਾ ਜੱਟ ਪੁਰਸਕਾਰ,ਧੀਆਂ ਦਾ ਦਰਦੀ, ਅਨਮੋਲ ਰਤਨ ਪੁਰਸਕਾਰ ,ਪੰਜਾਬੀ ਸਾਹਿਤਸਭਾ ਬਲਾਚੌਰ ਵੱਲੋਂ ਸੰਤਰਾਮ ਉਦਾਸੀ ਪੁਰਸਕਾਰ, ਪੰਜਾਬੀ ਕਲਚਰ ਕਲੱਬ ਆਫ਼ਹਿਊਸਟਨ (ਪੀ.ਸੀ.ਸੀ.) ਅਮਰੀਕਾ (ਟੈਲਨਟਡ) ਪੁਰਸਕਾਰ, ਆਦਿ ਤੋਂ ਇਲਾਵਾਹੋਰਵੀ ਕਈ ਸੰਸਥਾਵਾਂ ਅਤੇ ਕਲੱਬਾਂ ਵੱਲੋਂ ਸਮੇਂ ਸਮੇਂ ਵਿਸ਼ੇਸ਼ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨਉਸ ਦੀਲੋਕ ਗਾਇਕੀ ਪ੍ਰਤੀ ਜ਼ਿੰਮੇਵਾਰੀ ਨੂੰ ਹੋਰਲੰਮਾਂ ਕਰਦੇ ਹਨ.. ..। ਆਪਣੇ ਤਮਾਮ ਸੁਪਰ ਹਿੱਟ ਗੀਤਾਂ ਤੋਂ ਬਾਅਦ ਪਾਲੀ ਦੇਤਵਾਲੀਆ ਨੇ ਪ੍ਰੋਫੈਸਰ ਗੁਰਭਜਨ ਗਿੱਲ ਜੀ ਦੀ ਕਲਮ ਦਾ ਦਾ ਸ਼ਿੰਗਾਰ ਗੀਤ 'ਲੋਰੀ', ਨਾਲ ਦਸਤਕ ਦਿੱਤੀ ਹੈ।

# ਗਾਇਕੀ 'ਚ ਸੱਚਮੁੱਚ ਪਾਰਸ ਸੀ ਕੁਲਦੀਪ ਪਾਰਸ



ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ:
9888940211




ਕੁਲਦੀਪ ਪਾਰਸ ਦਾ ਜਨਮ 6 ਜਨਵਰੀ 1962 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਰੋਲੂਮਾਜਰਾ ਵਿਖੇ ਪਿਤਾ ਬਲਵੀਰ ਸਿੰਘ ਦੇ ਘਰ ਮਾਤਾ ਲੱਛਮੀ ਦੇਵੀ ਦੀ ਕੁਖੋਂ ਹੋਇਆ। ਉਸ ਨੂੰ ਗਾਇਕੀ ਦੀ ਚੇਟਕ ਬਚਪਨ ਤੋਂ ਹੀ ਸੀ। ਉਹ 1979 'ਚ ਲੁਧਿਆਣੇ ਆ ਗਿਆ ਤੇ 1982 'ਚ ਉਹ ਪਹਿਲੀ ਵਾਰੀ ਰਿਕਾਰਡ ਹੋਇਆ। ਫਿਰ ਪਾਰਸ ਦਾ ਪਹਿਲਾ ਐਲ.ਪੀ. ਰਿਕਾਰਡ 'ਯਾਰ ਮੇਰਾ ਸ਼ਰਾਬੀ' ਵਿਚਲਾ ਹਾਕਮ ਬਖਤੜੀਵਾਲਾ ਦਾ ਲਿਖਿਆ ਗੀਤ 'ਸਾਧ ਦਾ ਨਾ ਟੈਮ ਲੰਘੇ ਭੰਗ ਤੋਂ ਬਿਨਾ' ਦੇ ਹਿੱਟ ਹੋਣ ਨਾਲ ਪਾਰਸ ਦੀ ਆਪਣੇ ਸਮਕਾਲੀ ਗਾਇਕਾਂ ਤੇ ਸਰੋਤਿਆਂ 'ਚ ਵੱਖਰੀ ਪਛਾਣ ਬਣ ਗਈ। ਸੰਗੀਤ ਸਮਰਾਟ ਚਰਨਜੀਤ ਆਹੂਜਾ ਦੇ ਸੰਗੀਤ ਹੇਠ 'ਗੱਲ ਮੁੱਕਦੀ ਆ ਕੇ ਦਾਰੂ 'ਤੇ' ਤੋਂ ਬਾਅਦ ਪਾਰਸ ਟੀਸੀ ਉੱਤੇ ਪਹੁੰਚ ਗਿਆ। ਆਪਣੇ ਨਾਂ ਵਾਂਗ ਸੱਚਮੁੱਚ ਗਾਇਕੀ ਦਾ ਪਾਰਸ ਹੀ ਸੀ ਕੁਲਦੀਪ ਪਾਰਸ।

ਉਸ ਨੇ ਹਰ ਰੰਗ ਦੇ ਗੀਤ ਗਾਏ। ਉਸ ਦੀਆਂ ਕੈਸਟਾਂ 'ਚ 'ਪਤਲੀਏ ਨਾਰੇ', 'ਪਿਆਰ ਕਰ ਲੈ', 'ਦਿਲ ਹੋਇਆ ਬੇਈਮਾਨ', 'ਇੱਕ ਕੁੜੀ ਮਜਾਜਨ', 'ਸੋਨੇ ਦਾ ਕੋਕਾ', 'ਤੂੰ ਕੁੜੀ ਅਮੀਰਾਂ ਦੀ', 'ਹੱਸਦੀ ਦੇ ਦੰਦ ਗਿਣਦਾ', 'ਹੁਸਨਾਂ ਦੀ ਚੋਰ ਕੁੜੀ', 'ਸ਼ਰਾਬੀਆਂ ਦੇ ਹਾਲ ਚੰਦਰੇ', 'ਟੋਟਾ ਚੰਨ ਦਾ', 'ਜਵਾਨੀ ਦੇ ਅਸੂਲ', 'ਦੁਨੀਆ ਚਾਲਬਾਜ਼', 'ਪਤਲੀ ਪਤੰਗ ਵਰਗੀ' ਆਦਿ ਜਿਕਰਯੋਗ ਹਨ। ਉਸ ਨੇ ਸੁਖਵੰਤ ਕੌਰ, ਊਸ਼ਾ ਕਿਰਨ, ਬਲਜਿੰਦਰ ਰਿੰਪੀ, ਰੁਪਿੰਦਰ ਰੂਪੀ, ਗੁਲਸ਼ਨ ਕੋਮਲ ਆਦਿ ਨਾਲ ਦੋਗਾਣੇ ਵੀ ਗਾਏ। ਉਸ ਨੇ ਮਿਰਜ਼ਾ ਸੰਗੋਵਾਲੀਆ, ਬੰਤ ਰਾਮਪੁਰੇ ਵਾਲਾ, ਪਾਲੀ ਦੇਤਵਾਲੀਆ, ਭੁਪਿੰਦਰ ਖਰਮੀ, ਬਲਵੀਰ ਸਿੰਘ ਗਰੇਵਾਲ, ਜੱਗਾ ਗਿੱਲ, ਹਾਕਮ ਬਖਤੜੀਵਾਲਾ, ਰਣਧੀਰ ਧੀਰਾ ਦੇ ਲਿਖੇ ਜਿਆਦਾ ਗੀਤ ਗਾਏ। ਕੁਲਦੀਪ ਪਾਰਸ ਚਮਕੀਲੇ ਦੇ ਬਹੁਤ ਨਜ਼ਦੀਕ ਸੀ। ਚਮਕੀਲੇ ਦੀ ਮੌਤ ਤੋਂ ਬਾਅਦ ਪਾਰਸ ਅਕਸਰ ਚਮਕੀਲੇ ਦੀ ਸਮਾਧ 'ਤੇ ਜਾ ਕੇ ਰੋਂਦਾ ਹੁੰਦਾ ਸੀ।

ਕੁਲਦੀਪ ਪਾਰਸ ਦਾ ਉਸ ਸਮੇਂ ਦੇ ਵੱਡੇ ਹਿੱਟ ਗੀਤ 'ਛੱਲੇ ਮੁੰਦੀਆਂ' ਕਾਰਨ ਗਾਇਕ ਸੁਖਵਿੰਦਰ ਪੰਛੀ ਨਾਲ ਵਿਵਾਦ ਵੀ ਹੋਇਆ ਸੀ। ਗਾਇਕੀ ਦੇ ਖੇਤਰ 'ਚ ਧੁੰਮਾਂ ਪਾਉਂਦਿਆਂ ਪਾਰਸ ਕੈਂਸਰ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਿਆ ਅਤੇ 17 ਦਸੰਬਰ 2009 ਨੂੰ ਲੁਧਿਆਣਾ ਵਿਖੇ ਆਪਣੀ ਪਤਨੀ, ਪੁੱਤ ਤੇ ਲੱਖਾਂ ਚਾਹੁਣ ਵਾਲਿਆਂ ਨੂੰ ਛੱਡ ਦੁਨੀਆ ਤੋਂ ਰੁਖਸਤ ਹੋ ਗਿਆ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ

## ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਨੂੰ ਸਮਰਪਿਤ ਰਹੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 12 ਦਸੰਬਰ ਨੂੰ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਕ ਜ਼ੂਮ ਮੀਟਿੰਗ ਹੋਈ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਿਸਾਨ ਅੰਦੋਲਨ ਦੇ ਸ਼ਹੀਦਾਂ ਨੂੰ ਅਤੇ ਜਨਰਲ ਬਿਪਿਨ ਰਾਵਤ ਸਮੇਤ ਹੈਲੀਕਾਪਟਰ ਕਰੈਸ਼ ਵਿੱਚ ਸ਼ਹੀਦ ਹੋਏ ਨੌਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਉਹਨਾਂ ਨੇ ਕਿਸਾਨੀ ਅੰਦੋਲਨ ਦੀ ਇਤਿਹਾਸਕ ਜਿੱਤ ਦਾ ਗੌਰਵ ਨਾਲ ਜ਼ਿਕਰ ਕੀਤਾ। ਇਸ ਦੇ ਨਾਲ ਹੀ ਲੋਕ ਗਾਇਕਾ ਗੁਰਮੀਤ ਬਾਵਾ ਦੇ ਅਕਾਲ ਚਲਾਣੇ ਤੇ ਡੂੰਘੇ ਸੋਗ ਦਾ ਪ੍ਰਗਟਾਵਾ ਕਰਦਿਆਂ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਿਹਾ ਲੋਕ ਗੀਤਾਂ ਦੀ ਮਲਕਾ , ਲੰਬੀ ਹੇਕ ਲਾ ਕੇ ਲੋਕ ਦਿਲਾਂ ਵਿੱਚ ਵਸਣ ਵਾਲੀ ਗਾਇਕਾ ਦੀ ਯਾਦ ਪੰਜਾਬੀ ਚਿੱਤ ਚੇਤਿਆਂ ਵਿੱਚ ਸਦਾ ਤਰੋ ਤਾਜ਼ਾ ਰਹੇਗੀ। ਉਪ ਪ੍ਰਧਾਨ ਜਰਨੈਲ ਤੱਗੜ ਨੇ ਕਿਸਾਨ ਸੰਘਰਸ਼ ਦੀ ਜਿੱਤ ਦੀ ਵਧਾਈ ਦੇਣ ਬਾਅਦ ਸੁਰਿੰਦਰ ਗੀਤ ਦੀ ਕਿਸਾਨ ਸੰਘਰਸ਼ ਨੂੰ ਸਮਰਪਿਤ ਤਾਜ਼ਾ ਲਿਖੀ ਗ਼ਜ਼ਲ ਦਾ ਉਚਾਰਨ ਕੀਤਾ ਜਿਸਦਾ ਆਖਰੀ ਸ਼ਿਅਰ ਇਸ ਪ੍ਰਕਾਰ ਸੀ :

ਹਿੰਦੂ ਮੁਸਲਿਮ ਸਿੱਖ ਈਸਾਈ,
ਇੱਕ ਮੰਜੇ ਤੇ ਬੈਠੇ
ਆਹ ਵੀ ਭਾਰਤ ਔਹ ਵੀ ਭਾਰਤ,
ਸਭ ਦਾ ਇੱਕ ਸਿਰਨਾਵਾਂ।

ਅਜਾਇਬ ਸਿੰਘ ਸੇਖੋਂ ਨੇ ਜ਼ਿੰਦਗੀ ਨੂੰ ਪ੍ਰੀਭਾਸ਼ਤ ਕਰਨ ਵਾਲੇ ਵੱਖੋ-ਵੱਖ ਪਹਿਲੂਆਂ ਤੇ ਚਾਨਣਾ ਪਾਉਂਦਾ ਆਪਣਾ ਮੌਲਿਕ ਲੇਖ ਪੜ੍ਹਿਆ। ਐਮ. ਐਸ. ਪੀ. ਦੇ ਮੁੱਦੇ ਤੇ ਕਈ ਪੱਖਾਂ ਤੋਂ ਵਿਚਾਰ ਪੇਸ਼ ਕੀਤੇ ਗਏ। ਸੁਰਿੰਦਰ ਗੀਤ ਨੇ ਵਿਸ਼ੇਸ਼ ਤੌਰ ਤੇ ਝੋਨੇ ਕਣਕ ਤੋਂ ਇਲਾਵਾ ਬਾਕੀ ਫਸਲਾਂ ਦੀ ਖਰੀਦ ਨਿਊਨਤਮ ਸਮਰਥਨ ਮੁੱਲ ਤੇ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਤਾਂ ਕਿ ਦੁਫਸਲੀ ਚੱਕਰ 'ਚੋਂ ਨਿਕਲਣ ਨਾਲ ਪਾਣੀ ਅਤੇ ਵਾਤਾਵਰਣ ਨੂੰ ਬਚਾਇਆ ਜਾ ਸਕੇ। ਸਰਬਜੀਤ ਕੌਰ ਉੱਪਲ ਨੇ ਜਗਵੰਤ ਗੱਲ ਦੀ ਕਵਿਤਾ ਸੁਣਾਈ। ਡਾ. ਮਹਿੰਦਰ ਸਿੰਘ ਹੱਲਣ ਨੇ ਗੁਰਬਖ਼ਸ਼ ਸਿੰਘ ਦੀ ਕਿਤਾਬ 'ਸਾਵੀਂ ਪੱਧਰੀ ਜ਼ਿੰਦਗੀ' ਦੇ ਹਵਾਲੇ ਨਾਲ ਪੰਜ ਇੰਦਰੀਆਂ ਅਤੇ ਮਨ ਨੂੰ ਨਿਯਮਿਤ ਕਰਨ ਦਾ ਮਹੱਤਵ ਦੱਸਿਆ। ਵਿਲੱਖਣ ਕਾਵਿ-ਪ੍ਰਤਿਭਾ ਦੇ ਮਾਲਕ ਬਚਨ ਸਿੰਘ ਗੁਰਮ ਨੇ ਆਪਣੀ ਕਵਿਤਾ ਰਾਹੀਂ ਕਿਸਾਨ ਅੰਦੋਲਨ ਦੀ ਫਿਲਾਸਫ਼ੀ ਬੜੀ ਪ੍ਰਬੀਨਤਾ ਨਾਲ ਕਲਾ ਰਾਹੀਂ ਪਰੋਸ ਦਿੱਤੀ।

ਐਂਵੇਂ ਨਹੀਂ ਸਿਰਜੇ ਜਾਂਦੇ ਇਤਿਹਾਸ,ਸਿਰੜ ਸਿਦਕ ਦੇ ਮੁੱਲ ਤਾਰਨੇ ਪੈਂਦੇ ਨੇ,ਸਰਬੰਸ ਵਾਰਨੇ ਪੈਂਦੇ ਨੇ।

ਪਰਸ਼ੋਤਮ ਦਾਸ ਭਾਰਦਵਾਜ ਨੇ ਕੈਲਾਸ਼ ਅਮਲੋਹੀ ਦੀ ਗ਼ਜ਼ਲ ਸੁਣਾਈ। ਸੁਖਵਿੰਦਰ ਤੂਰ ਨੇ ਮਰਹੂਮ ਹਰਨੇਕ ਬੱਧਣੀ ਦੀ ਇਹ ਕਵਿਤਾ ਗਾ ਕੇ ਚੌਕੰਨੇ ਕੀਤਾ -

ਭੁੱਲਿ? ਨਾ ਤੁਸੀਂ ਕਦੇ ਆਪਣੇ ਪੰਜਾਬ ਨੂੰ।

ਰਾਜਵੰਤ ਕੌਰ ਮਾਨ ਨੇ ਕਿਸਾਨ ਅੰਦੋਲਨ ਨਾਲ ਲੋਕ-ਲਹਿਰਾਂ ਨੂੰ ਜੋੜ ਕੇ ਮੌਲਿਕ ਕਵਿਤਾ ਪੇਸ਼ ਕੀਤੀ। ਸੁਰਿੰਦਰ ਗੀਤ ਦੁਆਰਾ ਪੇਸ਼ ਗ਼ਜ਼ਲ ਉਸ ਦੀ ਮਿਆਰੀ ਸਿਰਜਣਾ-ਸ਼ਕਤੀ ਦਾ ਨਮੂਨਾ ਸੀ -

ਖ਼ੁਦਾ ਰੱਖੀਂ ਸਲਾਮਤ ਤੂੰ, ਕਿਸਾਨਾਂ ਤੇ ਜਵਾਨਾਂ ਨੂੰ
ਉਗਾਉਂਦਾ ਅੰਨ ਜੇ ਬਾਪੂ ਤਾਂ ਪੁੱਤ ਸਰਹੱਦ ਤੇ ਡਟਿਆ।

ਇਸ ਤੋਂ ਇਲਾਵਾ ਉਸਨੇ ਆਪਣੀ ਕਿਸਾਨੀ ਸੰਘਰਸ਼ ਨੂੰ ਸਮਰਪਿਤ ਕਾਵਿ-ਪੁਸਤਕ ' ਖੇਤਾਂ ਦਾ ਸਫ਼ਰ' ਬਾਰੇ ਜਾਣਕਾਰੀ ਦਿੰਦਿਆਂ ਦੱਸਿਆ 26 ਨਵੰਬਰ ਨੂੰ ਭਾਰਤੀ ਲੇਖਕ ਸੰਘ ਦੁਆਰਾ ਟਿੱਕਰੀ ਬਾਰਡਰ ਉੱਤੇ ਲੋਕ-ਅਰਪਣ ਕੀਤੀ ਗਈ ਹੈ ।ਸਭਾ ਦੇ ਸਾਰੇ ਮੈਂਬਰਾਂ ਨੇ ਇਸ ਇਤਿਹਾਸਕ ਯੋਗਦਾਨ ਤੇ ਵਧਾਈ ਦਿੰਦਿਆਂ ਕਿਹਾ ਕਿ ਇਹ ਸਾਹਿਤ ਸਭਾ ਲਈ ਮਾਣ ਵਾਲੀ ਗੱਲ ਹੈ। ਜਗਦੇਵ ਸਿੱਧੂ ਨੇ ਆਪਣੀ ਰਚਨਾ 'ਕਿਸਾਨ ਅੰਦੋਲਨ ਦੀ ਵਾਰ' ਦਾ ਉਚਾਰਨ ਕਰ ਕੇ ਬੀਰ ਰਸ ਬਿਖੇਰਿਆ। ਇਸ ਦੀਆਂ ਚੰਦ ਸਤਰਾਂ—

ਲਿਖ ਦਿੱਤਾ ਇਤਿਹਾਸ ਦਾ ਇੱਕ ਵਰਕਾ ਨਵਾਂ-ਨਕੋਰ।

**ਮੁੜ ਨਾ ਘੂਰੇ ਹੱਕ ਨੂੰ ਜਾਬਰ ਦਾ ਕੋਈ ਜ਼ੋਰ।**

ਗੁਰਦਿਆਲ ਸਿੰਘ ਖਹਿਰਾ ਨੇ ਮੁਹਾਰਤਾ ਨਾਲ ਮੰਚ-ਸੰਚਾਲਨ ਕਰਦਿਆਂ ਆਖਰ ਵਿਚ ਮਾਂ ਬਾਰੇ ਦਿਲ-ਟੁੰਬਵੀਂ ਕਵਿਤਾ 'ਡਾਲਰ ਗਿਣ-ਗਿਣ ਪੁੱਤਰਾਂ ਮਾਪੇ ਭੁੱਲੇ ਨੇ'ਗਾ ਕੇ ਚੰਗਾ ਅਸਰ ਛੱਡਿਆ। ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਨਵੇਂ ਸਾਲ ਦੀਆਂ ਅਗੇਤੀਆਂ ਵਧਾਈਆਂ ਅਤੇ ਸ਼ੁਭ ਕਾਮਨਾਵਾਂ ਸਾਂਝੀਆਂ ਕੀਤੀਆਂ ਗਈਆਂ।

# 'ਫ਼ਤਹਿ ਚਰਨ ਚੁੰਮਦੀ ਐ, ਕਿਸਾਨਾਂ ਕੇਂਦਰ ਝੁਕਾਤਾ'

## ਅਰਪਨ ਲਿਖਾਰੀ ਸਭਾ ਦੀ ਮੀਟਿੰਗ ਕਿਸਾਨੀ ਮੋਰਚੇ ਦੀ ਜਿੱਤ ਨੂੰ ਸਮਰਪਿਤ ਰਹੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਕ ਮੀਟਿੰਗ 11 ਦਸੰਬਰ ਨੂੰ ਜ਼ੂਮ ਰਾਹੀਂ ਹੋਈ ਜੋ ਕਿਸਾਨ ਮੋਰਚੇ ਦੀ ਇਤਿਹਾਸਕ ਜਿੱਤ ਨੂੰ ਸਮਰਪਿਤ ਕੀਤੀ ਗਈ। ਕਿਸਾਨ ਅੰਦੋਲਨ ਦੌਰਾਨ ਹੋਏ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇਣ ਵਾਲੇ ਸਾਹਿਤਕਾਰਾਂ ਅਤੇ ਹੇਕਾਂ ਦੀ ਧਨੀ ਗੁਰਮੀਤ ਬਾਵਾ ਨੂੰ ਸ਼ਰਧਾ ਸੁਮਨ ਭੇਟ ਕੀਤੇ ਗਏ। ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦਿਆਂ ਅਤੇ ਚਮਕੌਰ ਦੀ ਜੰਗ ਵਿਚ ਹੋਏ ਸ਼ਹੀਦਾਂ ਦੀ ਅਦੁਤੀ ਸ਼ਹਾਦਤ ਨੂੰ ਅਕੀਦਾ ਪੇਸ਼ ਕੀਤਾ ਗਿਆ।

ਸਤਨਾਮ ਸਿੰਘ ਢਾਹ ਨੇ ਮੀਟਿੰਗ ਵਿਚ ਪਹਿਲੀ ਵਾਰ ਸ਼ਾਮਲ ਹੋਏ ਕਵੀ ਬਚਨ ਸਿੰਘ ਗੁਰਮ ਦਾ ਨਿੱਘੇ ਸ਼ਬਦਾਂ ਨਾਲ ਸਵਾਗਤ ਕੀਤਾ। ਬਚਨ ਸਿੰਘ ਗੁਰਮ ਨੇ ਆਪਣੀ ਸੰਖੇਪ ਜਾਣ-ਪਛਾਣ ਕਰਾਉਣ ਮਗਰੋਂ ਕਿਸਾਨ ਅੰਦੋਲਨ ਬਾਰੇ ਕਵਿਤਾ ਪੇਸ਼ ਕੀਤੀ 'ਬਾਬਰ ਨੂੰ ਜ਼ਾਲਮ ਕਹਿਣਾ ਪੈਂਦਾ ਹੈ ਤੱਤੀਆਂ ਤਵੀਆਂ ਤੇ ਬਹਿਣਾ ਪੈਂਦਾ ਹੈ'। ਡਾ. ਮਹਿੰਦਰ ਸਿੰਘ ਹੱਲਣ ਨੇ ਕਿਤਾਬਾਂ ਪੜ੍ਹਨ ਦੇ ਮਹੱਤਵ ਨੂੰ ਉਘਾੜਦਿਆਂ, ਇਹ ਵਡਮੁੱਲੀ ਮੱਤ ਵੀ ਦਿੱਤੀ ਕਿ ਕਿਹੜੀ ਗੱਲ, ਕਿੰਨੀ ਕੁ, ਕਿਹੜੇ ਵੇਲੇ, ਕਿਵੇਂ ਕਹਿਣੀ ਹੈ। ਉਸਤਾਦ ਗ਼ਜ਼ਲਗੋ ਕੇਸਰ ਸਿੰਘ ਨੀਰ ਨੇ ਆਪਣੀ ਗ਼ਜ਼ਲ ਨੂੰ ਕਿਸਾਨ ਅੰਦੋਲਨ ਨਾਲ ਮੇਲ ਕੇ ਪੇਸ਼ ਕੀਤਾ 'ਅੱਜ ਤੁਰੇ ਨੇ ਮੰਜ਼ਿਲ ਵੱਲੇ, ਸੂਰੇ ਬੰਨ੍ਹ ਕਤਾਰਾਂ'। ਜਰਨੈਲ ਤੱਗੜ ਨੇ ਕੈਨੇਡਾ ਅੰਦਰ ਖ਼ਾਸ ਕਰ ਕੇ ਕੁਝ ਪੰਜਾਬੀਆਂ ਵੱਲੋਂ ਨਸ਼ਿਆਂ ਦੀ ਤਸਕਰੀ ਦੇ ਰੁਝਾਨ ਉੱਤੇ ਦੁੱਖ ਅਤੇ ਚਿੰਤਾ ਜ਼ਾਹਰ ਕੀਤੀ। ਇਸੇ ਦੁਖ ਨੂੰ ਪ੍ਰਗਟ ਕਰਦੀ 'ਮਾਂ ਦੀ ਪੁਕਾਰ' ਇਕ ਕਵਿਤਾ ਵੀ ਪੇਸ਼ ਕੀਤੀ। ਡਾ. ਮਨਮੋਹਨ ਬਾਠ ਨੇ ਹਿੰਦੀ ਗੀਤ ਅਤੇ ਜੋਗਾ ਸਿੰਘ ਸਹੋਤਾ ਨੇ ਨਾਮਵਰ ਕਵੀਸ਼ਰ ਜਸਵੰਤ ਸਿੰਘ ਸੇਖੋਂ ਦੀ ਲਿਖੀ ਕਵਿਤਾ ਪੇਸ਼ ਕੀਤੀ ਅਤੇ ਪ੍ਰਸਿੱਧ ਸ਼ਾਇਰ ਕੇਸਰ ਸਿੰਘ ਨੀਰ ਦੀ ਗ਼ਜ਼ਲ ਦੀ ਪੇਸ਼ਕਾਰੀ ਨਾਲ ਸੁਰਾਂ ਦੀ ਗਾਇਕੀ ਦਾ ਮਾਹੌਲ ਸਿਰਜਿਆ। ਸੁਖਵਿੰਦਰ ਤੂਰ ਨੇ ਬਚਨ ਸਿੰਘ ਗੁਰਮ ਦੀ ਗ਼ਜ਼ਲ 'ਮੁਆਵਜ਼ਾ ਮੌਤ ਦਾ ਦਿੰਦੇ ਹੋ ਤੁਸੀਂ, ਵਸੀਲਾ ਜ਼ਿੰਦਗੀ ਦਾ ਦਿੰਦੇ ਜੀਵਨ ਸਰਸ਼ਾਰ ਹੁੰਦਾ' ਅਤੇ ਸੁਖਵਿੰਦਰ ਅੰਮ੍ਰਿਤ ਦੇ ਗੀਤ ਨੂੰ ਕਮਾਲ ਦੇ ਸੁਰ ਦਿੱਤੇ। ਅਜਾਇਬ ਸਿੰਘ ਸੇਖੋਂ ਨੇ ਕਿਰਤੀ ਤੇ ਕਿਸਾਨ ਦੇ ਸ਼ੋਸ਼ਣ ਬਾਰੇ ਕਵਿਤਾਵਾਂ ਸੁਣਾਈਆਂ। ਜਸਵੰਤ ਸਿੰਘ ਸੇਖੋਂ ਨੇ ਇਹ ਗਾ ਕੇ ਕਵੀਸ਼ਰੀ ਦੀ ਕਲਾ ਦਾ ਨਿਵੇਕਲਾ ਪ੍ਰਦਰਸ਼ਨ ਕਰਿਦਿਆਂ 'ਫ਼ਤਹਿ ਚਰਨ ਚੁੰਮਦੀ ਐ, ਕਿਸਾਨਾਂ ਕੇਂਦਰ ਅੱਜ ਝੁਕਾਤਾ' ਕਵਿਤਾ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਬਹੁਤ ਹੀ ਭਾਵੁਕਤਾ ਨਾਲ ਸੁਣਾਈ।

ਜਗਦੇਵ ਸਿੱਧੂ ਨੇ ਕਿਸਾਨੀ ਮੋਰਚੇ ਦੀ ਜਿੱਤ, ਇਸਦੇ ਇਤਿਹਾਸਕ ਮਹੱਤਵ ਅਤੇ ਭਵਿੱਖੀ ਕਾਰਵਾਈਆਂ ਬਾਰੇ ਵਿਚਾਰ ਰੱਖੇ, ਬਚਨ ਸਿੰਘ ਗੁਰਮ ਦੀ ਕਵਿਤਾ ਦੇ ਮਿਆਰੀ ਹੋਣ ਦਾ ਲੇਖਾ-ਜੋਖਾ ਕਰਦਿਆਂ ਉਸ ਦੀ ਇੱਕ ਕਵਿਤਾ 'ਬਾਪੂ ਦੇ ਖ਼ਾਤੇ ਮਹਿਜ਼ ਇੰਦਰਾਜ਼ ਨਹੀਂ, ਪਲ-ਪਲ ਮਰਨ ਦਾ ਕੋਈ ਵੀ ਇੰਦਰਾਜ਼ ਨਹੀਂ ਦਿਸਦਾ ਹੁੰਦਾ'। ਤੇਜਾ ਸਿੰਘ ਥਿਆੜਾ ਨੇ ਕਿਸਾਨੀ ਸੰਘਰਸ਼ ਦੀ ਜਿੱਤ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਤੇਜਾ ਸਿੰਘ ਥਿਆੜਾ ਦੀ ਸੂਝਵਾਨ ਦਰਸ਼ਕ ਅਤੇ ਸਰੋਤੇ ਵਜੋਂ ਸਭ ਨੇ ਪ੍ਰਸੰਸਾ ਕੀਤੀ। ਸਤਨਾਮ ਸਿੰਘ ਢਾਹ ਨੇ ਵਧੀਆ ਸੰਚਾਲਨ ਕਰਦਿਆਂ ਦਿਲਚਸਪੀ ਬਣਾਈ ਰੱਖੀ। ਮਾਤਾ ਗੁਜਰੀ ਜੀ ਅਤੇ ਸ਼ਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ, ਸਾਹਿਬਜ਼ਾਦਿਆਂ ਦੇ ਸਾਕੇ ਬਾਰੇ ਇਕ ਕਵਿਤਾ 'ਛੋਟੇ ਲਾਲ ਦੋ ਪਿਆਰੇ, ਵਿਛੜੇ ਸਰਸਾ ਦੇ ਕਿਨਾਰੇ' ਗਾ ਕੇ ਜਿੱਥੇ ਗਾਇਕ ਪ੍ਰਤਿਭਾ ਦਾ ਸਬੂਤ ਦਿੱਤਾ ਉੱਥੇ ਸਾਰਿਆਂ ਨੂੰ ਗ਼ਮਗ਼ੀਨ ਕਰ ਦਿੱਤਾ। ਉਸ ਨੇ ਪੇਸ਼ਕਾਰੀਆਂ ਦੇ ਮਿਆਰ ਦੀ ਸ਼ਲਾਘਾ ਕੀਤੀ, ਹਾਜ਼ਰੀਨ ਦਾ ਧੰਨਵਾਦ ਕੀਤਾ, ਨਵੇਂ ਵਰ੍ਹੇ ਦੀ ਅਗਾਊਂ ਵਧਾਈ ਦਿੱਤੀ ਤੇ ਮਹਾਂਮਾਰੀ ਤੋਂ ਨਿਜਾਤ ਪਾਉਣ ਦੀ ਕਾਮਨਾ ਕੀਤੀ।






# ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ




ਰਣਦੀਪ ਕੌਰ ਪੰਧੇਰ
95308- 30788

ਸਿੱਖ ਇਤਿਹਾਸ ਕੁਰਬਾਨੀਆਂ ਦੀ ਮਿਸਾਲ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਨੇ ਤੇ ਸਿੱਖ ਧਰਮ ਸ਼ਹੀਦਾਂ ਦੇ ਲਹੂ ਭਿੱਜੇ ਇਤਿਹਾਸ ਦੀ ਲੰਬੀ ਗਾਥਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਾਰ ਸਾਹਿਬਜ਼ਾਦੇ ਵੀ ਇਸੇ ਸ਼ਹੀਦੀ-ਮਾਲਾ ਦੇ ਅਹਿਮ ਮਣਕੇ ਹਨ ਜਿਨ੍ਹਾਂ ਦੀ ਮਿਸਾਲ ਸੰਸਾਰ ਵਿਚ ਕਿਧਰੇ ਨਹੀਂ ਮਿਲਦੀ। ਸਭ ਤੋਂ ਪਹਿਲਾਂ ਸਿੱਖ ਸਾਹਿਤ ਵਿਚ ਚਾਰ ਸਾਹਿਬਜ਼ਾਦਿਆਂ ਸਬੰਧੀ ਇਤਿਹਾਸਿਕ ਪੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਖ਼ਤ ਜ਼ਫ਼ਰਨਾਮਾ ਵਿਚੋਂ ਮਿਲਦਾ ਹੈ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕਸ਼ਤਹ ਚਾਰ,
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ।

ਗੁਰੂ ਸਾਹਿਬ ਲਿਖਦੇ ਹਨ ਕਿ ਐ ਔਰੰਗਜ਼ੇਬ ! ਤੂੰ ਮੇਰੇ ਚਾਰ ਪੁੱਤਰ ਖ਼ਤਮ ਕਰ ਦਿੱਤੇ ਹਨ ਪਰ ਤੂੰ ਯਾਦ ਰੱਖ ਕਿ ਤੇਰੀ ਜ਼ੁਲਮੀ ਸਲਤਨਤ ਨੂੰ ਖ਼ਤਮ ਕਰਨ ਵਾਲਾ ਕੁੰਡਲਾਂ ਵਾਲਾ ਨਾਗ ਹਾਲੇ ਬਾਕੀ ਹੈ, ਜੋ ਤੇਰੀ ਸਲਤਨਤ ਨੂੰ ਖ਼ਤਮ ਕਰ ਕੇ ਹੀ ਦਮ ਲਵੇਗਾ। ਪਿਆਰਾ ਸਿੰਘ ਪਦਮ ਅਨੁਸਾਰ, ਜਦੋਂ ਗੁਰੂ ਨੂੰ ਸੱਚੇ ਪਾਤਸ਼ਾਹ ਨਾਂ ਨਾਲ ਯਾਦ ਕੀਤਾ ਜਾਵੇ ਤਾਂ ਜ਼ਰੂਰੀ ਹੈ ਕਿ ਉਨ੍ਹਾਂ ਦੀ ਔਲਾਦ ਨੂੰ ਵੀ ਸਤਿਕਾਰ ਵਜੋਂ ਸਾਹਿਬਜ਼ਾਦੇ ਆਖ ਕੇ ਬੁਲਾਇਆ ਜਾਵੇ, ਖ਼ਾਸ ਕਰਕੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਭਰਪੂਰ ਕਰਨੀ ਇਸ ਲਈ ਜ਼ਿੰਮੇਵਾਰ ਹੈ ਕਿਉਂਕਿ ਦੋ-ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਇਕੱਠੀ ਹੋਈ ਸੀ। ਇਸ ਕਰਕੇ ਸਤਿਕਾਰ ਵਜੋਂ ਅਤੇ ਉਮਰ ਮੁਤਾਬਿਕ ਇਨ੍ਹਾਂ ਨੂੰ ਵੱਡੇ ਸਾਹਿਬਜ਼ਾਦੇ ਤੇ ਛੋਟੇ ਸਾਹਿਬਜ਼ਾਦੇ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਨਿੱਕੀ ਉਮਰੇ ਵੱਡੀ ਸ਼ਹਾਦਤ ਕਾਰਨ ਉਨ੍ਹਾਂ ਨੂੰ ਬਾਬਾ ਪਦ ਨਾਲ ਵੀ ਸਤਿਕਾਰਿਆ ਜਾਂਦਾ ਹੈ।

ਦਸਮ ਪਿਤਾ ਦੇ ਪਰਿਵਾਰ ਦੀ ਸ਼ਹੀਦੀ ਗਾਥਾ ਦੀ ਮਿਸਾਲ ਪੂਰੇ ਸੰਸਾਰ ਵਿਚ ਕਿਧਰੇ ਨਹੀਂ ਮਿਲਦੀ ਜਿੱਥੇ ਕਿਸੇ ਨੇ ਦੂਜੇ ਧਰਮ ਦੀ ਰੱਖਿਆ ਖ਼ਾਤਰ ਬਲੀਦਾਨ ਦਿੱਤਾ ਹੋਵੇ। ਗੁਰੂ ਪਿਤਾ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਇਸ ਦੀ ਲਾਸਾਨੀ ਮਿਸਾਲ ਹਨ। ਜਿਹੜਾ ਗੁਰੂ ਪੂਰੀ ਕੌਮ ਨੂੰ ਇਹ ਸੰਦੇਸ਼ ਦਿੰਦਾ ਹੋਵੇ :

ਭੈਅ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ।

ਭਾਵ ਮੇਰੇ ਸਿੱਖ ਨਾ ਕਿਸੇ ਤੋਂ ਡਰਦੇ ਹਨ ਅਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਨ। ਫਿਰ ਉਨ੍ਹਾਂ ਦੇ ਪੋਤੇ ਜ਼ੁਲਮ ਅੱਗੇ ਹਾਰ ਕਿੰਜ ਸਕਦੇ ਸਨ। ਜਿਸ ਪੁੱਤਰ ਨੇ ਸੱਤ ਸਾਲ ਦੀ ਉਮਰੇ ਆਪਣੇ ਪਿਤਾ ਨੂੰ ਇਹ ਕਹਿ ਕੇ ਮਜਲੂਮਾਂ ਦੀ ਮਦਦ ਲਈ ਤੋਰਿਆ ਕਿ ਤੁਹਾਡੇ ਤੋਂ ਮਹਾਨ ਮਨੁੱਖ ਕੁਰਬਾਨੀ ਲਈ ਹੋਰ ਕੋਈ ਨਹੀਂ, ਉਸ ਗੁਰੂ ਗੋਬਿੰਦ ਸਿੰਘ ਦੇ ਇਹ ਲਾਲ ਔਰੰਗਜ਼ੇਬ ਦੀ ਪਾਪੀ ਹਕੂਮਤ ਅੱਗੇ ਹਿੱਕ ਤਾਣ ਕੇ ਖੜ੍ਹ ਗਏ। ਇਤਿਹਾਸਕਾਰਾਂ ਅਨੁਸਾਰ ਬਾਬਾ ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ਪਾਉਂਟਾ ਸਾਹਿਬ ਵਿਖੇ ਮਾਘ ਸੁਦੀ 4 ਤੇ 23 ਮਾਘ ਸੰਮਤ 1743 ਮੁਤਾਬਕ 7 ਜਨਵਰੀ 1687 ਨੂੰ ਹੋਇਆ ਅਤੇ ਸ਼ਹੀਦੀ 8 ਪੋਹ ਸੰਮਤ 1761 ਮੁਤਾਬਕ 22 ਦਸੰਬਰ 1704 ਨੂੰ ਚਮਕੌਰ ਸਾਹਿਬ ਵਿਖੇ ਹੋਈ। ਬਾਬਾ ਜੁਝਾਰ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1747 ਮੁਤਾਬਕ 1696 ਈਸਵੀ ਵਿਚ ਅਨੰਦਪੁਰ ਸਾਹਿਬ ਵਿਖੇ ਹੋਇਆ ਤੇ ਸ਼ਹੀਦੀ 8 ਪੋਹ ਸੰਮਤ 1761 ਮੁਤਾਬਕ 22 ਦਸੰਬਰ 1704 ਈਸਵੀ ਨੂੰ ਮੁਗ਼ਲ ਹਕੂਮਤ ਨਾਲ ਚਮਕੌਰ ਸਾਹਿਬ ਵਿਖੇ ਲੜਦਿਆਂ ਹੋਈ। ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਅਨੰਦਪੁਰ ਸਾਹਿਬ ਵਿਖੇ ਸੰਮਤ 1753 ਮੁਤਾਬਕ 1696 ਈਸਵੀ ਨੂੰ ਹੋਇਆ ਤੇ ਸ਼ਹੀਦੀ 13 ਪੋਹ 1761 ਮੁਤਾਬਕ 27 ਦਸੰਬਰ 1704 ਨੂੰ ਸਰਹਿੰਦ ਵਿਖੇ ਹੋਈ। ਬਾਬਾ ਫ਼ਤਹਿ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1756 ਮੁਤਾਬਕ 1699 ਈਸਵੀ ਵਿਚ ਅਨੰਦਪੁਰ ਸਾਹਿਬ ਵਿਖੇ ਹੋਇਆ ਤੇ ਸ਼ਹੀਦੀ 13 ਪੋਹ 1761 ਮੁਤਾਬਕ 27 ਦਸੰਬਰ 1704 ਨੂੰ ਨੂੰ ਸਰਹਿੰਦ ਵਿਖੇ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਇਨ੍ਹਾਂ ਸਾਹਿਬਜ਼ਾਦਿਆਂ ਦੇ ਜਨਮ ਦਿਵਸਾਂ ਤੇ ਸ਼ਹੀਦੀ ਦਿਹਾੜਿਆਂ ਮੌਕੇ ਵਿਸ਼ੇਸ਼ ਸਮਾਗਮ ਚਮਕੌਰ ਸਾਹਿਬ ਅਤੇ ਫ਼ਤਹਿਗੜ੍ਹ ਸਾਹਿਬ ਵਿਖੇ ਉਲੀਕੇ ਜਾਂਦੇ ਹਨ। ਪਰ ਜਿਸ ਤਰ੍ਹਾਂ ਦਾ ਸਰੂਪ ਅਸੀਂ ਅੱਜ ਇਨ੍ਹਾਂ ਸ਼ਹੀਦੀ ਦਿਹਾੜਿਆਂ ਦਾ ਵੇਖ ਰਹੇ ਹਾਂ ਇਹ ਸ਼ੁਰੂ ਤੋਂ ਇਸ ਤਰ੍ਹਾਂ ਦਾ ਨਹੀਂ ਸੀ। ਗੁਰਮਤਿ ਸਾਹਿਤ ਦੇ ਪ੍ਰਸਿੱਧ ਵਿਦਵਾਨ ਗਿਆਨੀ ਠਾਕੁਰ ਸਿੰਘ ਨੇ ਸ਼ਹੀਦੀ ਜੋੜ ਮੇਲ ਜਾਂ ਸਿੰਘ ਸਭਾ ਲਗਾਉਣ ਦੀ ਪਿਰਤ ਪਾਈ। ਹਰਪ੍ਰੀਤ ਸਿੰਘ ਨਾਜ਼ ਅਨੁਸਾਰ ਇਨ੍ਹਾਂ ਨੇ 13 ਪੋਹ 1944 ਵਿਚ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਤੇ ਜੋੜ ਮੇਲ ਆਰੰਭ ਕੀਤਾ। ਇਹ ਮੇਲ 11, 12ਅਤੇ 13 ਪੋਹ ਨੂੰ ਹੁੰਦਾ ਸੀ। 13 ਪੋਹ, ਜਿਸ ਦਿਨ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ, ਇਸ ਦਿਨ ਆਸਾ ਦੀ ਵਾਰ ਦਾ ਭੋਗ ਪਾਠ ਸਮਾਪਤ ਹੋ ਕੇ ਅਰਦਾਸ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਤਿਆਰ ਹੁੰਦੀ। ਇਸ ਮੌਕੇ @ਤੇ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਵੱਲੋਂ ਅੰਗਰੇਜ਼ੀ ਵਾਜ਼ਾ ਪੂਰੀ ਤਰ੍ਹਾਂ ਸੱਜ-ਧੱਜ ਕੇ ਤਿਆਰ ਹੁੰਦਾ। ਸਭ ਸੰਗਤਾਂ ਸਤਿਗੁਰੂ ਜੀ ਦੀ ਤਾਬਿਆ ਜੋਤੀ ਸਰੂਪ ਸਾਹਿਬ ਪੁੱਜਦੀਆਂ। ਇਥੇ ਪਹੁੰਚ ਕੇ ਕੀਰਤਨ-ਵਖਿਆਨ ਹੁੰਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਕੀਰਤਨ ਸੋਹਿਲੇ ਦਾ ਪਾਠ ਕਰ ਕੇ ਸੰਗਤਾਂ ਮੁੜ ਫ਼ਤਹਿਗੜ੍ਹ ਸਾਹਿਬ ਹਾਜ਼ਰ ਹੁੰਦੀਆਂ। 14 ਪੋਹ ਨੂੰ ਮਾਤਾ ਗੁਜਰੀ ਜੀ ਦੇ ਬੁਰਜ ਵਿਚ ਬੜਾ ਭਾਰੀ ਦੀਵਾਨ ਸਜਦਾ ਅਤੇ ਕੀਰਤਨ-ਵਿਖਿਆਨ, ਭੋਗ, ਪਾਠ ਤੋਂ ਬਾਅਦ ਅਰਦਾਸ ਕਰ ਕੇ ਸਾਰੀਆਂ ਸੰਗਤਾਂ ਵਾਪਸ ਜਾਂਦੀਆਂ। ਸਭਾ ਸਮੇਂ ਪੋਹ ਦੇ ਮਹੀਨੇ ਸਰਦੀ ਕਾਫੀ ਜ਼ੋਰਾਂ @ਤੇ ਹੁੰਦੀ ਹੈ, ਇਸ ਲਈ ਸੰਗਤਾਂ ਦੀ ਗਰਮ ਜਲ ਨਾਲ ਸੇਵਾ ਕੀਤੀ ਜਾਂਦੀ ਸੀ। ਇਸ ਤੋਂ ਅਜੋਕੀ ਰਵਾਇਤ ਸ਼ੁਰੂ ਹੋਈ।

ਪ੍ਰਾਚੀਨ ਧਰਮਾਂ ਵਿਚ ਜਾਨਵਰਾਂ ਦੀ ਬਲੀ ਦੇਣ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਇਸ ਨੂੰ ਹੀ ਕਿਤੇ ਨਾ ਕਿਤੇ ਕੁਰਬਾਨੀ ਸ਼ਬਦ ਨਾਲ ਜੋੜਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਅਹਿੰਸਾ ਵਿਚ ਵਿਸ਼ਵਾਸ ਰੱਖਣ ਵਾਲੇ ਧਰਮ ਵੀ ਜਾਨਵਰਾਂ ਦੀ ਬਲੀ ਨੂੰ ਜਾਇਜ਼ ਦੱਸਦੇ ਹਨ। ਇਸ ਦੇ ਉਲਟ ਸਿੱਖ ਧਰਮ ਵਿਚ ਜਾਨ ਨੂੰ ਕੁਰਬਾਨ ਕਰਨ ਲਈ ਕਿਹਾ ਗਿਆ ਹੈ। ਸਿੱਖ ਧਰਮ ਵਿਚ ਇਸ ਦੇ ਸਾਫ਼ ਸੰਕੇਤ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।
ਇਤ ਮਾਰਗ ਪੈਰ ਧਰੀਜੈ,
ਸਿਰ ਦੀਜੈ ਕਾਣ ਨਾ ਕੀਜੈ।

ਇਸ ਪਾਵਨ ਪੰਗਤੀ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੇ ਉਸ ਪ੍ਰਭੂ ਪਰਮਾਤਮਾ ਨਾਲ ਪ੍ਰੇਮ-ਪਿਆਰ ਦੀ ਨਿਰਾਲੀ ਖੇਡ ਖੇਡਣ ਦਾ ਚਾਅ ਹੈ ਤਾਂ ਦੁਨਿਆਵੀ ਸਵਾਰਥਾਂ ਦਾ ਤਿਆਗ ਕਰ ਕੇ ਸੱਚੇ ਪਰਮਾਤਮਾ ਦੇ ਪਿਆਰ ਵਾਲੇ ਰਾਹ ਦਾ ਪਾਂਧੀ ਬਣੋ। ਸਿੱਖ ਧਰਮ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਨੂੰ ਸ਼ਹੀਦਾਂ ਦੇ ਸਰਤਾਜ ਕਿਹਾ ਜਾਂਦਾ ਹੈ। ਸੋ ਵਿਰਸੇ ਵਿਚ ਮਿਲੇ ਸ਼ਹਾਦਤ ਦੇ ਸੰਕਲਪ ਨੂੰ ਹਕੀਮ ਅੱਲ੍ਹਾ ਯਾਰ ਖ਼ਾਂ ਜੋਗੀ ਵੀ ਛੋਟੇ ਸਾਹਿਬਜ਼ਾਦਿਆਂ ਦੀ ਜ਼ੁਬਾਨੋਂ ਆਪਣੀ ਰਚਨਾ ਸ਼ਹੀਦਾਨਿ ਵਫ਼ਾ ਵਿਚ ਲਿਖਦੇ ਹਨ :

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ,
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।

ਜਿਸ ਅਸਥਾਨ ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਹੋਇਆ, ਉਹ ਥਾਂ ਦੀਵਾਨ ਟੋਡਰ ਮੱਲ ਨੇ 78 ਹਜ਼ਾਰ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰ ਕੇ ਖ਼ਰੀਦੀ ਸੀ। ਜੇਕਰ ਇਤਿਹਾਸਕਾਰਾਂ ਦੀ ਮੰਨੀਏ ਤਾਂ ਉਸ ਚਾਰ ਸਕੁਏਅਰ ਫੁੱਟ ਥਾਂ ਦੀ ਕੀਮਤ ਦੋ ਅਰਬ ਪੰਜਾਹ ਕਰੋੜ ਰੁਪਏ ਉਸ ਸਮੇਂ ਸੀ। ਉਸ ਅਸਥਾਨ ਤੇ ਅੱਜ ਕੱਲ੍ਹ ਗੁਰਦੁਆਰਾ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ ਅਤੇ ਇਹ ਥਾਂ ਦੁਨੀਆ ਦੀ ਸਭ ਤੋਂ ਮਹਿੰਗੀ ਅਤੇ ਅਣਮੁੱਲੀ ਥਾਂ ਹੈ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟ ਕੋਟ ਨਮਨ। ਕੋਸ਼ਿਸ਼ ਕਰੀਏ ਕਿ ਅਸੀਂ ਉਨ੍ਹਾਂ ਦੇ ਦਿਖਾਏ ਮਾਰਗ ਤੇ ਚੱਲ ਸਕੀਏ ਅਤੇ ਹੱਕ-ਸੱਚ ਲਈ ਆਵਾਜ਼ ਬੁਲੰਦ ਕਰੀਏ।

# ਆਉ ਜਾਣੀਏ ਭੋਜਨ ਖਾਣ ਦਾ ਸਹੀ ਤਰੀਕਾ


ਸੁਖਵਿੰਦਰ ਬਰਾੜ
587 830 2930

ਭੋਜਨ Drive thru ਵੀ ਖਾਧਾ ਜਾਂਦਾ ਹੈ। ਵਿਆਹ ਸ਼ਾਦੀਆਂ ਤੇ ਪਾਰਟੀਆਂ ਵਿੱਚ ਖੜ ਕੇ ਤੁਰਦੇ ਫਿਰਦੇ ਵੀ ਖਾਧਾ ਜਾਂਦਾ ਹੈ। ਡਾਇਨਿੰਗ ਟੇਬਲ ਤੇ ਕੁਰਸੀ ਤੇ ਬੈਠ ਕੇ ਵੀ ਅਮੀਰ ਲੋਕ ਭੋਜਨ ਖਾਂਦੇ ਹਨ। ਭੋਜਨ "cross legged" ਚੌਂਕੜੀ ਮਾਰ ਕੇ ਵੀ ਲੰਗਰ ਦੀ ਤਰ੍ਹਾਂ ਛਕਿਆ ਜਾਂਦਾ ਹੈ। ਚੁੱਲ੍ਹੇ ਮੂਹਰੇ ਪੈਰਾਂ ਭਾਰ ਬੈਠ ਵੀ ਖਾਣਾ ਖਾਧਾ ਜਾਂਦਾ ਹੈ। ਦੇਖਣਾ ਹੈ ਕਿ ਸਭ ਤੋਂ ਵਧੀਆ ਕੁਦਰਤੀ ਖਾਣਾ ਖਾਣ ਦਾ ਢੰਗ ਕਿਹੜਾ ਹੈ।

ਸਾਡੀਆਂ ਨੈਰਵਜ ਸਾਡਾ ਖਾਣ ਪੀਣ ਤੇ ਕੁਦਰਤੀ ਖਤਰਿਆਂ ਤੋਂ ਬਚਣ ਲਈ ਸਾਡੇ ਅੰਦਰੂਨੀ ਫੰਕਸ਼ਨਜ ਨੂੰ ਕੰਟਰੋਲ ਕਰਦੀਆਂ ਹਨ। ਜਦੋਂ ਸਾਨੂੰ ਕਿਸੇ ਤਰ੍ਹਾਂ ਦਾ ਵੀ ਬਾਹਰੀ ਖਤਰਾ ਹੁੰਦਾ ਹੈ ਤਾਂ Sympathetic nervous system ( SNS) activate ਹੋ ਜਾਂਦਾ ਹੈ ਜਿਸ ਨਾਲ ਬਲੱਡ ਸਪਲਾਈ ਹਰਟ, ਫੇਫੜੇ, ਮਸਲ, ਲੀਵਰ ਆਦਿ ਨੂੰ ਵਧਾ ਦਿੱਤੀ ਜਾਂਦੀ ਹੈ ਤਾਂ ਜੋ ਦਿਲ ਜਿਆਦਾ ਫੋਰਸ ਨਾਲ ਬਲੱਡ ਤੇ ਆਕਸੀਜਨ, ਲੀਵਰ ਗਲਾਈਕੋਜਨ ਤੋਂ ਗੁਲੂਕੋਜ਼, ਫੇਫੜੇ ਜਿਆਦਾ ਖੁੱਲ ਕੇ ਵਧੇਰੇ ਆਕਸੀਜਨ ਸਪਲਾਈ ਕਰ ਸਕਣ ਤਾਂ ਜੋ ( fight or flight) ਅਸੀਂ ਮੁਕਾਬਲਾ ਕਰ ਸਕੀਏ ਜਾਂ ਤੇਜ ਭਜਕੇ ਆਪਣੀ ਜਾਨ ਬਚਾ ਸਕੀਏ। ਇਹ ਸਭ ਕੁੱਝ ਕਰਨ ਲਈ ਜਰੂਰੀ ਹੁੰਦਾ ਹੈ ਕਿ ਗੈਰ ਜਰੂਰੀ ਅੰਗਾਂ ਜਿਵੇਂ ਕਿ ਮੇਹਦਾ ਤੇ ਪੂਰੀ ਪਾਚਣਤੰਤਰ ਪਰਣਾਲੀ ਨੂੰ ਬਲੱਡ ਸਪਲਾਈ ਬੰਦ ਕਰ ਦਿੱਤੀ ਜਾਂਦੀ ਹੈ। Saliva ਥੁੱਕ ਬਣਨਾ ਬੰਦ ਹੋ ਜਾਂਦਾ ਹੈ।Digestive juices ਪਾਚਕ ਇਨਜਾਈਮ ਬਣਨੇ ਘਟ ਜਾਂਦੇ ਹਨ ਮੇਹਦਾ ਕੰਮ ਛਡ ਦਿੰਦਾ ਹੈ ਭੋਜਨ ਖੜੋਤ ਵਿੱਚ ਚਲਾ ਜਾਂਦਾ ਹੈ ਸਾਰੇ ਵਾਲਵ ਬੰਦ ਹੋ ਜਾਂਦੇ ਹਨ। ਖੜੇ ਹੋਣ ਨਾਲ ਹੀ ਸਰੀਰ ਅਲਰਟ ਹੋ ਜਾਂਦਾ ਹੈ÷ ਪਹਿਲਾ ਗੇਅਰ÷, ਤੁਰਨ ਫਿਰਨ ਨਾਲ ÷ ਦੂਜਾ ਗੇਅਰ ÷ ਤੇ ਡਰਾਈਵ ਕਰਦੇ ਖਾਣ ਨਾਲ ÷ ਤੀਜਾ ਟਾਪ ਗੇਅਰ " SNS ਵਿੱਚ ਪਹੁੰਚ ਜਾਂਦਾ ਹੈ ਤੇ ਸਾਰੇ digestive system ਨੂੰ ਸ਼ਟ ਡਾਊਨ ਕਰ ਦਿੰਦਾ ਹੈ।





ਦੂਸਰੇ ਪਾਸੇ ਆਰਾਮ ਨਾਲ ਬੈਠ ਕੇ ਖਾਣਾ ਖਾਣ ਨਾਲ ਚਾਹੇ ਡਾਇਨਿੰਗ ਟੇਬਲ ਤੇ, ਚੌਂਕੜੀ ਮਾਰ ਕੇ, ਪੈਰਾਂ ਭਾਰ ਬੈਠ ਕੇ ਸਰੀਰ PNS parasympathetic mode ਵਿੱਚ ਚਲਾ ਜਾਂਦਾ ਹੈ ਤੇ ਸਾਰੀ ਬਲੱਡ ਸਪਲਾਈ ਡਾਈਜੈਸਟਿਵ ਸਿਸਟਮ ਨੂੰ ਡਾਈਵਰਟ ਕਰ ਦਿੱਤੀ ਜਾਂਦੀ ਹੈ ਤੇ ਬਾਕੀ ਅੰਗਾਂ ਨੂੰ ਘਟਾ ਦਿੱਤੀ ਜਾਂਦੀ ਹੈ ਜਿਸ ਕਾਰਨ ਭੋਜਨ ਵਧੀਆ ਪਚਦਾ ਹੈ ਤੇ ਖੂਨ ਵਿੱਚ ਜਜਬ ਹੁੰਦਾ ਹੈ।ਸਭ ਤੋਂ ਵਧੀਆ ਕੁਦਰਤੀ ਖਾਣਾ ਖਾਣ ਦਾ ਸਹੀ ਤਰੀਕਾ ਚੌਂਕੜੀ ਮਾਰ ਕੇ ਹੀ ਹੈ। ਇਸ ਤਰ੍ਹਾਂ ਖਾਣਾ ਖਾਣ ਨਾਲ ਬਲੱਡ ਸਪਲਾਈ ਫਰਦਰ ਲਤਾਂ ਪੈਰਾਂ ਨੂੰ ਵੀ ਕਟ ਜਾਂਦੀ ਹੈ ਤੇ ਐਕਸਟਰਾ 20% ਬਲੱਡ ਸਪਲਾਈ ਡਾਈਜੈਸਟਿਵ ਸਿਸਟਮ ਨੂੰ ਮਿਲ ਜਾਣ ਕਾਰਨ ਭੋਜਨ ਮਿੰਟਾਂ ਸੈਕਿੰਡਾਂ ਵਿੱਚ ਹੀ ਹਜਮ ਹੋ ਜਾਂਦਾ ਹੈ ਤੇ ਪੇਟ ਦੀਆਂ ਬੀਮਾਰੀਆਂ ਤੇ ਗੈਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਹੈਲਦੀ ਲਾਈਫਸਟਾਈਲ ਨਾਲੇਜ ਫਾਊਂਡੇਸ਼ਨ ਤੁਹਾਨੂੰ ਹਮੇਸ਼ਾ ਸਮੇਂ ਦੇ ਨਾਲ ਨਾਲ ਹੀ ਨਹੀਂ ਤੋਰਦੀ ਬਲਕਿ ਇਕ ਕਦਮ ਅਗਾਂਹ ਰਖਦੀ ਹੈ। ਅਜ ਕਲ Dwarf. ਬੌਣੇ ਡਾਇਨਿੰਗ ਟੇਬਲ ਮਾਰਕੀਟ ਵਿੱਚ ਆ ਗਏ ਹਨ ਜਿਨ੍ਹਾਂ ਨੂੰ cross legged ਚੌਂਕੜੀ ਮਾਰ ਕੇ ਖਾਣਾ ਖਾਣ ਲਈ ਵਰਤਿਆ ਜਾਂਦਾ ਹੈ। 'ਚੌਂਕੜੀ ਮਾਰ ਕੇ ਖਾਣਾ ਖਾਉ ਤੇ ਸਿਹਤ ਬਣਾਉ'

# ਵਿਧਾਨ ਸਭਾ ਚੋਣਾਂ ਅਤੇ ਸਿਆਸੀ ਮਾਹੌਲ


ਜਗਰੂਪ ਸਿੰਘ ਸੇਖੋਂ



**ਪੰਜਾਬ ਦੇ ਲੋਕ ਉਨ੍ਹਾਂ ਸਾਰੇ ਕਾਰਨਾਂ ਬਾਰੇ ਜਾਣਦੇ ਹਨ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਕਾਂਗਰਸ ਨੂੰ ਚੁਣਨਾ ਪਿਆ। ਧਰਾਤਲ ਤੇ ਅੱਜ ਵੀ ਪੂਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਲਈ ਪੰਜਾਬ ਵਿਚ ਸਰਕਾਰ ਬਣਾਉਣ ਲਈ ਲੋਕਾਂ ਵਿਚ ਭਰੋਸਾ ਪੈਦਾ ਕਰਨਾ ਜ਼ਰੂਰੀ ਹੈ। ਇਸ ਪਾਰਟੀ ਵੱਲੋਂ ਕੇਂਦਰ ਦੁਆਰਾ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਅਤੇ ਧਾਰਾ 370 ਤੇ 35-ਏ ਦੇ ਖਾਤਮੇ ਦੀ ਹਮਾਇਤ ਤੇ ਉਸ ਦੇ ਨਰਮ ਹਿੰਦੂਤਵ ਵਾਲਾ ਅਕਸ ਪੰਜਾਬ ਦੇ ਇਕ ਵੱਡੇ ਤਬਕੇ ਦੇ ਲੋਕਾਂ ਲਈ ਸਵਾਲ ਪੈਦਾ ਕਰਦੇ ਹਨ।**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਸਿਰ ਤੇ ਹਨ। ਇਸੇ ਕਾਰਨ ਪੰਜਾਬ ਦੀ ਸਿਆਸੀ, ਆਰਥਿਕ, ਸਮਾਜਿਕ ਅਤੇ ਧਾਰਮਿਕ ਵਿਵਸਥਾ ਵਿਚ ਬੇਚੈਨੀ ਹੈ। ਅਜਿਹੀ ਬੇਚੈਨੀ ਸ਼ਾਇਦ ਪਹਿਲਾਂ ਕਦੀ ਚੋਣਾਂ ਤੋਂ ਪਹਿਲਾਂ ਦੇਖਣ ਨੂੰ ਨਹੀਂ ਮਿਲੀ। ਇਸ ਵਿਗੜੀ ਵਿਵਸਥਾ ਲਈ ਭਾਵੇਂ ਇੱਥੋਂ ਦੀਆਂ ਰਾਜ ਕਰਨ ਵਾਲੀਆਂ ਧਿਰਾਂ ਤੇ ਕੁਝ ਲੋਕ ਜਿ ?ਮੇਵਾਰ ਹਨ ਪਰ ਸਭ ਤੋਂ ਵੱਡਾ ਯੋਗਦਾਨ ਪਿਛਲੇ 30 ਸਾਲ ਤੋਂ ਰਾਜ ਕਰ ਰਹੀਆਂ ਪਾਰਟੀਆਂ ਤੇ ਉਨ੍ਹਾਂ ਦੇ ਬਹੁਤ ਸਾਰੇ ਆਪਹੁਦਰੇ ਨੇਤਾ ਹਨ ਜਿਨ੍ਹਾਂ ਨੇ ਨਾ ਸਿਰਫ਼ ਪੰਜਾਬ ਦੀ ਆਰਥਿਕ, ਸਿਆਸੀ, ਸਮਾਜਿਕ ਆਦਿ ਵਿਵਸਥਾ ਵਿਚ ਵਿਗਾੜ ਲਿਆਂਦਾ ਸਗੋਂ ਇਸ ਵਿਗਾੜ ਨੇ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਨਸ਼ਾ, ਤਸਕਰੀ, ਗੁੰਡਾਗਰਦੀ, ਬਦਲਾਖ਼ੋਰੀ, ਗੈਂਗਸਟਰਵਾਦ, ਰਿਸ਼ਵਤਖ਼ੋਰੀ, ਬੇਰੁਜ਼ਗਾਰੀ, ਅਨਪੜ੍ਹਤਾ ਨੂੰ ਵੀ ਵਧਾਇਆ। ਇਸ ਦੇ ਨਾਲ ਹੀ, ਖੇਤੀ ਨਾਲ ਸੰਬੰਧਿਤ ਨਵੇਂ ਕਾਨੂੰਨ ਬਣਾਉਣ ਵਿਚ ਕਾਂਗਰਸ, ਅਕਾਲੀ ਦਲ, ਬੀਜੇਪੀ ਤਕਰੀਬਨ ਇੱਕੋ ਜਿਹੀਆਂ ਹੀ ਜਿ ?ਮੇਵਾਰ ਹਨ। ਉਂਜ, ਜਦੋਂ ਕਿਸਾਨਾਂ ਨੇ ਆਪਣੇ ਸੰਘਰਸ਼ ਨਾਲ ਇਨ੍ਹਾਂ ਤੇ ਸ਼ਿਕੰਜਾ ਕੱਸਿਆ ਤਾਂ ਇਹ ਇਕ ਦੂਜੇ ਤੇ ਦੂਸ਼ਣ ਲਾਉਣ ਲੱਗ ਪਈਆਂ ਅਤੇ ਵੱਖ ਵੱਖ ਹੱਥਕੰਡੇ ਅਪਣਾ ਕੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਸਾਬਿਤ ਕਰਨ ਵਿਚ ਲੱਗ ਗਈਆਂ। ਇਹ ਚੰਗੀ ਗੱਲ ਹੈ ਕਿ ਕਿਸਾਨੀ ਜੱਥੇਬੰਦੀਆਂ ਦੇ ਸਮਝਦਾਰ ਪੈਂਤੜੇ ਨੇ ਇਨ੍ਹਾਂ ਦੇ ਪੱਲੇ ਕੁਝ ਨਹੀਂ ਪੈਣ ਦਿੱਤਾ। ਇਸ ਗੱਲ ਵਿਚ ਸਚਾਈ ਹੈ ਕਿ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਲੀਡਰਾਂ ਨੇ ਲੋਕਾਂ ਦੇ ਮੁੱਦੇ ਅੱਖੋਂ ਓਹਲੇ ਕੀਤੇ, ਕੇਵਲ ਆਪਣਾ ਏਜੰਡਾ ਹੀ ਧਿਆਨ ਵਿਚ ਰੱਖਿਆ। ਨਤੀਜੇ ਵਜੋਂ ਪੰਜਾਬ ਹਾਸ਼ੀਏ ਵੱਲ ਧੱਕਿਆ ਗਿਆ। ਹਾਲਾਤ ਇੱਥੋਂ ਤੱਕ ਪਹੁੰਚ ਗਏ ਕਿ ਪੰਜਾਬ ਦੀ ਜਵਾਨੀ ਅਨਪੜ੍ਹਤਾ, ਬੇਰੁਜ਼ਗਾਰੀ ਤੇ ਨਸ਼ਿਆਂ ਦੀ ਦਲਦਲ ਵਿਚ ਧੱਕੀ ਗਈ ਅਤੇ ਬਾਕੀ ਰਹਿੰਦੇ ਪਰਵਾਸ ਕਰ ਗਏ ਜਾਂ ਕਰਨ ਦੀ ਉਡੀਕ ਵਿਚ ਹਨ। ਪਿੰਡਾਂ ਵੱਲ ਜਾਂਦੀਆਂ ਸੜਕਾਂ ਕੰਢੇ ਰੁੱਖਾਂ ਅਤੇ ਖੰਭਿਆਂ ਉੱਤੇ ਬਾਹਰ ਜਾਣ ਦੇ ਲੱਗੇ ਇਸ਼ਤਿਹਾਰ ਦੇਖ ਕੇ ਲੱਗਦਾ ਹੈ ਕਿ ਰਹਿੰਦੇ ਪਿੰਡ ਵੀ ਖਾਲੀ ਹੋਣ ਵਾਲੇ ਹਨ। ਇੱਥੇ ਉਹੀ ਲੋਕ ਹੀ ਵੱਸਣਗੇ ਜਿਹੜੇ ਰਵਾਇਤੀ ਪਾਰਟੀਆਂ ਦੇ ਪੈਰੋਕਾਰ ਬਣ ਕੇ ਰਾਜ ਤੇ ਸਮਾਜ ਲਈ ਵੱਡੇ ਮਸਲੇ ਪੈਦਾ ਕਰਨਗੇ। ਚੋਣਾਂ ਦੇ ਮੱਦੇਨਜ਼ਰ ਹੁਣ ਤਕਰੀਬਨ ਸਾਰੀਆਂ ਪਾਰਟੀਆਂ ਪੰਜਾਬ ਦੇ ਬੱਚਿਆਂ ਨੂੰ ਬਾਹਰ ਜਾ ਕੇ ਪੜ੍ਹਾਈ ਕਰਨ ਲਈ ਮਾਲੀ ਮਦਦ ਦੀ ਗੱਲ ਕਰ ਰਹੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਪਾਰਟੀਆਂ ਦੇ ਲੋਕਾਂ ਨਾਲ ਕੀਤੇ ਜਾ ਰਹੇ ਵਾਅਦਿਆਂ ਤੋਂ ਲੱਗਦਾ ਹੈ ਕਿ ਪੰਜਾਬ ਦੇ ਲੋਕ ਬੇਆਸਰਾ ਤੇ ਬੇਉਮੀਦ ਹੋ ਗਏ ਹਨ। ਸਭ ਕੁਝ ਹੋਣ ਦੇ ਬਾਵਜੂਦ ਲੋਕ ਆਪਣੀ ਮਿੱਟੀ ਦਾ ਮੋਹ ਛੱਡ ਰਹੇ ਹਨ। ਸਰਹੱਦੀ ਪੱਟੀ ਦੇ ਪਿੰਡਾਂ ਵਿਚ ਚੁੱਪ-ਚੁਪੀਤੇ ਧਰਮ ਪਰਿਵਰਤਨ ਹੋ ਰਿਹਾ ਹੈ। ਇਕ ਅਫਸਰ ਮੁਤਾਬਕ, ਅਗਲੇ 20 ਸਾਲ ਬਾਅਦ ਪੰਜਾਬ ਦਾ ਜਨਸੰਖਿਆ ਢਾਂਚਾ ਬਿਲਕੁੱਲ ਬਦਲ ਜਾਵੇਗਾ ਜਿਸ ਨਾਲ ਹੋਰ ਬਹੁਤ ਸਾਰੇ ਮਸਲੇ ਪੈਦਾ ਹੋਣਗੇ। ਇਹ ਸਾਰਾ ਕੁਝ ਪੰਜਾਬ ਦੀਆਂ ਹਾਕਮ ਜਮਾਤਾਂ ਦੇ ਕਾਰਨਾਮਿਆਂ ਦਾ ਸਿੱਟਾ ਹੈ।

ਲੱਗਦਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਬਹੁਤ ਸਾਰੇ ਮੁੱਦਿਆਂ ਤੋਂ ਇਲਾਵਾ ਜ਼ਿਆਦਾ ਬਹਿਸ ਕਿਸਾਨਾਂ ਦੁਆਰਾ ਸਫ਼ਲਤਾ ਨਾਲ ਚਲਾਇਆ ਮੋਰਚਾ ਸਿਆਸਤ ਦਾ ਕੇਂਦਰ ਬਿੰਦੂ ਬਣ ਰਿਹਾ ਹੈ। ਲੋਕ ਹੁਣ ਚੁਣੇ ਨੁਮਾਇੰਦਿਆ ਅੱਗੇ ਹੱਥ ਜੋੜਨ ਦੀ ਬਜਾਇ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ ਕਰ ਰਹੇ ਹਨ। ਇਸ ਵਰਤਾਰੇ ਦਾ ਸਭ ਤੋਂ ਜਿ ?ਆਦਾ ਅਸਰ ਚੋਣਾਂ ਲੜਨ ਵਾਲੇ ਉਮੀਦਵਾਰਾਂ ਤੇ ਪੈਣ ਦੀ ਸੰਭਾਵਨਾ ਹੈ। ਇਕ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਨੇ ਪੇਂਡੂ ਜਨ ਸਾਧਾਰਨ ਨੂੰ ਨਾ ਕੇਵਲ ਸਿਆਸੀ ਤੌਰ ਤੇ ਚੇਤੰਨ ਕੀਤਾ ਹੈ ਸਗੋਂ ਕਾਫ਼ੀ ਹੱਦ ਤੱਕ ਉਨ੍ਹਾਂ ਨੂੰ ਸਿਆਸੀ ਮਨੁੱਖ ਬਣਾਇਆ ਹੈ। ਕਿਸਾਨ ਅੰਦੋਲਨ ਦੀ ਸਫ਼ਲਤਾ ਤੋਂ ਆਸ ਕੀਤੀ ਜਾਂਦੀ ਹੈ ਕਿ ਪੰਜਾਬ ਦੀ ਸਿਆਸਤ ਦੇ ਨਾਲ ਨਾਲ ਭਾਰਤੀ ਲੋਕਤੰਤਰ ਅਤੇ ਗਣਤੰਤਰ ਨਵੀਂ ਤਰ੍ਹਾਂ ਪਰਿਭਾਸ਼ਤ ਹੋਵੇਗਾ।

ਚੋਣਾਂ ਵਿਚ ਇਸ ਵਾਰ ਚਾਰ ਦਲਾਂ/ਗੱਠਜੋੜਾਂ ਵਿਚਕਾਰ ਮੁਕਾਬਲੇ ਦੀ ਸੰਭਾਵਨਾ ਹੈ ਜਿਸ ਵਿਚ ਅਕਾਲੀ-ਬੀਐੱਸਪੀ ਗੱਠਜੋੜ, ਅਮਰਿੰਦਰ-ਬੀਜੇਪੀ ਤੇ ਹੋਰ ਛੋਟੀਆਂ ਪਾਰਟੀਆਂ ਦਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਸ਼ਾਮਿਲ। ਅਜਿਹੇ ਮਾਹੌਲ ਵਿਚ ਚੋਣਾਂ ਦੇ ਨਤੀਜਿਆਂ ਬਾਰੇ ਭਵਿੱਖਬਾਣੀ ਕਾਫ਼ੀ ਮੁਸ਼ਕਿਲ ਹੈ। ਅਮਰਿੰਦਰ ਸਿੰਘ ਵਾਲੀ ਧਿਰ ਕਾਂਗਰਸ ਪਾਰਟੀ ਲਈ ਕੁਝ ਸੰਕਟ ਪੈਦਾ ਕਰ ਸਕਦੀ ਹੈ ਪਰ ਪੰਜਾਬ ਦੇ ਵੋਟਰ ਜਾਣਦੇ ਹਨ ਕਿ ਅਮਰਿੰਦਰ ਸਿੰਘ ਨੇ ਆਪਣੇ ਸਾਢੇ ਚਾਰ ਸਾਲ ਦੇ ਸ਼ਾਸਨ ਵਿਚ 2017 ਦੀਆਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਵਫ਼ਾ ਨਹੀਂ ਕੀਤੇ। ਉਸ ਦੇ ਰਾਜ ਵਿਚ ਸਭ ਸੰਭਾਵਨਾਵਾਂ ਹੋਣ ਦੇ ਬਾਵਜੂਦ ਲੋਕਾਂ ਦੇ ਮੁੱਦੇ, ਭਾਵ ਰੁਜ਼ਗਾਰ, ਭ੍ਰਿਸ਼ਟਾਚਾਰ, ਰੇਤ ਬਜਰੀ, ਸ਼ਰਾਬ ਮਾਫ਼ੀਆ ਦਾ ਖਾਤਮਾ, ਬੇਅਦਬੀ ਮਾਮਲੇ ਆਦਿ ਦਾ ਕੋਈ ਸੰਤੋਖਜਨਕ ਹੱਲ ਨਹੀਂ ਨਿਕਲ ਸਕਿਆ। ਉਂਜ, ਅਮਰਿੰਦਰ ਸਿੰਘ ਦੇ ਬੀਜੇਪੀ ਨਾਲ ਗੱਠਜੋੜ ਦਾ ਚੋਣਾਂ ਦੇ ਨਤੀਜਿਆਂ ਤੇ ਪ੍ਰਭਾਵ ਆਸਾਨੀ ਨਾਲ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਅਕਾਲੀ-ਬੀਐੱਸਪੀ ਗੱਠਜੋੜ ਅਜੇ ਤੱਕ ਲੋਕਾਂ ਦੀ ਸਿਆਸੀ ਸਮਝ ਦਾ ਹਿੱਸਾ ਨਹੀਂ ਬਣ ਸਕਿਆ। ਸਭ ਤੋਂ ਵੱਡੀ ਮੁਸ਼ਕਿਲ ਦੋਹਾਂ ਪਾਰਟੀਆਂ ਦੀ ਸਿਖ਼ਰਲੀ ਲੀਡਰਸ਼ਿਪ ਵਿਚ ਲੋਕਾਂ ਵਿਚ ਭਰੋਸੇ ਦੀ ਕਮੀ ਹੈ। ਇਹ ਲੀਡਰ ਅਜੇ ਵੀ ਲੋਕਾਂ ਦੇ ਮਨਾਂ ਵਿਚ ਜਗ੍ਹਾ ਬਣਾਉਣ ਲਈ ਜੂਝ ਰਹੇ ਜਾਪਦੇ ਹਨ। ਅਕਾਲੀ ਦਲ ਦੇ ਦੋ ਵੱਡੇ ਲੀਡਰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਡੀ ਗਿਣਤੀ ਵੋਟਰਾਂ ਦੇ ਮਨਾਂ ਅੰਦਰ ਨਹੀਂ ਉਤਰ ਰਹੇ। ਇਸ ਦਾ ਮੁੱਖ ਕਾਰਨ ਇਨ੍ਹਾਂ ਲੋਕਾਂ ਦੀ ਇਹ ਸੋਚ ਹੈ ਕਿ ਪੰਜਾਬ ਦੇ ਮੌਜੂਦਾ ਹਾਲਾਤ ਲਈ ਮੁੱਖ ਤੌਰ ਤੇ ਇਹੀ ਜਿ ?ਮੇਵਾਰ ਹਨ। ਅਕਾਲੀ ਦਲ ਦੇ ਤਿੰਨ ਖੇਤੀ ਕਾਨੂੰਨਾਂ ਵਿਚ ਨਿਭਾਏ ਰੋਲ ਦਾ ਵੀ ਲੋਕ ਮਖੌਲ ਉਡਾਉਂਦੇ ਦਿਸਦੇ ਹਨ। ਬੇਅਦਬੀ ਦੇ ਮਾਮਲੇ, ਨਸ਼ਾ ਤਸਕਰੀ, ਗੁੰਡਾਗਰਦੀ ਦੀ ਸਿਆਸਤ, ਰਿਸ਼ਵਤਖੋਰੀ, ਸਰਕਾਰੀ ਜਾਇਦਾਦਾਂ ਵੇਚਣਾ ਜਾਂ ਕਬਜ਼ਾ ਕਰਨਾ ਆਦਿ ਲਈ ਵੀ ਜਿ ?ਆਦਾ ਜ਼ਿੰਮੇਵਾਰ ਅਕਾਲੀ-ਬੀਜੇਪੀ ਗੱਠਜੋੜ ਸਰਕਾਰ ਨੂੰ ਹੀ ਮੰਨਿਆ ਜਾਂਦਾ ਹੈ। ਲੋਕਾਂ ਦੇ ਇਹੋ ਜਿਹੇ ਸਿਆਸੀ ਵਿਚਾਰਾਂ ਨਾਲ ਪਾਰਟੀ ਲਈ ਵੱਡੀ ਲਹਿਰ ਪੈਦਾ ਕਰਨੀ ਕਾਫ਼ੀ ਮੁਸ਼ਕਿਲ ਦਿਖਾਈ ਦੇ ਰਹੀ ਹੈ। ਇਹ ਵੀ ਲੱਗਦਾ ਹੈ ਕਿ ਇਸ ਦਲਦਲ ਵਿਚੋਂ ਉਭਰਨ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਬਹੁਜਨ ਸਮਾਜ ਪਾਰਟੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਵਿਚੋਂ ਇਸ ਕੋਲ ਪਾਰਟੀ ਦੇ ਢਾਂਚੇ ਦੀ ਕਮੀ ਹੈ ਤੇ ਇਸ ਦੇ ਨਾਲ ਨਾਲ ਲੀਡਰਸ਼ਿਪ ਦੀ ਕਮਜ਼ੋਰੀ ਵੀ ਇਸ ਦੇ ਰਸਤੇ ਵਿਚ ਵੱਡੀ ਰੁਕਾਵਟ ਹੈ। ਪਾਰਟੀ ਦੇ ਚੁਣੇ ਨੁਮਾਇੰਦਿਆਂ ਦਾ ਪੰਜਾਬ ਤੇ ਪੰਜਾਬ ਤੋਂ ਬਾਹਰ ਦੇ ਪ੍ਰਦੇਸ਼ਾਂ ਵਿਚ ਸਿਆਸੀ ਵਰਤਾਰਾ ਬਹੁਤ ਭਰੋਸੇਯੋਗ ਨਹੀਂ ਹੈ। ਦੇਖਣ ਵਿਚ ਆਇਆ ਹੈ ਕਿ ਇਸ ਪਾਰਟੀ ਦੇ ਜੇਤੂ ਨੁਮਾਇੰਦੇ ਬਾਅਦ ਵਿਚ ਬਹੁਤ ਆਸਾਨੀ ਨਾਲ ਹੋਰ ਧਿਰਾਂ ਨਾਲ ਰਲ ਜਾਂਦੇ ਹਨ।

ਹੁਣ ਕਾਂਗਰਸ ਦੀ ਗੱਲ। ਅਮਰਿੰਦਰ ਸਿੰਘ ਤੋਂ ਨਾਟਕੀ ਢੰਗ ਨਾਲ ਕੁਰਸੀ ਖਾਲੀ ਕਰਵਾ ਕੇ ਅਤੇ ਇਕ ਆਮ ਵਿਅਕਤੀ ਨੂੰ ਮੁੱਖ ਮੰਤਰੀ ਬਣਾਉਣ ਨਾਲ ਕਾਂਗਰਸ ਨੇ ਇਕ ਤੀਰ ਨਾਲ ਦੋ ਨਿਸ਼ਾਨ ਸਾਧੇ ਹਨ। ਪਹਿਲਾ ਅਮਰਿੰਦਰ ਸਿੰਘ ਸਰਕਾਰ ਦੀ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਦੀ ਜਿ ?ਮੇਵਾਰੀ ਤੋਂ ਪੱਲਾ ਝਾੜ ਕੇ ਅਤੇ ਦੂਸਰਾ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵਾਲੀ ਕਾਵਾਂਰੌਲੀ ਦਾ ਮੁਕਾਬਲਾ ਕਰਕੇ। ਇਹ ਫ਼ੈਸਲਾ ਉਸ ਸਮੇਂ ਕੀਤਾ ਗਿਆ ਜਦੋਂ ਨਵੀਂ ਸਰਕਾਰ ਕੋਲ ਆਪਣੀ ਕਾਰਗੁਜ਼ਾਰੀ ਦਿਖਾਉਣ ਤੇ ਜਿ ?ਮੇਵਾਰੀ ਲੈਣ ਦਾ ਬਹੁਤ ਘੱਟ ਸਮਾਂ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਆਮ ਲੋਕਾਂ ਨਾਲ ਵਰਤਾਰਾ ਅਤੇ ਕਾਂਗਰਸ ਸਰਕਾਰ ਤੇ ਪਾਰਟੀ ਦੀ ਕਿਸਾਨ ਅੰਦੋਲਨ ਪ੍ਰਤੀ ਨਰਮ ਰਵੱਈਏ ਨੇ ਲੋਕਾਂ ਵਿਚ ਹਮਦਰਦੀ ਪੈਦਾ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਨਾਲ ਸੰਬੰਧਿਤ ਮਸਲੇ, ਖ਼ਾਸਕਰ ਸਰਹੱਦੀ ਪੱਟੀ ਦਾ ਘੇਰਾ ਵਧਾਉਣ ਦੇ ਕੇਂਦਰ ਦੇ ਇਕਤਰਫ਼ੇ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਤੇ ਉਸ ਤੋਂ ਇਲਾਵਾ ਹਜ਼ਾਰਾਂ ਨੌਕਰੀਆਂ ਦੇਣ ਦੇ ਉਪਰਾਲੇ ਨਾਲ ਹਮਦਰਦੀ ਬਟੋਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਂਜ, ਪਾਰਟੀ ਨੂੰ ਸਭ ਤੋਂ ਵੱਡੀ ਚੁਣੌਤੀ ਹੋਰ ਕਿਸੇ ਪਾਰਟੀ ਨਾਲੋਂ ਜਿ ?ਆਦਾ ਆਪਣੀ ਪਾਰਟੀ ਦੇ ਨੇਤਾਵਾਂ ਤੋਂ ਹੈ ਜਿਹੜੇ ਹਰ ਰੋਜ਼ ਕੋਈ ਨਵਾਂ ਪੁਆੜਾ ਪਾ ਰਹੇ ਹਨ। ਪੰਜਾਬ ਕਾਂਗਰਸ ਬਹੁਤ ਬੁਰੀ ਤਰ੍ਹਾਂ ਵੰਡੀ ਹੋਈ ਹੈ ਜਿਸ ਦਾ ਮੁੱਖ ਕਾਰਨ ਕੇਂਦਰੀ ਲੀਡਰਸ਼ਿਪ ਦਾ ਕਮਜ਼ੋਰ ਹੋਣਾ ਅਤੇ ਸਰਕਾਰ ਤੇ ਪਾਰਟੀ ਵਿਚ ਤਾਲਮੇਲ ਦੀ ਘਾਟ ਹੈ। ਇਸ ਪਾਰਟੀ ਦੀ ਜਿੱਤ ਦੇ ਨਤੀਜੇ ਸਿੱਧੇ ਤੌਰ ਤੇ ਅਮਰਿੰਦਰ ਸਿੰਘ ਦੀ ਬਣਾਈ ਪੰਜਾਬ ਲੋਕ ਕਾਂਗਰਸ ਅਤੇ ਬੀਜੇਪੀ ਗੱਠਜੋੜ ਤੇ ਨਿਰਭਰ ਹਨ। ਪਿਛਲੀਆਂ ਚੋਣਾਂ ਵਿਚ ਕਾਂਗਰਸ ਦੀ ਵੱਡੀ ਜਿੱਤ ਸ਼ਹਿਰੀ ਵੋਟਰਾਂ ਕਰ ਕੇ ਹੋਈ ਸੀ। ਨਵੇਂ ਸਮੀਕਰਨ ਕਾਂਗਰਸ ਲਈ ਚੁਣੌਤੀ ਪੈਦਾ ਕਰ ਸਕਦੇ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ ਪੰਜਾਬ ਦੀ ਸਿਆਸਤ ਵਿਚਾਰਧਾਰਕ ਅਤੇ ਅਸੂਲਾਂ ਨਾਲੋਂ ਜਿ ?ਆਦਾ ਧੜੇਬੰਦੀ ਤੇ ਆਧਾਰਿਤ ਹੈ।

ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਆਮ ਆਦਮੀ ਪਾਰਟੀ ਦੀ ਮੁਸ਼ਕਿਲ ਕੁਝ ਹੱਦ ਤੱਕ ਵਧ ਗਈ ਲੱਗਦੀ ਹੈ। ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਝੁਕਾਅ ਵਧ ਗਿਆ ਸੀ। ਇਸ ਦਾ ਮੁੱਖ ਕਾਰਨ ਅਮਰਿੰਦਰ ਸਿੰਘ ਸਰਕਾਰ ਦੀ ਕਾਰਗੁਜ਼ਾਰੀ, ਵਿਧਾਇਕਾਂ ਤੇ ਹੋਰ ਲੀਡਰਾਂ ਵਿਚ ਅਸੰਤੁਸ਼ਟੀ, ਮਸਲਿਆਂ ਦੇ ਹੱਲ ਕੱਢਣ ਦੀ ਬਜਾਇ ਉਨ੍ਹਾਂ ਨੂੰ ਲਮਕਾਉਣਾ, ਚੁਣੇ ਹੋਏ ਨੁਮਾਇੰਦਿਆਂ ਦੀ ਜਗ੍ਹਾ ਆਪਣੇ ਨਿੱਜੀ ਸਲਾਹਕਾਰਾਂ ਤੇ ਜਿ ?ਆਦਾ ਭਰੋਸਾ ਕਰਨਾ ਆਦਿ ਸਨ। ਲੀਡਰਸ਼ਿਪ ਬਦਲਣ ਅਤੇ ਨਵੀਂ ਲੀਡਰਸ਼ਿਪ ਦੁਆਰਾ ਕੁਝ ਲੋਕ ਲੁਭਾਊ ਫ਼ੈਸਲੇ ਕਰਨ ਨਾਲ ਕਾਂਗਰਸ ਨੇ ਕਾਫ਼ੀ ਹੱਦ ਤੱਕ ਆਮ ਆਦਮੀ ਪਾਰਟੀ ਲਈ ਵੱਡੀ ਚੁਣੌਤੀ ਪੈਦਾ ਕੀਤੀ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਵਿਚ ਵੱਡੀ ਟੁੱਟ-ਭੱਜ, ਵਿਚਾਰਧਾਰਾ ਦੀ ਅਣਹੋਂਦ, ਸ਼ਕਤੀਆਂ ਦਾ ਕੇਂਦਰੀਕਰਨ, ਸਥਾਨਕ ਲੀਡਰਾਂ ਨੂੰ ਅਣਗੌਲਣਾ, ਪਾਰਟੀ ਢਾਂਚੇ ਦੀ ਅਣਹੋਂਦ, ਸਥਾਨਕ ਲੀਡਰਾਂ ਤੇ ਵਿਸ਼ਵਾਸ਼ ਦੀ ਘਾਟ ਆਦਿ ਆਮ ਆਦਮੀ ਪਾਰਟੀ ਦੀ ਜਿੱਤ ਵਿਚ ਵੱਡੇ ਰੋੜੇ ਹਨ। ਕਾਂਗਰਸ ਨੇ ਜਵਾਨ ਦਲਿਤ ਨੇਤਾ ਨੂੰ ਪੰਜਾਬ ਦੀ ਵਾਗਡੋਰ ਦੇ ਕੇ ਪੰਜਾਬ ਦੀ ਸਿਆਸਤ ਨੂੰ ਨਵੇਂ ਢੰਗ ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਉਂ ਹੁਣ ਤੱਕ ਤਾਂ ਆਮ ਆਦਮੀ ਪਾਰਟੀ ਕਾਂਗਰਸ ਨਾਲ ਮੁਕਾਬਲੇ ਵਿਚ ਲੱਗਦੀ ਹੈ ਪਰ ਬੀਜੇਪੀ ਦਾ ਅਮਰਿੰਦਰ ਸਿੰਘ ਨਾਲ ਸਮਝੌਤਾ ਤੇ ਹੋਰ ਛੋਟੇ ਮੋਟੇ ਦਲਾਂ ਨੂੰ ਨਾਲ ਲੈ ਕੇ ਚੋਣਾਂ ਲੜਨ ਦੀ ਜੁਗਤ ਇਨ੍ਹਾਂ ਦਾ ਖੇਲ ਵਿਗਾੜ ਸਕਦੀ ਹੈ। ਇਹ ਗੱਲ ਜੱਗ-ਜ਼ਾਹਿਰ ਹੈ ਕਿ ਲੋਕ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ ਪਰ ਉਹ ਕੋਈ ਟਿਕਾਊ ਅਤੇ ਪੰਜਾਬ ਹਿਤੈਸ਼ੀ ਬਦਲ ਚਾਹੁੰਦੇ ਹਨ। ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਉਭਾਰ 2017 ਦੀਆਂ ਚੋਣਾਂ ਤੋਂ ਪਹਿਲਾਂ ਵੀ ਸੀ ਪਰ ਅਖ਼ੀਰ ਤੇ ਇਹ ਸਾਰਾ ਕੁਝ ਧਰਿਆ-ਧਰਾਇਆ ਰਹਿ ਗਿਆ।

ਪੰਜਾਬ ਦੇ ਲੋਕ ਉਨ੍ਹਾਂ ਸਾਰੇ ਕਾਰਨਾਂ ਬਾਰੇ ਜਾਣਦੇ ਹਨ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਕਾਂਗਰਸ ਨੂੰ ਚੁਣਨਾ ਪਿਆ। ਧਰਾਤਲ ਤੇ ਅੱਜ ਵੀ ਪੂਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਲਈ ਪੰਜਾਬ ਵਿਚ ਸਰਕਾਰ ਬਣਾਉਣ ਲਈ ਲੋਕਾਂ ਵਿਚ ਭਰੋਸਾ ਪੈਦਾ ਕਰਨਾ ਜ਼ਰੂਰੀ ਹੈ। ਇਸ ਪਾਰਟੀ ਵੱਲੋਂ ਕੇਂਦਰ ਦੁਆਰਾ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਅਤੇ ਧਾਰਾ 370 ਤੇ 35-ਏ ਦੇ ਖਾਤਮੇ ਦੀ ਹਮਾਇਤ ਤੇ ਉਸ ਦੇ ਨਰਮ ਹਿੰਦੂਤਵ ਵਾਲਾ ਅਕਸ ਪੰਜਾਬ ਦੇ ਇਕ ਵੱਡੇ ਤਬਕੇ ਦੇ ਲੋਕਾਂ ਲਈ ਸਵਾਲ ਪੈਦਾ ਕਰਦੇ ਹਨ।ਕਿਹਾ ਜਾ ਸਕਦਾ ਹੈ ਕਿ ਐਤਕੀਂ ਵਿਧਾਨ ਸਭਾ ਚੋਣਾਂ ਪਹਿਲੀਆਂ ਚੋਣਾਂ ਨਾਲੋਂ ਵੱਖਰੇ ਤੌਰ ਤੇ ਲੜੀਆਂ ਜਾਣਗੀਆਂ। ਇਸ ਦਾ ਮੁੱਖ ਕਾਰਨ ਕਿਸਾਨੀ ਸੰਘਰਸ਼ ਦੀ ਜਿੱਤ ਨਾਲ ਪੈਦਾ ਹੋਈ ਸਿਆਸੀ ਚੇਤਨਾ ਅਤੇ ਵਿਸ਼ਵਾਸ ਹੈ। ਹੁਣ ਰਵਾਇਤੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਲੋਕਾਂ ਦੁਆਰਾ ਉਠਾਏ ਸਵਾਲਾਂ ਦੇ ਜਵਾਬ ਦੇਣੇ ਪੈਣਗੇ।




# ਲਾਈ ਬੇਕਦਰਾਂ ਨਾਲ ਯਾਰੀ, ਟੁੱਟਗੀ ਤੜੱਕ ਕਰਕੇ, ਗੀਤ ਭਲਾਂ ਕਿਸਦਾ ਲਿਖਿਆ ਹੈ ?

ਜੇਕਰ ਤੁਹਾਡੇ ਮਨ ਵਿੱਚ ਇਹ ਸੁਆਲ ਹੈ ਕਿ
" ਲੜ ਗਿਆ ਪੇਚਾ "
" ਲਾਈ ਬੇਕਦਰਾਂ ਨਾਲ ਯਾਰੀ,
ਟੁੱਟਗੀ ਤੜੱਕ ਕਰਕੇ"
ਗੀਤ ਕਿਹੜੇ ਕਿਹੜੇ ਗੀਤਕਾਰਾਂ ਦੇ ਲਿਖੇ ਹੋਏ ਹਨ, ਇਹ ਗੀਤ ਸਭ ਤੋਂ ਪਹਿਲਾਂ ਕਿਹੜੇ ਕਿਹੜੇ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਕਿੱਥੇ ਕਿੱਥੇ ਤੇ ਕਦੋਂ ਕਦੋਂ ਰਿਕਾਰਡ ਹੋਏ ?
'ਧਾਗਾ ਵੇ, ਧਾਗੇ ਦਾ ਰੰਗ ਮਹਿੰਦੀ
ਮੈਂ ਨਾ ਬਾਝ ਤੇਰੇ ਪਲ ਰਹਿੰਦੀ
ਵੈਰੀਆ ਧਾਗਾ ਵੇ
ਧਾਗਾ, ਮੈਂ ਕਰਦੀ ਹਿਜਰ ਤੇਰੇ ਵਿੱਚ ਜਾਗਾ
ਵੈਰੀਆ ਧਾਗਾ ਵੇ '
'ਵੇ ਲੈ ਦੇ ਮੈਨੂੰ ਮਖਮਲ ਦੀ
ਪੱਖੀ ਘੁੰਗਰੂਆਂ ਵਾਲੀ
ਕੀਤਾ ਮੁੜ੍ਹਕੇ ਪਾਣੀ ਪਾਣੀ
ਭਿੱਜ ਗਿਆ ਮੇਰਾ ਸੂਟ ਜਾਪਾਨੀ
ਪਿਘਲੇ ਗਰਮੀ ਨਾਲ ਜਵਾਨੀ
ਮੱਖਣਾਂ ਨਾਲ ਜੋ ਪਾਲੀ
ਵੇ ਲੈ ਦੇ ਮੈਨੂੰ ਮਖਮਲ ਦੀ
ਪੱਖੀ ਘੁੰਗਰੂਆਂ ਵਾਲੀ'
ਵਰਗੇ ਸਦਾਬਹਾਰ ਗੀਤ, ਲੋਕ-ਗੀਤ ਹਨ ਜਾਂ ਕਿਸੇ ਗੀਤਕਾਰ ਦੀ ਰਚਨਾ ਹਨ?

ਜੇਕਰ ਕਿਸੇ ਗੀਤਕਾਰ ਦੀ ਰਚਨਾ ਹਨ ਤਾਂ ਕੌਣ ਸਨ ਉਹ ਗੀਤਕਾਰ, ਜੋ ਪੰਜਾਬੀ ਬੋਲੀ ਦੇ ਗਲ ਵਿੱਚ ਇਹ ਗਹਿਣਿਆਂ ਵਰਗੇ ਗੀਤ ਪਾਕੇ ਗੁੰਮਨਾਮ ਹੀ ਜਹਾਨੋਂ ਤੁਰ ਗਏ, ਜਿਹਨਾਂ ਬਾਰੇ 'ਗੁਗਲ' ਸਾਹਿਬ , ਯੂ ਟਿਊਬ ਜੀ ਵੀ ਖਾਮੋਸ਼ ਹਨ।

ਤਾਂ ਤੁਹਾਡੇ ਸੁਆਲਾਂ ਦੇ ਜੁਆਬ "ਮਿੱਟੀ ਨੂੰ ਫਰੋਲ ਜੋਗੀਆ" ਅਣਮੁੱਲੇ ਗੀਤਕਾਰ ਨਾਂ ਦੀ ਆ ਰਹੀ ਕਿਤਾਬ ਵਿੱਚੋਂ ਮਿਲ ਜਾਣਗੇ


ਪਿਛਲੇ ਪੰਦਰ੍ਹਾਂ ਵਰ੍ਹਿਆਂ ਤੋਂ ਸਿਰ ਤੇ ਚੁੱਕੀ ਫਿਰਦਾ ਭਾਰ ਹੌਲਾ ਕਰਨ ਲੱਗਿਆ ਹਾਂ। ਇਹਨਾਂ ਵਰ੍ਹਿਆਂ ਵਿੱਚ ਇਸ ਕਾਰਜ ਲਈ ਘਾਟ ਘਾਟ ਦਾ ਪਾਣੀ ਪੀਤਾ। ਦਰ ਦਰ ਦੀਆਂ ਠੋਕਰਾਂ ਖਾਧੀਆਂ। ਆਪਣੀ ਕਿਰਤ ਦਾ ਵੱਡਾ ਹਿੱਸਾ ਇਸਦੇ ਲੇਖੇ ਲਾਇਆ।ਆਪਣੇ ਪ੍ਰੀਵਾਰ ਦਾ ਕੀਮਤੀ ਸਮਾਂ ਵੀ ਇਸੇ ਦੀ ਭੇਂਟ ਚੜ੍ਹ ਗਿਆ।

ਕਿਤਾਬ ਛਪਾਈ ਵਿੱਚ ਚਲੀ ਗਈ ਹੈ । ਇਸ ਕਿਤਾਬ ਦਾ ਵਿਸ਼ਾ ਹੋਰ ਕੋਈ ਨਹੀਂ ਬਲਕਿ "ਪੰਜਾਬੀ ਗੀਤਾਂ ਦਾ ਇਤਿਹਾਸ" ਈ ਐ।

ਇਹ ਕਿਤਾਬ ਸਿਰਫ ਵਿਰਾਸਤੀ ਪੰਜਾਬੀ ਗੀਤਾਂ ਦੇ ਸ਼ੁਕੀਨਾਂ ਲਈ ਐ , ਹੋ ਸਕਦੈ ਕਿ ਕਵਿਤਾ, ਕਹਾਣੀ, ਨਾਵਲ, ਜਾਂ ਕਿਸੇ ਹੋਰ ਵਿਧਾ ਦੇ ਪਾਠਕਾਂ ਵਿੱਚ ਇਹ ਆਪਣੀ ਕੋਈ ਥਾਂ ਨਾ ਪੈਦਾ ਕਰ ਸਕੇ।

ਇਸਦੇ ਪੰਨੇ ਬਹੁਤ ਵੱਧ ਗਏ ਸਨ। ਬਾਰਾਂ ਤੇਰਾਂ ਸੌਅ ਪੰਨੇ ਦੀ ਕਿਤਾਬ ਛਪਵਾਉਣੀ ਅਸੰਭਵ ਸੀ । ਮੈਂ ਕੋਈ ਕਿੱਤਾਕਾਰ ਜਾਂ ਜਾਣਿਆਂ ਪਛਾਣਿਆਂ ਲੇਖਕ ਨਹੀਂ ਕਿ ਮੇਰੀ ਕਿਤਾਬ ਕੋਈ ਮੇਰੇ ਨਾਮ ਤੇ ਹੀ ਛਾਪ ਦਿੰਦਾ, ਜੇਬ੍ਹ ਭਾਰ ਨਹੀਂ ਝੱਲਦੀ ਸੀ ਸੋ ਇਸਨੂੰ ਪੰਜ ਭਾਗਾਂ ਵਿੱਚ ਵੰਡ ਦਿੱਤਾ ਹੈ।

ਹਜੇ ਮੈਂ ਕੁੱਝ ਨਹੀਂ ਕਹਾਂਗਾ, ਜਦੋਂ ਕਿਤਾਬ ਤੁਹਾਡੇ ਹੱਥਾਂ ਵਿੱਚ ਆਵੇਗੀ, ਤੁਹਾਡੇ ਹੁੰਗਾਰੇ, ਹੱਲਾਸ਼ੇਰੀ ਤੇ ਦੁਰਫਿੱਟੇ ਮੂੰਹ,ਇਸ ਕਿਤਾਬ ਦੇ ਅਗਲੇ ਹਿੱਸੇ ਦੀ ਤਰਜ਼ਮਾਨੀ ਕਰਨਗੇ ਤੇ ਅਗਲੇ ਭਾਗਾਂ ਦਾ ਭਵਿੱਖ ਉਲੀਕਣਗੇ।ਮੈਂ ਕਿਤਾਬਾਂ ਨਹੀਂ ਲਿਖਣੀਆਂ , ਕਿਉਂਕਿ ਮੈਂ ਕੋਈ ਲੇਖਕ ਨਹੀਂ, ਬਲਕਿ ਕਿਤਾਬ ਇੱਕੋ ਈ ਇਸਦੇ ਭਾਗ ਤੁਹਾਡੇ ਮੁਤਾਬਕ ਹੋਣਗੇ। ਮੇਰੀ ਕਿਤਾਬ ਦਾ ਇੱਕੋ ਈ ਮਕਸਦ ਐ ਕਿ ਹੁਣ ਦੇ ਗੀਤਕਾਰਾਂ ਨੂੰ, ਗਾਇਕਾਂ ਨੂੰ, ਸੰਗੀਤਕਾਰਾਂ ਨੂੰ, ਸ੍ਰੋਤਿਆਂ ਨੂੰ ਪੰਜਾਬੀ ਵਿਰਾਸਤੀ ਗੀਤਾਂ ਦੇ ਇਤਿਹਾਸ ਬਾਰੇ ਜਾਣੂੰ ਕਰਾ ਸਕਾਂ।





ਇਸ ਕਿਤਾਬ ਨੂੰ ਪੂਰੀ ਕਰਨ ਲਈ ਮੈਂ ਕਾਇਨਾਤ ਦੇ ਕਣ ਕਣ ਦਾ ਰਿਣੀ ਹਾਂ ਖਾਸ ਤੌਰ ਤੇ ਉਹਨਾਂ ਦੋਸਤਾਂ ਦਾ ਜਿਹਨਾਂ ਨੇ ਹਰ ਵੇਲੇ ਮੈਨੂੰ ਉਤਸ਼ਾਹ ਨਾਲ ਭਰੀ ਰੱਖਿਆ, ਹਰਬੰਸ ਬੁੱਟਰ ਪੰਜਾਬੀ ਅਖਬਾਰ ਕੈਲਗਰੀ ਕੇਨੇਡਾ, ਲਖਵਿੰਦਰ ਗਿੱਲ ਕੋਕਰੀ ਪਿੰਕ ਸਿਟੀ ਹੇਜ਼ ਇੰਗਲੈਂਡ, ਮੋਤਾ ਸਿੰਘ ਸਰਾਏ ਇੰਗਲੈਂਡ, ਇਕਬਾਲ ਮਾਹਲ ਸਾਹਿਬ ਟੋਰਾਂਟੋ ਕੇਨੇਡਾ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ, ਸਮਸ਼ੇਰ ਸੰਧੂ, ਡਾ ਪਰਮਜੀਤ ਸਿੰਘ ਭੋਗਲ, ਪ੍ਰੋਫੈਸਰ ਗੁਰਦੀਪ ਸਿੰਘ ਢਿੱਲੋਂ, ਹਰਮਨਜੀਤ (ਰਾਣੀ ਤੱਤ), ਪ੍ਰੋਫੈਸਰ ਅਹਿਮਦ ਆਯਾਜ਼ ਟੋਭਾ ਟੇਕ ਸਿੰਘ (ਲਹਿੰਦਾ ਪੰਜਾਬ) , ਪ੍ਰੋਫੈਸਰ ਅਜ਼ਮਲ ਸ਼ਰੀਫ਼ (ਲਹਿੰਦਾ ਪੰਜਾਬ) ,ਦਰਸ਼ਨ ਜੋਗਾ ਜੀ, ਹਰਮੋਹਿੰਦਰ ਚਾਹਲ, ਵਿਸ਼ਵਦੀਪ ਬਰਾੜ, ਦੀਪਕ ਬਾਲੀ , ਅਤੁਲ ਕੰਬੋਜ਼ ਚੰਨ , ਰਾਜਿੰਦਰ ਸਿੰਘ ਫਾਈਨਟੋਨ, ਸੰਗੀਤਕਾਰ ਤੇਜਵੰਤ ਕਿੱਟੂ, ਗੀਤਕਾਰ ਸੰਜੀਵ ਆਨੰਦ , ਗੁਰੂ ਜੋਹਲ ਸਮੇਤ ਸਭਨਾਂ ਦਾ ਕਰਜ਼ਾਈ ਹਾਂ।




# ਜੱਟੀ ਪੜ੍ਹ ਕੇ ਜਮਾਤਾਂ ਚਾਰ ਪੈਂਚਣੀ ਪਿੰਡ ਦੀ ਬਣੀ।

ਮੇਰੇ ਟੀਚਰ ਦਲੀਪ ਕੌਰ ਟਿਵਾਣਾ ਦੇ ਘਰ ਸ਼ੀਲਾ ਨਾਮ ਦੀ ਲੈਰ੍ਹੀ ਜਿਹੀ ਉਮਰ ਦੀ ਇੱਕ ਕੁੜੀ ਇਕਹਿਰੀ ਦੇਹੀ ਵਾਲੀ ਪਿੰਡੋਂ ਮੱਦਦ ਲਈ ਲਿਆਂਦੀ ਹੋਈ ਸੀ। ਘਰ ਕੋਈ ਵੀ ਆਵੇ, ਸ਼ੀਲਾ ਨੂੰ ਆਪਣੀ ਹੋਈ ਬੀਤੀ ਗੱਲ ਕਰਨ ਦੀ ਉੱਭਲ ਸੁੱਭਲੀ ਜਿਹੀ ਲੱਗ ਜਾਂਦੀ ਸੀ। ਆਪਣੀ ਗੱਲ ਦੱਸੇ ਬਿਨਾ ਉਸ ਨੂੰ ਅੱਚਵੀ ਜਿਹੀ ਲੱਗੀ ਰਹਿੰਦੀ। ਕਈ ਵਾਰੀ ਨਿੱਕੀ ਜਿਹੀ ਗੱਲ ਤੇ ਉਹ ਪੂਰੀ ਖ਼ੁਸ਼ ਹੁੰਦੀ ਘੁੱਟ ਕੇ ਅੱਖਾਂ ਮੀਚਦੀ ਦੱਸਦੀ-'ਅੱਜ ਮੈਂ ਐਨੀ ਖ਼ੁਸ਼ ਆਂ, ਐਨੀ ਖ਼ੁਸ਼ ਆਂ-ਜਾਣੀਦੀ ਕੋਠੇ ਤੋਂ ਛਾਲ ਮਾਰਾਂ।' ਇੱਕ ਵਾਰੀ ਦੋਧੇ ਦਾਣਿਆਂ ਦੀ ਛੱਲੀ ਭੁੰਨਦਿਆਂ ਦਗਦੇ ਕੋਲੇ ਤੇ ਉਸ ਦਾ ਹੱਥ ਲੂਹਿਆ ਗਿਆ, ਜਿਸ ਬਾਰੇ ਉਹ ਦੱਸ ਰਹੀ ਸੀ,'ਜਦ ਮੇਰਾ ਹੱਥ ਮੱਚਿਆ, ਮੈਂ ਤਾਂ ਚੰਘਿਆੜ ਮਾਰੀ, ਮੇਰਾ ਹੱਥ ਚਿਲੂੰ ਚਿਲੂੰ ਕਰੇ, ਮੇਰਾ ਜੀਅ ਕਰੇ ਬੱਸ ਰੜੇ ਮੈਦਾਨ ਭੱਜੀ ਫਿਰਾਂ।' ਮੈਂ ਉਸ ਦੇ ਅੰਦਰ ਪਲਦੇ ਅਹਿਸਾਸ ਅਤੇ ਉਸ ਨੂੰ ਬਿਆਨ ਕਰਦੇ ਲਫ਼ਜ਼ਾਂ ਦਾ ਕਲੋਜ਼ਅਪ ਸਾਂਭਣ ਦਾ ਯਤਨ ਕਰਦੀ। ਉਹ ਜਿਵੇਂ ਆਪਣਾ ਅੰਦਰਲਾ ਸਾਰਾ ਡੋਲ੍ਹ ਰਹੀ ਹੋਵੇ। ਉਸ ਦਾ ਨਿਰਉਚੇਚ ਅਤੇ ਪੇਂਡੂ ਲਹਿਜਾ ਵਧੀਆ ਲੱਗਦਾ। ਫੇਰ ਉਸ ਦਾ ਮੰਗਣਾ ਹੋਇਆ। ਵਿਆਹ ਦੀ ਗੱਲ ਤੇ ਕਿਨਾਰਿਆਂ ਤੋਂ ਬਾਹਰ ਖ਼ੁਸ਼ੀ ਵਿੱਚ ਡੁੱਲ੍ਹਦੀ ਮੈਂ ਸ਼ੀਲਾ ਨੂੰ ਹੀ ਦੇਖਿਆ ਸੀ। ਉਹ ਕਹਿ ਰਹੀ ਸੀ, ' ਅੱਜ ਤਾਂ ਖ਼ਾਲਸ ਦੇਸੀ ਘਿਓ ਵਰਗੀ ਗੱਲ ਐ'। ਮੇਰੇ'ਕੀ' ਕਹਿਣ ਤੇ ਉਸ ਨੇ ਦੱਸਿਆ, 'ਮੇਰੇ ਸ਼ਗਨ ਵਾਲੀ ਗੱਲ, ਹੋਰ ਕੀ।' ਉਸ ਸਮੇਂ ਇੱਕ ਮੁੰਡਾ ਵੀ ਮੈਡਮ ਕੋਲ ਆਇਆ ਬੈਠਾ ਸੀ। ਸ਼ੀਲਾ ਉਸ ਤੋਂ ਵੀ ਹਾਮੀ ਭਰਵਾ ਰਹੀ ਸੀ ਤੇ ਉਹ ਉਸ ਦੀਆਂ ਗੱਲਾਂ ਸੁਣ ਕੇ ਸ਼ਰਮਾ ਰਿਹਾ ਸੀ। ਪਟਾਰੀ ਖੋਲ੍ਹੀ ਬੈਠੀ ਸ਼ੀਲਾ ਬੋਲੀ ਜਾ ਰਹੀ ਸੀ, 'ਦੇਖੋ ਭਾ ਜੀ, ਆਹ ਮੇਰੀ ਸ਼ਗਨ-ਪਟਾਰੀ ਦਾ ਗੁਲਾਬੀ ਰੰਗ ਕਿੰਨਾ ਸੋਹਣੈ, ਜਮਾਂ ਚੰਗਿਆੜੇ ਰੰਗੈ। ਦੇਖੋ ਤਾਂ ਸਹੀ ਵਿੱਚ ਮੇਰੇ ਲਈ ਸੁਰਖੀ ਬਿੰਦੀ ਤੇ ਹੋਰ ਲਕਾ-ਤੁਕਾ ਭਰਿਆ ਪਿਐ, ਆਹ ਗੋਟਾ ਕਿਨਾਰੀ, ਸਿਤਾਰੇ, ਆਹ ਉੱਚੀ ਅੱਡੀ ਆਲੇ ਸੈਂਡਲ ਜਾਣੀਦੀ ਮੇਰੇ ਅੰਦਰ ਤਾਂ ਚਾਨਣ ਜਿਹਾ ਮਘਾਈ ਜਾਂਦੇ ਨੇ।' ਉਸ ਨੂੰ




ਇਉਂ ਖੀਵੀ ਹੁੰਦੀ ਦੇਖ ਮੈਂ ਸੋਚ ਰਹੀ ਸੀ ਕਿ ਐਨੀ ਅਭੋਲ ਖ਼ੁਸ਼ੀ ਦੇ ਪਲ ਕਦੇ ਨਾ ਕਦੇ ਸਭ ਨੂੰ ਨਸੀਬ ਹੋਣ। ਸ਼ੀਲਾ ਦੀਆਂ ਖ਼ੁਮਾਰੀ ਭਰੀਆਂ ਅੱਖਾਂ ਵਿੱਚ ਸੁਪਨੇ ਪੈਲਾਂ ਪਾਉਂਦੇ ਦਿਸਦੇ ਸਨ। ਉਸ ਦਾ ਅੰਗ ਅੰਗ ਨੱਚ ਰਿਹਾ ਸੀ, ਜਿਵੇਂ ਅੱਡੀਆਂ ਦੀ ਗੂੰਜ ਉਹ ਅੰਬਰਾਂ ਦੇ ਸੀਨੇ ਤੇ ਬੀਜ ਦੇਣਾ ਚਾਹ ਰਹੀ ਹੋਵੇ। ਉਸ ਦੀ ਲੂਹਰੀਆਂ ਭਰੀ ਖ਼ੁਸ਼ੀ ਦੇਖ ਮੈਂ ਈਰਖਾ ਕਰ ਰਹੀ ਸੀ। ਹੁੰਦਾ ਕੀ ਹੈ, ਜਿਸ ਦੇ ਹੱਥ ਕੋਈ ਨਿੱਕੀ ਮੋਟੀ ਸ਼ੈਅ ਆ ਜਾਵੇ, ਉਸ ਵੇਲੇ 'ਮੈਂ' ਆ ਕੇ ਸੁਆਦ ਕਿਰਕਰਾ ਕਰੀ ਰੱਖਦੀ ਹੈ। ਸ਼ਾਇਦ ਸਾਡੇ ਪੁਰਖਿਆਂ ਨੇ ਇਸੇ ਕਰ ਕੇ 'ਮੈਂ' ਨੂੰ ਮਾਰਨ ਦਾ ਆਦੇਸ਼ ਦਿੱਤਾ ਹੋਣੈ। ਇਸ ਮੈਂ ਨਾਲ ਹੀ ਬਦਹਜ਼ਮੀ ਹੋ ਜਾਂਦੀ ਹੈ। ਪਰ ਪੱਛਮੀ ਸੋਚ ਨੇ ਇਸੇ ਮੈਂ ਨੂੰ ਉਭਾਰਨ ਦਾ ਹੋਕਾ ਦੇ ਕੇ ਚਾਰੇ ਕੰਨੀਆਂ ਚੁੱਕ ਦਿੱਤੀਆਂ ਹਨ। ਸਾਡੀ ਸਭ ਦੀ ਮਨੋ ਦਸ਼ਾ ਥਾਲੀ ਦੇ ਪਾਣੀ ਵਾਂਗ ਡੋਲਦੀ ਕਦੇ ਤੋਲਾ ਕਦੇ ਮਾਸਾ ਹੁੰਦੀ ਰਹਿੰਦੀ ਹੈ। ਜੇ ਹਾਜ਼ਮਾ ਕਮਜ਼ੋਰ ਹੋਵੇ ਤੇ ਆਪਣੀ ਔਕਾਤ ਤੋਂ ਵੱਧ, ਆਪਣੀ ਪਸਾਰੀ ਝੋਲੀ ਨਾਲੋਂ ਵੱਧ ਜਾਂ ਯੋਗਤਾ ਤੋਂ ਵੱਧ ਕੁੱਝ ਅਚਾਨਕ ਆ ਮਿਲੇ ਤਾਂ ਅਸੀਂ ਗੱਡੇ ਦੇ ਫੱਲੜ੍ਹ ਉੱਤੇ ਪਏ ਭਾਰ ਵਾਂਗ ਉਲਾਰ ਹੋ ਜਾਂਦੇ ਹਾਂ। ਮੱਤ ਮਾਰੀ ਜਾਂਦੀ ਹੈ, ਚਾਨਣੇ'ਚ ਆ ਕੇ ਮੋਢਿਆਂ 'ਤੋਂ ਦੀ ਥੁੱਕਣ ਲੱਗਦੇ ਹਾਂ। ਸਾਡੇ ਪੈਰ ਥਿੜਕ ਜਾਂਦੇ ਹਨ। ਜੇ ਮਾੜੀ ਮੋਟੀ ਸ਼ੋਹਰਤ ਵਧ ਜਾਵੇ ਤੇ ਦੁਆਲੇ ਫਿਰਦੇ ਲੋਕ ਬੱਲੇ-ਬੱਲੇ ਕਰ ਦੇਣ ਤਾਂ ਪੈਰ ਧਰਤੀ ਤੋਂ ਚੱਕੇ ਜਾਂਦੇ ਨੇ। ਸੋਚਦੇ ਹਾਂ ਬਈ ਅਸੀਂ ਹੁਣ ਉਹ ਨੀ ਰਹਿਗੇ ਜੀ। ਆਮ ਲੋਕਾਂ ਵਿੱਚ ਰਲ ਬੈਠਣ ਵਿੱਚ ਤੌਹੀਨ ਲਗਦੀ ਹੈ। ਇਉਂ ਹੀ ਜੇ ਪੈਸਾ ਹੱਥ ਲੱਗ ਜਾਵੇ, ਖਾਸ ਕਰ ਕੇ ਬਿਨਾ ਮਿਹਨਤ ਕੀਤਿਆਂ ਮਿਲ ਜਾਵੇ, ਕਿਸੇ ਨੂੰ ਬੇਵਕੂਫ਼ ਬਣਾਏ ਤੋਂ ਜਾਂ ਹੱਥ ਤੇ ਹੱਥ ਮਾਰ ਕੇ ਕਿਸੇ ਦੀ ਜੇਬ ਕੁਤਰ ਕੇ ਆਈ ਮਾਇਆ ਵੀ ਸਾਨੂੰ ਬੇਕਾਬੂ ਕਰ ਧਰਦੀ ਹੈ। ਫੇਰ ਤਾਂ ਬੱਸ ਰੱਬ ਨੂੰ ਵੀ ਟੱਬ ਦੱਸਣ ਦੀ ਕਾਹਲੀ ਹੋ ਜਾਂਦੀ ਹੈ। ਉਵੇਂ ਹੀ ਜੇ ਚਾਰ ਅੱਖਰ ਵੱਧ ਢਿੱਡ ਵਿੱਚ ਪੈ ਜਾਣ ਜਾਂ ਕੋਈ ਅੰਕੜਾ ਗਿਆਨ ਪੱਲੇ ਪੈ ਜਾਵੇ ਤਾਂ ਹੋਰਨਾਂ ਨੂੰ ਜੀਵਨ-ਜਾਚ ਦੱਸਣ ਦਾ ਵੱਲ ਆ ਜਾਂਦਾ ਹੈ। ਪੰਜਾਬੀ ਲੋਕ ਗੀਤ ਦੀ ਇਹ ਸਤਰ ਏਥੇ ਖ਼ੂਬ ਢੁਕਦੀ ਹੈ--

ਜੱਟੀ ਪੜ੍ਹ ਕੇ ਜਮਾਤਾਂ ਚਾਰ ਪੈਂਚਣੀ ਪਿੰਡ ਦੀ ਬਣੀ।

ਹੋਰਨਾਂ ਨੂੰ ਹੀਣੇ ਜਾਣ ਕੇ ਉਪਦੇਸ਼ ਕਰਨ ਦਾ ਅਰਥ ਇਹੀ ਹੈ ਕਿ ਤੁਸੀਂ ਸਭ ਤਾਂ ਹਨੇਰਾ ਢੋਅ ਰਹੇ ਹੋ, ਮੈਂ ਰੱਬ ਦਾ ਰਾਹ ਦੱਸ ਦੇਣਾ। ਇਉਂ ਹੀ ਜਦ ਕਿਸੇ ਦੇ ਪੱਲੇ ਖ਼ੂਬਸੂਰਤੀ ਹੋਵੇ ਜਾਂ ਚਾਰ ਲੋਕ ਉਸ ਦੇ ਰੰਗ ਰੂਪ ਤੇ ਨਕਸ਼ਾਂ ਦੀ ਗੱਲ ਕਰਦੇ ਹੋਣ ਤਾਂ ਨਜ਼ਾਕਤ ਨਾਲ ਦੁਨੀਆਂ ਭਰ ਦੇ ਸ਼ੀਸ਼ੇ ਝੂਠੇ ਤੇ ਊਣੇ ਲੱਗਣ ਲੱਗਦੇ ਹਨ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਤੋਂ ਉਪਰ ਇੱਕ ਅਜਿਹੀ ਪ੍ਰਾਪਤੀ ਵੀ ਹੈ , ਉਹ ਹੈ ਕਿਸੇ ਤੇ ਅਧਿਕਾਰ ਦੀ ਪ੍ਰਾਪਤੀ। ਅਜਿਹੀ ਸੂਰਤ ਵਿੱਚ ਸਭ ਲੋਕ ਕੀੜੇ ਮਕੌੜੇ ਹੀ ਲੱਗਦੇ ਹਨ। ਮਾਨਵੀ ਨਿੱਘ ਸੀਨੇ ਵਿੱਚੋਂ ਖੁਰ ਜਾਂਦਾ ਹੈ। ਸਭ ਲੋਕ ਬੱਸ ਲਗਾਂ ਮਾਤਰਾਂ ਹੀ ਲੱਗਦੇ ਹਨ। ਇਤਿਹਾਸ ਗਵਾਹ ਹੈ ਕਿ ਸੱਤਾ ਦਾ ਨਸ਼ਾ ਜਾਂ ਹੰਕਾਰ ਪੂਰੇ ਕੋੜਮੇ ਦਾ ਬੇੜਾ ਡੋਬ ਦਿੰਦਾ ਹੈ। ਬਦਕਿਸਮਤੀ ਨਾਲ ਹੁਣ ਅਜਿਹਾ ਹੀ ਹੁਕਮਰਾਨ ਬਣਿਆ ਸਾਡੇ ਮਾਤ-ਦੇਸ਼ ਦਾ ਹੁਲੀਆ ਹੀ ਵਿਗਾੜ ਰਿਹਾ ਹੈ। ਜਿਉਂਦੀ ਜਾਗਦੀ ਇਸ ਮਿਸਾਲ ਨੂੰ ਸਹੀ ਸੋਚ ਵਾਲਾ ਸਾਰਾ ਜਹਾਨ ਲਾਹਨਤਾਂ ਪਾ ਰਿਹਾ ਹੈ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਚੰਨੀ ਦੇ 500 ਗਾਣੇ ਯਾਦ ਤੋਂ ਯਾਦ ਆਈ ਗੱਲ

1995 ਦੇ ਨੇੜੇ ਤੇੜੇ ਕੁੱਝ ਸਮਾਂ ਕਿਰਾਏ ਤੇ ਟੈਕਸੀ ਗੱਡੀ ਚਲਾਉਣ ਦਾ ਸਬੱਬ ਵੀ ਬਣਿਆ । ਉਨ੍ਹਾਂ ਟਾਇਮਾਂ ਚ ਮੈਰਿਜ ਪੈਲਿਸ ਨਹੀਂ ਸੀ ਤੇ ਬਰਾਤ ਘਰ ਹੀ ਜਾਂਦੀ ਤੇ ਮੋੜਵਾਂ ਮੁਕਲਾਵਾ ਲਿਆਉਣ ਦਾ ਵੀ ਰਿਵਾਜ ਸੀ । ਵੈਸੇ ਤਾਂ ਵੱਡਾ ਭਰਾ ਹੀ ਜਿਆਦਾਤਰ ਗੱਡੀ ਚਲਾਉਂਦਾ ਸੀ ਪਰ ਕਦੇ ਕਦਾਈਂ ਮੈਨੂੰ ਵੀ ਜਾਣਾ ਪੈਂਦਾ । ਬਰਾਤ ਦਾ ਨਾਮ ਸੁਣ ਕੇ ਡਰਾਇਵਰਾਂ ਨੂੰ ਚਾਅ ਚੜ੍ਹ ਜਾਂਦਾ ਪਰ ਮੈਨੂੰ ਬਰਾਤ ਤੋਂ ਬਹੁਤ ਐਲਰਜੀ ਸੀ । ਬਰਾਤ ਚ ਡਰਾਈਵਰਾਂ ਨਾਲ ਲਾਗੀਆਂ ਵਾਂਗੂੰ ਵਰਤਾਅ ਅਤੇ ਸਰਾਬੀਆਂ ਦੀਆਂ ਗੱਡੀ ਚ ਗਾਣਿਆਂ ਦੀ ਰੀਲ ਬਦਲਣ ਦੀ ਜਿੱਦ ਤੋਂ ਮੈਨੂੰ ਬਹੁਤ ਖਿੱਝ ਚੜ੍ਹਦੀ । ਬਰਾਤ ਵਾਲੇ ਦਿਨ ਤਾਂ ਗੱਡੀਆਂ ਚ ਗੱਡੀ ਭਜਾਈ ਜਾਣਾ ਪਰ ਜੇਕਰ ਦੂਜੇ ਦਿਨ ਮੁਕਲਾਵੇ ਲੈਣ ਜਾਣ ਚ ਡਿਊਟੀ ਲੱਗ ਜਾਣੀ ਤਾਂ ਦਸ ਥਾਂ ਰਸਤਾ ਭੁੱਲਣਾ । ਅਗਲੇ ਨੇ ਕਹਿਣਾ ਕਿ ਯਾਰ ਕੱਲ੍ਹ ਤਾਂ ਲੰਘ ਕੇ ਗਏ ਹਾਂ , ਤੇਰੀ ਐਨੀ ਯਾਦਾਸ਼ਤ ਕੰਮਜੋਰ ਹੈ ।




ਹੁਣ ਗੱਲ ਕਰਦੇ ਹਾਂ ਗਾਣਿਆਂ ਦੀ । ਮੈਨੂੰ ਨੀ ਪਤਾ ਗਾਇਕੀ ਨਾਲ ਮੇਰਾ ਆਪਣਾ ਕੀ ਰਿਸ਼ਤਾ ਹੈ ਪਰ ਜਿਹੜਾ ਗਾਣਾ ਚੰਗਾ ਲੱਗਿਆ ਤੇ ਰੂਹ ਨਾਲ ਦੋ ਵਾਰ ਸੁਣ ਲਿਆ ਉਹ ਸਾਰਾ ਯਾਦ ਹੋ ਜਾਂਦਾ ਹੈ । ਕੁਲਦੀਪ ਮਾਣਕ , ਮੁਹੰਮਦ ਸਦੀਕ , ਸੁਰਿੰਦਰ ਛਿੰਦਾ , ਗੁਰਦਾਸ ਮਾਨ ਸਮੇਤ ਦਰਜਨ ਕਲਾਕਾਰਾਂ ਦੇ ਹਜਾਰਾਂ ਗੀਤ ਮੇਰੇ ਮੂੰਹ ਜੁਬਾਨੀ ਯਾਦ ਹੋਣਗੇ । ਵੈਸੇ ਗਾਉਣਾ ਆਉਦਾਂ ਨਹੀਂ ਪਰ ਮਾਣਕ ਦਾ ਗਾਇਆ ਉਪੇਰਾ ਮੱਸਾ ਰੰਘੜ ਅਤੇ ਛਿੰਦਾ ਦਾ ਗਾਇਆ ਉਪੇਰਾ ਜਿਉਣਾ ਮੌੜ ਮੂੰਹ ਜੁਬਾਨੀ ਸੁਣਾ ਕੇ 2006 ਵਿੱਚ 1000 ਰੁਪਏ ਦੀ ਸ਼ਰਤ ਵੀ ਜਿੱਤੀ ਸੀ ।

ਇੱਕ ਵਾਰ ਮੁਹੰਮਦ ਸਦੀਕ ਜੀ ਮੇਰੇ ਦਫਤਰ ਬੈਠੇ ਸਨ ਤਾਂ ਮੈ ਉਨ੍ਹਾਂ ਨੂੰ ਇਹ ਗੱਲ ਦੱਸੀ ਅਤੇ ਉਨ੍ਹਾਂ ਨੂੰ ਕਿਹਾ ਕਿ ਮੇਰੇ ਨਾਲ ਬੇਸ਼ੱਕ ਸਰਤ ਲਾ ਲਓ, ਜਿਨ੍ਹੇ ਤੁਹਾਡੇ ਗਾਣੇ ਮੇਰੇ ਮੂੰਹ ਜੁਬਾਨੀ ਯਾਦ ਨੇ ਥੋਡੇ ਨੀ ਹੋਣੇ । ਉਹ ਕਹਿੰਦੇ ਕਿੰਨੇ ਕੁ ਯਾਦ ਨੇ ? ਮੈਂ ਆਖਿਆ ਇਹ ਯਾਦ ਨੀ ਵੀ ਕਿੰਨੇ ਯਾਦ ਨੇ । ਕਹਿੰਦੇ ਫਿਰ ਨੀ ਮੈਂ ਸ਼ਰਤ ਲਾਉਂਦਾ । ਵੈਸੇ 2014 ਚ ਇੱਕ ਬਿਮਾਰੀ ਦੇ ਇਲਾਜ ਦੇ ਸਾਈਡ ਇਫੈਕਟ ਨੇ ਯਾਦਾਸਾਤ ਤੇ ਮਾੜਾ ਅਸਰ ਕੀਤਾ ਪਰ ਗਾਣਿਆਂ ਚ ਹਾਲੇ ਵੀ ਉਵੇਂ ਕਾਇਮ ਹੈ। ਗੁਰਸੇਵਕ ਸਿੰਘ ਧੌਲਾ ਦੇ ਚਲਾਏ ਜਾ ਰਹੇ ਗਰੁੱਪ ਪੰਜਾਬੀ ਲੋਕ ਧਾਰਾ ਗਰੁੱਪ ਚ ਸ਼ਬਦਾਂ ਦੇ ਅਰਥਾਂ ਦੇ ਸਵਾਲ ਪੁੱਛੇ ਜਾਂਦੇ ਨੇ ਜਿੱਥੇ ਮੇਰੀ ਯਾਦਾਸਾਤ ਚ ਝੱਟ ਗੂਗਲ ਵਾਂਗੂ ਸਰਚ ਵੱਜ ਜਾਂਦੀ ਹੈ ਕਿ ਇਹ ਸ਼ਬਦ ਕਿਹੜੇ ਗੀਤ ਚ ਕਿੱਥੇ ਵਰਤਿਆ ਹੈ ਅਤੇ ਇਸ ਦੇ ਕੀ ਅਰਥ ਨਿੱਕਲਦੇ ਹਨ । ਇਹ ਸਭ ਕੁਦਰਤੀ ਹੀ ਹੈ ਇਸ ਲਈ ਕਦੇ ਕੋਈ ਮਿਹਨਤ ਨਹੀਂ ਕਰਨੀ ਪਈ ।

ਵੇਸੇ ਇਹ ਲਿਖਤ ਸਿਰਫ ਦਿਲਲੱਗੀ ਹੀ ਹੈ ਪਰ ਕਈ ਵੀਰਾਂ ਨੇ ਕਾਂਗਰਸੀ ਵਾਲਾ ਟੈਗ ਵੀ ਚੇਪ ਦੇਣਾ ਪਰ ਜਿਵੇਂ ਚਰਨਜੀਤ ਸਿੰਘ ਚੰਨੀ ਕੰਮ ਕਰਨ ਅਤੇ ਗੀਤਾਂ ਸਬੰਧੀ ਦਾਅਵੇ ਕਰ ਰਿਹਾ ਹੈ , ਇਸ ਤੋਂ ਮੈਨੂੰ ਕੋਈ ਹੈਰਾਨੀ ਨਹੀਂ ਕਿਉਂਕਿ ਜਿੰਦਗੀ ਚ ਲੜੇ ਸੰਘਰਸ਼ ਚੋਂ ਮੇਰੇ ਸਮੇਤ ਬਹੁਤ ਲੋਕ ਨੇ ਜੋ ਖੁਦ ਵੀ ਸੱਠ ਸੱਤਰ ਕੰਮ ਤਾਂ ਗਿਣਾ ਸਕਦੇ ਹਨ ਕਿ ਮੈਂ ਇਹ ਵੀ ਕਰ ਲੈਨਾ ਓਹ ਵੀ ਕਰ ਲੈਨਾ ।

(ਮੁਖਤਿਆਰ ਪੱਖੋ ਦੀ ਫੇਸ ਬੁੱਕ ਉਪਰੋਂ ਬਿਨਾਂ ਪੁੱਛਿਆਂ ਈ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)


Masihi Life Church
3663 19th STREET CALGARY AB T2E 6S8
FOR PRAYER CALL
403-429-0369
ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।
Are you searching for a church to attend
Come and join us
(Service in Hindi/Punjabi)
We welcome you all
CHURCH SERVICE EVERY
SUNDAY 12PM TO 3PM
facebook



ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ,
ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।





ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ
ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ




# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜ਼ੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ । ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : ਅਸਟਏਰਸ ਨਿੰਾਦ ਸਚਇਨਚਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 404 0022, 403 470 4136***191***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

### ਲੜਕੀ ਦੀ ਲੋੜ

ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ । ਸੰਪਰਕ: ਵਟਸਐਪ: 8725973226 ਜਾਂ 1 780 245 4555***191***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ । ਮਾਲਵਾ ਇਲਾਕੇ ਨੂੰ ਪਹਿਲ । ਵਟਸ ਐਪ ਸੰਪਰਕ : 306 515 3985***191***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ । ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ ,ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 681 7586 ***190***

### ਲੜਕੀ ਦੀ ਲੋੜ

ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

### ਲੜਕੀ ਦੀ ਲੋੜ

ਪੜੇ ਲਿਖੇ ਮਹਾਸਾ ਪਰਿਵਾਰ ਦੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਰਹਿ ਰਹੇ ਲੜਕੇ ਉਮਰ 32 ਸਾਲ , ਜਿਸ ਨੇ ਬੀ ਟੈਕ ਪੰਜਾਬ ਤੋਂ ਅਤੇ ਐਮ ਟੈਕ ਯੁਰਪ ਤੋਂ ਕੀਤੀ ਹੈ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਮਾਝੇ ਨੂੰ ਪਹਿਲ। ਕੋਈ ਜਾਤੀ ਬੰਧਨ ਨਹੀਂ ਹੈ। ਵਟਸਐਪ ਸੰਪਰਕ: 1 780 850 7078 ਜਾਂ 91 94 17430798 **185**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਐਡਮੰਟਨ ਵਿੱਚ ਚੰਗੀ ਜੌਬ ਕਰ ਰਹੇ ਲੜਕੇ ,ਜਨਮ 1988,ਕੱਦ 5 ਫੁੱਟ 10 ਇੰਚ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 762 4646 ***189***

### ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਇੰਡੀਆ ਰਹਿ ਰਹੀ ਤਲਾਕਸ਼ੁਦਾ ਲੜਕੀ ਉਮਰ 27 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ ਲਈ ਕਨੇਡਾ ਜਾਂ ਅਮਰੀਕਾ ਤੋਂ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਪਹਿਲੇ ਵਿਆਹ ਦਾ 4 ਸਾਲ ਦਾ ਬੇਟਾ ਵੀ ਹੈ । ਸੰਪਰਕ: 587 433 1218 ***189***

### ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਰਵੀਦਾਸੀਆ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ :ਜੀ ਐਨ ਐਮ ਨਰਸਿੰਗ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 5313 ***189***

### ਲੜਕੇ ਦੀ ਲੋੜ

ਕਨੇਡਾ ਸਟੂਡੈਂਟ ਆਈ ਪਰ ਹੁਣ ਪੋਸਟ ਗਰੈਜੂਏਟ ਵਰਕ ਪਰਮਿਟ ਉੱਪਰ ਬਦੇਸਾ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਐਸ ਸੀ , ਐਮ ਐਡ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 91 9855391591 Or e mail : saabbadesha@gmail.com ***189***

### ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਇੰਡੀਆ ਵਿੱਚ ਰਹਿੰਦੀ ਸੋਹਣੀ ਸੁਨੱਖੀ ਲੜਕੀ ਉਮਰ 37 ਸਾਲ, ਕੱਦ 5 ਫੁੱਟ 5 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨੇ ਪਲੱਸ ਟੂ ਤੋਂ ਬਾਦ ਆਈ ਟੀ ਆਈ ਸਿਲਾਈ ਕਢਾਈ ਦਾ ਡਿਪਲੋਮਾਂ ਕੀਤਾ ਹੋਇਆ ਹੈ। ਲੜਕੀ ਦਾ ਭਰਾ ਕਨੇਡਾ ਵੈੱਲ ਸੈਟਲਡ ਹੈ। ਕੋਈ ਜਾਤੀ ਭੇਦਭਾਵ ਨਹੀਂ, ਤਲਾਕਸੂਦਾ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 1 647 327 0556 ਜਾਂ 437 213 6387 ***188***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ , ਵਿਦਿਅਕ ਯੋਗਤਾ ਬੀ ਏ,ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਤਲਾਕਸੁਦਾ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 825 439 9000 ਈ ਮੇਲ: Harpreet88b@gmail.com ***188***

### ਲੜਕੀ ਦੀ ਲੋੜ

ਆਸਟਰੇਲੀਅਨ ਪੀ ਆਰ ਸ਼ਰਮਾ ਪਰਿਵਾਰ ਦੇ ਸੋਹਣੇ ਸੁਨੱਖੇ, ਨਾਨ ਡਰਿੰਕਰ, ਨਾਨ ਸਮੋਕਰ,ਲੜਕੇ ,ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਡਿਪਲੋਮਾਂ ਇਨ ਅਕਾਊਂਟਿੰਗ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ, ਸਿਟੀਜਨ ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਦੇ ਰਿਸਤੇ ਦੀ ਭਾਲ ਹੈ। ਲੜਕੇ ਦਾ ਪਰਿਵਾਰ ਕਨੇਡਾ ਸੈਟਲ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: (403) 890-7020 ***188***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਬਿਜਨਿਸ ਐਡਮਿਨਿਸਟਰੇਸ਼ਨ ਫਾਇਨੈਂਸ ਡਿਪਲੋਮਾ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨਾਮਵਰ ਫਾਇਨੈਂਸ ਕੰਪਨੀ ਵਿੱਚ ਜੌਬ ਕਰ ਰਹੀ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਕਰਨ । ਸੰਪਰਕ: 1 825 365 9343 ***188***

### ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਚੰਗੇ ਪੜੇ ਲਿਖੇ ਐਸ ਸੀ ਪਰਿਵਾਰ ਵਿੱਚੋਂ ਕਲਾਸ ਵਨ ਅਫਸਰ ਦੀ ਧੀ, ਉਮਰ 33 ਸਾਲ ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਡ, ਡਬਲ ਐਮ ਏ ਹਿੰਦੀ ਅਤੇ ਇੰਗਲਿਸ਼,ਪੀ ਜੀ ਡੀ ਸੀ ਏ,ਸੋਹਣੀ ਸੁਨੱਖੀ ਲੜਕੀ ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ , ਸਿਟੀਜਨ ਜਾਂ ਇੰਡੀਆ ਵਿੱਚ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ: 306 737 9272 ਜਾਂ 306 737 9328 ਈ ਮੇਲ : Singhmonika651@gmail.com ***188***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਮਜਬੀ ਸਿੱਖ ਸਹੋਤਾ ਪਰਿਵਾਰ ਦੇ ਲੜਕੇ ਉਮਰ 28 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਡੈਂਟਲ ਹਾਈਜੀਨ ਡਿਪਲੋਮਾਂ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਬੀ ਐਸ ਸੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ । ਲੜਕੇ ਨੇ ਕਨੇਡਾ ਬਿਜਨਿਸ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ ਹੋਇਆ ਹੈ ਅਤੇ ਇਸ ਵੇਲੇ ਟਰਾਂਸਪੋਰਟ ਦੇ ਕਿੱਤੇ ਵਿੱਚ ਸਫਲ ਬਿਜਨਿਸਮੈਨ ਹੈ। ਸਾਦਾ ਵਿਆਹ, ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਹੀ ਸੈਟਲ ਹੈ। 1 306 807 4758 ***188***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਮੰਗਲੀਕ ਲੜਕੀ ਜਨਮ 1990, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

### ਲੜਕੇ ਦੀ ਲੋੜ

Respectable, well established, Jatt Sikh parents seeking a suitable match for their daughter, 29 yrs. old, 5'-3" tall, Canadian PR, Master's in Applied Sciences from University of Calgary, well settled as Engineer/Analyst in Chilliwack (BC), very beautiful and family oriented. The boy should be Canadian PR/Citizen, educated from Canada/North America (Bachelor/Master/Doctorate), smart, handsome, good looking, with modern values Jatt Sikh. Please email recent picture and biodata to: basketfiree@gmail.com or call: 1-778-539-7001 ***188***

### ਲੜਕੀ ਦੀ ਲੋੜ

Respectable, well established, Jatt Sikh parents seeking a suitable match for their son, 34 yrs. old, 5'-11" tall, Canadian Citizen, well settled as engineering professional in Edmonton, background in Master of Industrial Engineering, handsome, smart, family oriented and blend of modern and cultural values. The girl should be Canadian PR/Citizen, educated from Canada/North America (Bachelor/Master/Doctorate), smart, beautiful, well-versed in both cultures, Jatt Sikh. Please email recent picture and bio-data to: basketfiree@gmail.com or call: 1-403-404-4069 ***188***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਕਲ ਇੰਜੀਅਰਿੰਗ ਵਿੱਚ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 909 8665 ***187***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਸੋਹਣੀ ਸੁਨੱਖੀ, ਉਮਰ 25 ਸਾਲ ,ਕੱਦ 5 ਫੁੱਟ 8 ਇੰਚ,ਚੰਗੀ ਪੜੀ ਲਿਖੀ ਮੈਡੀਕਲ ਫੀਲਡ ਵਿੱਚ ਜੌਬ ਕਰਦੀ ਲੜਕੀ ਲਈ, ਕਨੇਡਾ ਤੋਂ ਹੀ ਹਾਣ ਪਰਵਾਣ ਦੀ ਵਿਦਿਅਕ ਯੋਗਤਾ ਵਾਲੇ ਕਨੇਡਾ ਦੇ ਹੀ ਪੜ੍ਹੇ ਅਤੇ ਕਨੇਡਾ ਵਿੱਚ ਹੀ ਕੰਮ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 472 0465 ***187***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਦਿਓਲ ਪਰਿਵਾਰ ਚੰਗੇ ਪੜੇ ਲਿਖੇ ਚੰਗੀ ਕੰਪਨੀ ਵਿੱਚ ਚੰਗੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 11 ਇੰਚ,ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 446 6666 ***187***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੋੰ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਟਾਂਕ ਕਸ਼ੱਤਰੀ ਪੁਰਬਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ ਇਨ ਇਲੈਕਟਰੀਕਲ, ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 0865 ***186***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041***186***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧ੍ਹੇਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**

**ਐਡਮਿੰਟਨ-780 599 2000 ਸੈਸਕਾਟੂਨ 639 999 1000**

**ਰੀਜਾਇਨਾ- 639 999 1000, ਵਿਨੀਪੈੱਗ- 431 733 3000**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਹਿੰਦੂ ਖੱਤਰੀ ਪਰਿਵਾਰ ਦੇ ਚੰਗੇ ਪੜੇ ਲਿਖੇ, ਸੋਹਣੇ ਸੁਨੱਖੇ ਲੜਕੇ ,ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਹਾਣ ਪਰਵਾਣ ਦੀ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 245 6776***186***

### ਲੜਕੀ ਦੀ ਲੋੜ

ਅਮਰੀਕਨ ਸਿਟੀਜਨ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਆਰ ਐਨ ਲੜਕੇ ਲਈ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 968 5620 ***186***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ,ਜਨਮ 1995,ਕੱਦ 5 ਫੁੱਟ 7 ਇੰਚ, ਕੈਲਗਰੀ ਵਿਖੇ ਹੀ ਐਲ ਪੀ ਐਨ ਦੀ ਜੌਬ ਕਰਦੀ ਲੜਕੀ ਲਈ ਹਾਣ ਪ੍ਰਵਾਣ ਦੀ ਵਿਦਿਅਕ ਯੋਗਤਾ ਅਤੇ ਚੰਗੇ ਪਰਿਵਾਰਕ ਪਿਛੋਕੜ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਆਪਣੇ ਬਾਰੇ ਜਾਣਕਾਰੀ ਅਤੇ ਸੱਜਰੀ ਫੋਟੋ ਵਟਸ ਐਪ 91 89684 59226 ਉੱਪਰ ਭੇਜੋ ---Jatt sikh Gill family seeks a suitable match for their daughter, 1995 born, 5'7" PR in Canada. LPN working in Calgary . Looking for well educated and family oriented boy. Send your bio data and recent pictures on WhatsApp at +91 89684 59226 ***186***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਜੱਸਲ ਪਰਿਵਾਰ ਦੇ ਲੜਕੇ, ਉਮਰ 23 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਆਈ ਟੀ ਆਈ ਪਲੰਬਰ ਦਾ ਡਿਪਲੋਮਾ ਅਤੇ ਹੁਣ ਲਵਲੀ ਯੁਨੀਵਰਿਸਟੀ ਵਿੱਚ ਬੀ ਏ ਫਾਈਨਲ ਕਰ ਰਹੇ ਲਈ, ਕਨੇਡੀਅਨ ਪੀਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਲੁਧਿਆਣਾ ਵਿੱਚ ਬਿਜਨਿਸ ਹੈ।ਲੜਕੇ ਦਾ ਭਰਾ ਅਤੇ ਨਾਨਕਾ ਪਰਿਵਾਰ ਕਨੇਡਾ ਨਿਵਾਸੀ ਹਨ। ਸੰਪਰਕ : 91 98 760 90313,1 778 706 9611 ਜਾਂ 416 509 6200 ***186***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ । ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ।ਸੰਪਰਕ: 403 615 0583 **190**

## NAME CHANGE

I Budhi Ram ( DOB 28/06/1973) s/o Purna Nand R/o Bhatvada Tehri Garwal, Uttrakhan (India) Passport number L 5925916 place of issue Vancouver, date of issue 12/03/2015 present living at 32-12045-93 Ave Surrey BC have changed my name to Budhi Ram Dangwal. All concerned note please. Contact-604-300-1781

JUNE.

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ । ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ । ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ ।

**ਅੱਜ ਹੀ ਕਾਲ ਕਰੋ:**

**403 680 0436**

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ੍ਹੜ**




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ੍ਹੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## Hiring !

Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract

**Email: dclogistics4@gmail.com**
**Phone : 204-396-1696 , 204-891-0031**

## Hiring

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

## Tractor Trucks forlease

Two Trucks forlease
Volvo Trucks with Sleeper
Maintenance Freelease
Minimum Six Months to Twelve Monthslease
Good forlocal, Regional/Short-Haul
$5000.00 Down
$4000.00 Per Month
Some Restrictions Apply

FRESH FREIGHT



Please Contact:

**KulbirShergillFresh Freightltd**
**Phone or Text- 403-510-0070**
**Email: info@freshfreight.ca**

**A-CHOICE DRIVING SCHOOL**

**Bay# 324, 4774 Westwinds Dr NE**
**Calgary Alberta T3J 0L9**
**Tel: 403-473-1682**



# ਲੋਕ -ਨਾਇਕ ਅਮਰ ਸ਼ਹੀਦ : ਲੂਈ ਰੀਲ



ਜਗਦੇਵ ਸਿੱਧੂ ਕੈਲਗਰੀ
403 351 1136

ਲੂਈ ਰੀਲ ਨੂੰ ਫਾਂਸੀ ਦਾ ਹੁਕਮ ਸੁਣਾਏ ਜਾਣ ਮਗਰੋਂ ਉਸ ਨੂੰ ਬਚਾਉਣ ਦੇ ਸਾਰੇ ਜਤਨ ਅਸਫਲ ਰਹੇ, ਅਪੀਲ ਵੀ ਬੇ-ਸਿੱਟਾ ਰਹੀ। ਫ਼ਿਰੰਗੀ ਕੈਨੇਡੀਅਨਾਂ ਦੇ ਦਬਾਅ ਹੇਠ ਪ੍ਰਧਾਨ ਮੰਤਰੀ ਜਾਹਨ ਅਲੈਗਜ਼ੈਂਡਰ ਮੈਕਡਾਨਲਡ ਨੇ ਫ਼ਰੈਂਚ ਕੈਨੇਡੀਅਨਾਂ ਦੀ ਚਿੰਤਾ ਨੂੰ ਢੀਠਤਾ ਅਤੇ ਹੈਂਕੜ ਨਾਲ ਦਰ-ਕਿਨਾਰ ਕਰਦਿਆਂ ਬੜ੍ਹਕ ਮਾਰੀ,"ਚਾਹੇ ਕੁਬੈੱਕ ਦਾ ਹਰੇਕ ਕੁੱਤਾ ਉਸ ਦੇ ਹੱਕ ਵਿਚ ਭੌਂਕੇ, ਰੀਲ ਨੂੰ ਫ਼ਾਂਸੀ ਤੇ ਟੰਗਿਆ ਹੀ ਜਾਏਗਾ"। ਇਹ ਉਹੀ ਪ੍ਰਧਾਨ ਮੰਤਰੀ ਸੀ ਜਿਸ ਨੇ ਅਤੇ ਜਿਸ ਦੇ ਗਵਰਨਰ ਜਨਰਲ ਨੇ ਫੋਰਟ ਗੈਰੀ ਤੋਂ ਗਏ ਵਫ਼ਦ ਨੂੰ ਯਕੀਨ ਦਿਵਾਇਆ ਸੀ ਕਿ ਰੀਲ ਸਣੇ ਸਾਰੇ ਵਿਦ੍ਰੋਹੀਆਂ ਨੂੰ ਆਮ ਮੁਆਫ਼ੀ ਦਿੱਤੀ ਜਾਵੇਗੀ। ਬਸਤੀਵਾਦੀ ਕਿਤੇ ਵੀ ਹੋਣ ਉਨ੍ਹਾਂ ਦਾ ਇਹੀ ਖਾਸਾ ਰਿਹਾ ਹੈ। ਜਿਸ ਪ੍ਰਧਾਨ ਮੰਤਰੀ ਨੇ ਲੂਈ ਰੀਲ ਦੀਆਂ ਸਾਰੀਆਂ ਮੰਗਾਂ ਮੰਨ ਕੇ ਰੀਲ ਦੇ ਸੁਝਾਏ ਨਾਂ ਮੁਤਾਬਕ ਮੈਨੀਟੋਬਾ ਦਾ ਸੂਬਾ ਬਣਾ ਕੇ ਬਰਾਬਰ ਦੇ ਹੱਕ ਦੇ ਕੇ ਫ਼ੈਡਰੇਸ਼ਨ ਵਿਚ ਸ਼ਾਮਲ ਕੀਤਾ, ਜਿਸ ਨੇ ਰੀਲ ਅਤੇ ਡੂਮਾਂਟ ਵੱਲੋਂ ਭੇਜੀਆਂ ਸਾਰੀਆਂ ਮੰਗਾਂ ਪਰਵਾਨ ਕੀਤੀਆਂ, ਉਸ ਨੇ ਇਨ੍ਹਾਂ ਮੰਗਾਂ ਖਾਤਰ ਕੀਤੀਆਂ ਕਾਰਵਾਈਆਂ ਬਦਲੇ ਉਸ ਨੂੰ ਸਨਮਾਨਣ ਦੀ ਥਾਂ ਮਿਥੀ ਹੋਈ ਸਾਜਿਸ਼ ਅਧੀਨ ਫਾਂਸੀ ਦੀ ਸਜ਼ਾ ਦਿਵਾਈ। ਉਸ ਨੇ ਬਦਲਾਖੋਰ ਘੁਮੰਡੀ ਫਿਰੰਗੀ ਕੈਨੇਡੀਅਨਾਂ ਦੇ ਦਬਾਅ ਹੇਠ ਆ ਕੇ ਫਰੈਂਚ ਕੈਨੇਡੀਅਨਾਂ ਦੀ ਚਿੰਤਾ ਅਤੇ ਅਪੀਲ ਨੂੰ ਬੜੀ ਢੀਠਤਾ, ਬੇ-ਰਹਿਮੀ ਅਤੇ ਹੈਂਕੜ ਨਾਲ ਦਰਕਿਨਾਰ ਕਰ ਦਿੱਤਾ। ਅਜਿਹੀ ਸਰਕਾਰ ਤੋਂ ਕਿਸੇ ਰਹਿਮ ਜਾਂ ਇਨਸਾਫ਼ ਦੀ ਕੋਈ ਉਮੀਦ ਨਹੀਂ ਰਹਿ ਜਾਂਦੀ। ਸਿੱਟੇ ਵਜੋਂ ਲੂਈ ਰੀਲ ਦੀਆਂ ਦੋਵੇਂ ਅਪੀਲਾਂ ਅਤੇ ਉਸ ਨੂੰ ਬਚਾਉਣ ਦੇ ਹੋਰ ਸਾਰੇ ਜਤਨ ਅਸਫਲ ਰਹੇ। ਲੂਈ ਰੀਲ ਦਾ ਅਦਾਲਤ ਅੱਗੇ ਦਿੱਤਾ ਬਿਆਨ ਬੜਾ ਇਤਿਹਾਸਕ ਮਹੱਤਵ ਰਖਦਾ ਹੈ ਜਿਵੇਂ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਅਦਾਲਤਾਂ ਵਿਚ ਦਿੱਤੇ ਬਿਆਨ ਮਹੱਤਵਪੂਰਨ ਦਸਤਾਵੇਜ਼ ਬਣ ਗਏ ਹਨ। ਲੂਈ ਰੀਲ ਨੇ ਆਪਣੇ ਚਹੇਤਿਆਂ ਨੂੰ ਆਖ਼ਰੀ ਖ਼ਤ ਲਿਖਿਆ। 16 ਨਵੰਬਰ, 1885 ਨੂੰ ਉਸ ਨੇ ਫਾਂਸੀ ਚੜ੍ਹਨ ਤੋਂ ਪਹਿਲਾਂ ਫ਼ਾਦਰ ਆਂਦਰੇ ਅੱਗੇ ਇਹ ਉਚਾਰਿਆ,"ਮੈਂ ਉਨ੍ਹਾਂ (ਬੇਇਨਸਾਫ਼ੀ ਕਰਨ ਵਾਲੀ ਜੁੰਡਲੀ) ਨੂੰ ਦਿਲੋਂ ਮੁਆਫ਼ ਕਰਦਾ ਹਾਂ ਤੇ ਪ੍ਰਮਾਤਮਾ ਅੱਗੇ ਵੀ ਉਨ੍ਹਾਂ ਨੂੰ ਬਖ਼ਸ਼ ਦੇਣ ਦੀ ਅਰਦਾਸ ਕਰਾਂਗਾ"। ਇਸੇ ਦਿਨ ਉਸ ਨੂੰ ਰੀਜਾਈਨਾ ਵਿਖੇ ਫਾਂਸੀ ਦਿੱਤੀ ਗਈ। ਉਹ ਬਿਨਾ ਡੋਲੇ ਖਿੜੇ ਮੱਥੇ ਧੌਣ ਉੱਚੀ ਕਰ ਕੇ ਸੂਰਮਿਆਂ ਵਾਲੀ ਅਲੌਕਿਕ ਸ਼ਾਨ ਨਾਲ ਫਾਂਸੀ ਤੱਕ ਗਿਆ ਅਤੇ ਆਪਣੇ ਲੋਕਾਂ ਖ਼ਾਤਰ ਜਾਨ ਵਾਰਨ ਦਾ ਅਦੁਤੀ ਕਾਰਨਾਮਾ ਕਰ ਗਿਆ।

10 ਦਸੰਬਰ, 1885 ਨੂੰ ਉਸ ਦੀ ਮ੍ਰਿਤਕ ਦੇਹ ਮੈਨੀਟੋਬਾ ਲਿਆਂਦੀ ਗਈ ਜਿੱਥੇ ਇਹ ਸੇਂਟ ਵਾਈਟਲ ਵਿਖੇ ਉਸ ਦੀ ਮਾਂ ਦੇ ਘਰ ਵਿਚ ਲੋਕਾਂ ਕੇ ਦਰਸ਼ਨਾਂ ਲਈ ਰੱਖੀ ਗਈ। ਇਹ ਘਰ ਹੁਣ ਦੇ ਵਿੰਨੀਪੈੱਗ ਸ਼ਹਿਰ ਵਿਚ ਰੈੱਡ ਰਿਵਰ ਦੇ ਲਾਗੇ ਸਥਿਤ ਹੈ। ਸਾਰੀਆਂ ਥਾਵਾਂ ਤੋਂ ਲੋਕ ਖਾਸ ਕਰ ਕੇ ਮੇਟੀ ਆਪਣੇ ਸ਼ਹੀਦ ਨਾਇਕ ਦੇ ਅੰਤਿਮ ਦਰਸ਼ਨਾਂ ਲਈ ਦੋ ਦਿਨ ਤੱਕ ਆਉਂਦੇ ਰਹੇ। 12 ਦਸੰਬਰ ਨੂੰ ਲੂਈ ਰੀਲ ਦੀ ਦੇਹ ਨੂੰ ਸੇਂਟ ਬੋਨੀਫੇਸ ਦੇ ਚਰਚ ਨਾਲ ਲਗਦੇ ਕਬਰਿਸਤਾਨ ਵਿਚ ਉਸ ਦੇ ਪਿਤਾ ਦੀ ਕਬਰ ਦੇ ਨਾਲ ਦੀ ਕਬਰ ਵਿਚ ਦਫ਼ਨਾਇਆ ਗਿਆ ਜੋ ਯਾਦਗਾਰ ਵਜੋਂ ਸਾਂਭੀ ਹੋਈ ਹੈ। ਸੈਂਕੜੇ ਦੀ ਗਿਣਤੀ ਵਿਚ ਲੋਕ ਸੇਜਲ ਅੱਖਾਂ ਨਾਲ ਉਸ ਦੇ ਘਰ ਤੋਂ ਕਬਰ ਤੱਕ ਜਨਾਜ਼ੇ ਵਿਚ ਸ਼ਾਮਲ ਹੋਏ। ਸੇਂਟ ਬੋਨੀਫੇਸ ਚਰਚ ਦੇ ਸਾਹਮਣੇ ਲੂਈ ਰੀਲ ਦਾ ਆਦਮ-ਕੱਦ ਬੁੱਤ ਅੱਜ ਵੀ ਲੋਕਾਂ ਨੂੰ ਹੱਕਾਂ ਖਾਤਰ ਸੰਘਰਸ਼ ਕਰਨ ਲਈ ਪ੍ਰੇਰਨਾ ਦੇ ਰਿਹਾ ਹੈ। ਇਸ ਚਬੂਤਰੇ ਤੇ ਉਸ ਦੀਆਂ ਇਹ ਸਤਰਾਂ ਅੰਕਿਤ ਹਨ,"ਹਾਂ, ਮੈਂ ਆਪਣਾ ਫ਼ਰਜ਼ ਨਿਭਾ ਚੱਲਿਆ ਹਾਂ। ਆਪਣੀ ਸਾਰੀ ਉਮਰ ਮੈਂ ਪ੍ਰੈਕਟੀਕਲ ਨਤੀਜਿਆਂ ਦਾ ਟੀਚਾ ਮਿਥਿਆ। ਮੈਨੂੰ ਉਮੀਦ ਹੈ ਕਿ ਮੇਰੀ ਮੌਤ ਤੋਂ ਮਗਰੋਂ ਮੇਰੀ ਰੂਹ ਪ੍ਰੈਕਟੀਕਲ ਨਤੀਜੇ ਲਿਆਵੇਗੀ। ਮੈਂ ਜੋ ਕੁਛ ਵੀ ਕੀਤਾ ਹੈ ਜਾਂ ਜਿਹੜਾ ਵੀ ਜੋਖ਼ਮ ਉਠਾਇਆ ਹੈ, ਅਤੇ ਜਿਸ ਕਾਸੇ ਲਈ ਆਪਣਾ-ਆਪ ਪੇਸ਼ ਕੀਤਾ ਹੈ, ਉਹ ਮੇਰੀ ਇਸੇ ਧਾਰਨਾ ਤੇ ਅਧਾਰਿਤ ਸੀ ਕਿ ਮੈਂ ਆਪਣੇ ਦੇਸ਼ ਲਈ ਕੁਛ ਕਰਨਾ ਹੈ। ਮੈਂ ਜਾਣਦਾ ਹਾਂ ਕਿ ਪ੍ਰਮਾਤਮਾ ਦੀ ਕਿਰਪਾ ਨਾਲ ਮੈਂ ਮੈਨੀਟੋਬਾ ਦਾ ਬਾਨੀ ਹਾਂ"।

25 ਸਤੰਬਰ,1885 ਨੂੰ ਇੱਕ ਹੋਰ ਨੇਟਿਵ ਯੋਧੇ ਬਿਗ ਬੀਅਰ ਨੂੰ 3 ਸਾਲ ਦੀ ਸਜ਼ਾ ਸੁਣਾਈ ਗਈ। ਬਾਕੀ ਬੈਟਲਫੋਰਡ ਦੇ ਮੁਕੱਦਮੇ 21 ਅਕਤੂਬਰ, 1885 ਨੂੰ ਖ਼ਤਮ ਹੋਏ। ਗਿਆਰਾਂ ਜੁਝਾਰੂਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਇੱਕ ਹੋਰ ਨੂੰ ਵੀਹ ਸਾਲ ਦੀ ਕੈਦ। ਉਨ੍ਹਾਂ ਵਿੱਚੋਂ ਤਿੰਨ ਜਣਿਆਂ ਦੀ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ ਗਈ। ਬਾਕੀ ਸੱਤ ਜਣਿਆਂ ਨੂੰ 27 ਨਵੰਬਰ, ਸਵੇਰੇ ਅੱਠ ਵਜੇ ਫਾਂਸੀ ਦੇਣੀ ਸੀ। ਉਹ ਸੱਤੇ ਜਾਂ-ਬਾਜ਼ ਗਾਰਡ ਹਾਊਸ ਤੋਂ ਫਾਂਸੀ ਦੇ ਫੰਦਿਆਂ ਤੱਕ ਮੌਤ ਦੇ ਗੀਤ ਗਾਉਂਦੇ ਹੋਏ ਸ਼ਹੀਦੀ ਮਾਰਚ ਕਰ ਕੇ ਗਏ। ਇਹ ਸਨ -- ਮਿਜ਼ਰੇਬਲ ਮੈਨ, ਬੈਡ ਐਰੋ, ਰਾਊਂਡ ਦ ਸਕਾਈ, ਵਾਂਡ੍ਰਿੰਗ ਸਪਿਰਿਟ, ਆਇਰਨ ਬਾਡੀ, ਲਿੱਟਰ ਬੀਅਰ ਇਟਕਾ ਅਤੇ ਮੈਨ ਵਿਦਾਊਟ ਬਲੱਡ ( ਇਹ ਸਾਰੇ ਨਾਂ ਨੇਟਿਵ ਭਾਸ਼ਾ ਵਿਚਲੇ ਅਸਲੀ ਨਾਂਵਾਂ ਦਾ ਅੰਗ੍ਰੇਜ਼ੀ ਵਿਚ ਤਰਜੁਮਾ ਹਨ )। ਉਨ੍ਹਾਂ ਨੂੰ ਬੁਲੰਦ ਆਵਾਜ਼ ਵਿਚ ਗਾਉਂਦੇ ਹੋਇਆਂ ਨੂੰ ਫਾਂਸੀ ਦੇ ਦਿੱਤੀ ਗਈ। ਇਨ੍ਹਾਂ ਸ਼ਹਾਦਤਾਂ ਅਤੇ ਸ਼ਹੀਦੇ-ਆਜ਼ਮ ਭਗਤ ਸਿੰਘ ਹੁਰਾਂ ਦੀਆਂ ਸ਼ਹਾਦਤਾਂ ਇਸ ਕਰ ਕੇ ਵੀ ਸਾਂਝੀਆਂ ਹਨ ਕਿ ਸੱਚ-ਮੁੱਚ ਜਾਂ-ਬਾਜ਼ ਕੌਮ-ਪ੍ਰਸਤ ਯੋਧੇ ਮੌਤ ਨੂੰ ਮਖੌਲਾਂ ਕਰਦੇ ਹਨ। ਉਹੀ ਤਾਂ ਮੌਤ ਦੇ ਸਾਹਮਣੇ ਸਿਰ ਉਠਾ ਕੇ ਗਾ ਸਕਦੇ ਹਨ - ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ। ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ ਕਾਤਿਲ ਮੇਂ ਹੈ।

ਮਈ,1886 ਵਿਚ ਗੈਬਰੀਲ ਡੂਮਾਂਟ ਦੀ ਪਤਨੀ ਮੈਡਲੀਨ ਦੀ ਮੌਤ ਹੋ ਗਈ। ਜੁਲਾਈ ਵਿਚ ਕੈਨੇਡਾ ਸਰਕਾਰ ਨੇ ਡੂਮਾਂਟ ਅਤੇ ਹੋਰ ਸਾਰੇ ਮੇਟੀ ਵਿਦ੍ਰੋਹੀਆਂ ਨੂੰ ਆਮ ਮੁਆਫ਼ੀ ਦੇ ਦਿੱਤੀ, ਜਿਹੜੇ ਸਸਕੈਚਵਨ ਰਿਵਰ ਵਿਦ੍ਰੋਹ ਵਿਚ ਸ਼ਾਮਲ ਸਨ। 1888 ਵਿਚ ਡੂਮਾਂਟ ਅਮਰੀਕਾ ਤੋਂ ਕੈਨੇਡਾ ਵਾਪਸ ਆ ਗਿਆ। 1891 ਵਿਚ ਇੱਕ ਅਣ-ਪਛਾਤੇ ਵਿਅੱਕਤੀ ਨੇ ਡੂਮਾਂਟ ਨੂੰ ਉਸ ਵੇਲੇ ਮਾਰਨ ਦੀ ਅਸਫਲ ਕੋਸ਼ਿਸ਼ ਕੀਤੀ ਜਦੋਂ ਉਹ ਡਕੋਟਾ ਵਿਚ ਸ਼ਿਕਾਰ ਕਰਨ ਗਿਆ ਆਪਣੇ ਤੰਬੂ ਵਿਚ ਸੁੱਤਾ ਪਿਆ ਸੀ। 1893 ਵਿਚ ਉਹ ਹਮੇਸ਼ਾ ਲਈ ਬਟੋਚ ਆ ਗਿਆ। 1902 ਵਿਚ 30 ਸਾਲ ਦੇ ਵਕਫ਼ੇ ਬਾਦ ਸਰਕਾਰ ਨੇ ਉਸ ਨੂੰ ਉਸ ਦੇ ਘਰ ਅਤੇ ਖੇਤਾਂ ਦਾ ਕਾਨੂੰਨੀ ਹੱਕ ਦੇ ਦਿੱਤਾ। 1905 ਵਿਚ ਲੂਈ ਰੀਲ ਅਤੇ ਗੈਬਰੀਲ ਡੂਮਾਂਟ ਦੇ ਜਤਨਾਂ ਸਦਕਾ ਉਨ੍ਹਾਂ ਦੀ ਇੱਛਾ ਮੁਤਾਬਕ ਹੋਂਦ ਵਿਚ ਆਇਆ ਸਸਕੈਚਵਨ ਨਾਂ ਦਾ ਸੂਬਾ ਕੈਨੇਡਾ ਫ਼ੈਡਰੇਸ਼ਨ ਵਿਚ ਸ਼ਾਮਲ ਹੋਇਆ। 19 ਮਈ, 1906 ਨੂੰ ਬਟੋਚ ਵਿਖੇ ਇੱਕ ਦੋਸਤ ਦੇ ਘਰ ਵਿਚ ਡੂਮਾਂਟ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਸਦਾ ਦੀ ਨੀਂਦ ਸੌਂ ਗਿਆ। 1923 ਵਿਚ ਬਟੋਚ ਦੀ ਲੜਾਈ ਅਤੇ ਡੂਮਾਂਟ ਦੀ ਕਬਰ ਵਾਲੇ ਸਥਾਨ ਨੂੰ ਕੌਮੀ ਇਤਿਹਾਸਕ ਸਥਾਨ ਦਾ ਦਰਜਾ ਦਿੱਤਾ ਗਿਆ। 1980 ਵਿਚ ਪ੍ਰਿੰਸ ਅਲਬਰਟ ਵਿਖੇ "ਦ ਗੈਬਰੀਲ ਡੂਮਾਂਟ ਇੰਸਟੀਚੂਟ ਐਂਡ ਐਪਲਾਈਡ ਰੀਸਰਚ" ਸਥਾਪਤ ਹੋਈ। ਇਸ ਦੇ ਮਗਰੋਂ ਰੀਜਾਈਨਾ ਅਤੇ ਸਸਕਾਟੂਨ ਵਿਚ ਵੀ ਇਸ ਦੇ ਕੈਂਪਸ ਖੋਲ੍ਹੇ ਗਏ।

ਲੂਈ ਰੀਲ ਦੀਆਂ ਮੰਗਾਂ ਦੇ ਅਨੁਕੂਲ 1870 ਵਿਚ ਪਾਰਲੀਮੈਂਟ ਨੇ "ਮੈਨੀਟੋਬਾ ਐਕਟ" ਪਾਸ ਕਰ ਦਿੱਤਾ, ਜਿਸ ਮੁਤਾਬਕ ਮੈਨੀਟੋਬਾ ਨਾਂ ਦਾ ਨਵਾਂ ਸੂਬਾ ਕੈਨੇਡਾ ਦੀ ਫ਼ੈਡਰੇਸ਼ਨ ਦਾ ਅੰਗ ਬਣ ਗਿਆ। ਸ਼ਬਦ ਮੈਨੀਟੋਬਾ ਸਥਾਨਕ ਮੂਲਨਿਵਾਸੀ ਭਾਸ਼ਾ ਦੇ ਸ਼ਬਦ "ਮੈਨੀਟਾਊ" ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਗ੍ਰੇਟ ਸਪਿਰਿਟ, ਮਹਾਨ ਰੂਹ, ਜਾਂ ਰੱਬ। ਇਸ ਐਕਟ ਰਾਹੀਂ ਸੂਬੇ ਨੂੰ ਦੂਜੇ ਸੂਬਿਆਂ ਵਾਲੇ ਬਰਾਬਰ ਦੇ ਅਧਿਕਾਰ ਦਿੱਤੇ ਗਏ। ਔਟਵਾ ਨੇ ਸਰਕਾਰੀ ਜ਼ਮੀਨਾਂ ( ਕਰਾਊਨ ਲੈਂਡਜ਼ ) ਅਤੇ ਕੁਦਰਤੀ ਸ੍ਰੋਤਾਂ ਦਾ ਅਧਿਕਾਰ ਆਪਣੇ ਕੋਲ ਰੱਖਿਆ। ਮੇਟੀਆਂ ਦੀ ਮੰਗ ਮੰਨ ਕੇ ਅੰਗ੍ਰੇਜ਼ੀ ਅਤੇ ਫਰੈਂਚ ਦੋਵਾਂ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਦੇ ਦਿੱਤੀ। ਇਸ ਦੇ ਨਾਲ ਹੀ ਸਿੱਖਿਆ ਦੇ ਅਧਿਕਾਰ ਵੀ ਦੇ ਦਿੱਤੇ। ਬੇਰੜਿਆਂ ਦੀ ਮੂਲ ਨਿਵਾਸੀਆਂ ਨਾਲ ਪੁਰਖੀ ਸਾਂਝ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਦਾਅਵੇ ਨੂੰ ਜਾਇਜ਼ ਮੰਨ ਲਿਆ। ਇਸ ਐਕਟ ਦੀ ਇੱਕ ਧਾਰਾ ਰਾਹੀਂ 14 ਲੱਖ ਏਕੜ ਜ਼ਮੀਨ ਬੇਰੜਿਆਂ ( ਮੇਟੀ ਤੋਂ ਬਿਨਾ ਦੂਜੇ ਹਾਅਫ਼ ਬ੍ਰੀਡ ) ਦੇ ਵਸ਼ਿੰਦੇ ( ਰੈਜ਼ੀਡੈਂਟ ) ਪਰਿਵਾਰਾਂ ਲਈ ਰਾਖਵੀਂ ਕੀਤੀ ਗਈ। ਇਨ੍ਹਾਂ ਪਰਿਵਾਰਾਂ ਦੁਆਰਾ ਰੈੱਡ ਰਿਵਰ ਦੇ ਨਾਲ -ਨਾਲ ਪਹਿਲਾਂ ਤੋਂ ਕਬਜ਼ੇ ਹੇਠ ਲਏ ਲੰਮੇ ਰੁਖ ਪਲਾਟਾਂ ਦੀ ਮਾਲਕੀ ਨੂੰ ਵੀ ਤਸਲੀਮ ਕੀਤਾ ਗਿਆ। ਫੇਰ 1872 ਵਿਚ ਬੜੀ ਝਿਜਕ ਮਗਰੋਂ ਮੇਟੀਆਂ ਦੀ ਇਹ ਮੰਗ ਵੀ ਮੰਨ ਲਈ ਗਈ ਕਿ ਉਨ੍ਹਾਂ ਨੂੰ ਜ਼ਮੀਨ ਦੇ ਜੁੜਵੇਂ ਜਾਂ ਨਾਲ ਲੱਗਵੇਂ ਬਲਾਕ ( ਮੁਰੱਬਾਬੰਦੀ ਵਾਂਗ ) ਦਿੱਤੇ ਜਾਣ। ਇਉਂ ਉਸ ਵੇਲੇ 7027 ਜਾਇਜ਼ ਦਾਅਵੇਦਾਰ ਸਾਹਮਣੇ ਆਏ ਜਿਨ੍ਹਾਂ ਵਿੱਚੋਂ 6034 ਨੂੰ ਜ਼ਮੀਨ ਦੇ ਪਾਰਸਲ ( ਖਿੱਤੇ ) ਦਿੱਤੇ ਗਏ, ਜਾਣੀ ਹਰੇਕ ਨੂੰ 240 ਏਕੜ। ਇਸ ਤੋਂ ਬਿਨਾ 993 ਨੂੰ ਸਰਟੀਫ਼ੀਕੇਟ ਜਾਰੀ ਕੀਤੇ ਗਏ ਕਿ ਉਹ 240 ਡਾਲਰ, ਜਾਣੀ ਇੱਕ ਡਾਲਰ ਪ੍ਰਤੀ ਏਕੜ ਦੇ ਕੇ 240 ਏਕੜ ਦਾ ਇੱਕ ਖਿੱਤਾ ਪ੍ਰਤੀ ਪਰਿਵਾਰ ਲੈ ਸਕਦੇ ਸਨ। ਇਸ ਪ੍ਰਕਿਰਿਆ ਰਾਹੀਂ 1900 ਵਿਚ ਜ਼ਮੀਨ ਵੰਡ ਦਾ ਕੰਮ ਖ਼ਤਮ ਹੋਣ ਤੱਕ ਆਖ਼ਰੀ ਗਰਾਂਟ ਲੈਣ ਵਾਲਾ ਲੂਈ ਰੀਲ ਦਾ ਪੁੱਤਰ ਜੀਨ ਹੀ ਸੀ। 1919 ਤੱਕ ਬੇਨਤੀਕਾਰਾਂ ਦੇ ਕੇਸਾਂ ਦਾ ਨਿਪਟਾਰਾ ਹੁੰਦਾ ਰਿਹਾ। ਹਾਲੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਲੂਈ ਰੀਲ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਨੂੰ ਉਨ੍ਹਾਂ ਦੇ ਬਣਦੇ ਹੱਕ ਮੁਤਾਬਕ ਪੂਰੀ ਜ਼ਮੀਨ ਹਾਸਲ ਹੋਈ ਹੈ।

10 ਮਾਰਚ, 1992 ਨੂੰ ਕੈਨੇਡਾ ਦੀ ਪਾਰਲੀਮੈਂਟ ਨੇ ਸਰਬ-ਸੰਮਤੀ ਨਾਲ ਮਤਾ ਪਾਸ ਕਰ ਕੇ ਲੂਈ ਰੀਲ ਨੂੰ "ਮੈਨੀਟੋਬਾ ਦਾ ਬਾਨੀ" ਤਸਲੀਮ ਕਰ ਲਿਆ। ਇਸ ਮਤੇ ਰਾਹੀਂ ਉਸ ਦੁਆਰਾ ਫ਼ੈਡਰੇਸ਼ਨ ਦੇ ਵਿਕਾਸ ਖਾਤਰ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ। 18 ਫ਼ਰਵਰੀ, 2008 ਨੂੰ ਮੈਨੀਟੋਬਾ ਨੇ ਸਾਲਾਨਾ ਤੌਰ ਤੇ "ਲੂਈ ਰੀਲ ਦਿਵਸ" ਮਨਾਉਣਾ ਸ਼ੁਰੂ ਕੀਤਾ।

ਲੂਈ ਰੀਲ ਦਾ ਘਰ ਵਿੰਨੀਪੈੱਗ ਵਿਖੇ ਰਿਵਰ ਰੋਡ ਦੀ ਵੱਖੀ ਤੇ ਉਸੇ ਤਰ੍ਹਾਂ ਸਾਂਭ ਕੇ ਰੱਖਿਆ ਹੋਇਆ ਹੈ, ਜਿਸ ਵਿਚ ਉਸ ਦਾ ਬਿਸਤਰਾ, ਕੱਪੜੇ, ਕਿੱਲੇ ਤੇ ਟੰਗੀ ਬੰਦੂਕ ਤੇ ਹੋਰ ਸਾਮਾਨ ਸੁਚੱਜੇ ਤਰੀਕੇ ਨਾਲ ਪਏ ਦੇਖੇ ਜਾ ਸਕਦੇ ਹਨ। ਜਿਵੇਂ ਅਨੇਕਾਂ ਯਾਤਰੀ ਇੰਗਲੈਂਡ ਦੇ ਹਾਈਲੈਂਡ ਵਿਖੇ ਕਾਰਲ ਮਾਰਕਸ ਦੀ ਕਬਰ ਦੇਖਣ ਜਾਂਦੇ ਹਨ, ਇਵੇਂ ਹੀ ਇਸ ਘਰ ਨੂੰ ਵੇਖਣ ਵਾਲੇ ਜਾਂਦੇ ਹਨ। ਇਸ ਘਰ ਵਿਚ ਦਾਖਲ ਹੋਣ ਤੋਂ ਪਹਿਲਾਂ ਇੱਕ ਸ਼ਿਲਾਲੇਖ ਨਜ਼ਰੀਂ ਪੈਂਦਾ ਹੈ ਜਿਸ ਉਪਰ ਉਸ ਦੇ ਜਿਊਰੀ ਅੱਗੇ ਦਿੱਤੇ ਬਿਆਨ ਵਿੱਚੋਂ ਕੁਛ ਸਤਰਾਂ ਅੰਕਿਤ ਹਨ,"ਓ ਮੇਰੇ ਮੇਟੀ ਵਤਨੀਓਂ, ਹੌਸਲਾ ਰੱਖੋ--- ਜਿੰਨੀਂ ਜ਼ਿਆਦਾ ਤੁਸੀਂ ਸਚਾਈ ਤੇ ਪਹਿਰਾ ਦਿਓਂਗੇ, ਓਨੀ ਹੀ ਸ਼ਿੱਦਤ ਨਾਲ ਤੁਸੀਂ ਮਹਾਨ, ਮਜ਼ਬੂਤ ਤੇ ਸ਼ਕਤੀਸ਼ਾਲੀ ਬਣੋਂਗੇ"। ਰੀਲ ਨੇ ਆਪਣੇ ਲੋਕਾਂ ਲਈ ਆਸਵੰਦ ਭਵਿੱਖਬਾਣੀ ਵੀ ਕੀਤੀ ਸੀ ਜੋ ਸਮਾਂ ਬੀਤਣ ਤੇ ਸੱਚ ਸਾਬਤ ਹੋ ਰਹੀ ਹੈ। ਮੇਰੇ ਲੋਕ ਸੌ ਸਾਲ ਸੁੱਤੇ ਰਹਿਣਗੇ, ਪਰ ਕਲਾਕਾਰ ਉਨ੍ਹਾਂ ਦੀਆਂ ਆਤਮਾਵਾਂ ਨੂੰ ਜਗਾਉਣਗੇ"।

ਲੂਈ ਰੀਲ ਦੀ ਪਤਨੀ ਤਪਦਿੱਕ ਦੀ ਬੀਮਾਰੀ ਨਾਲ 24 ਮਈ, 1886 ਨੂੰ ਦਮ ਤੋੜ ਗਈ। ਉਸ ਦੀ ਧੀ ਮੇਰੀ ਦ ਐਂਗਲੀਕ ਦੀ 1897 ਵਿਚ ਮੌਤ ਹੋ ਗਈ। ਉਸ ਦਾ ਪੁੱਤਰ ਜੀਨ ਰੇਲਵੇ ਇੰਜੀਨੀਅਰ ਸੀ। ਉਸ ਨੇ 1908 ਵਿਚ ਵਿਆਹ ਕਰਵਾਇਆ ਪਰ ਉਸੇ ਸਾਲ ਸੇਂਟ ਬੋਨੀਫੇਸ ਤੋਂ ਥੋੜ੍ਹੀ ਦੂਰ ਸੜਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਉਸ ਦੀ ਕੋਈ ਔਲਾਦ ਨਹੀਂ ਸੀ।

ਸਮਾਂ ਬੀਤਣ ਨਾਲ ਕੈਨੇਡੀਅਨ ਲੂਈ ਰੀਲ ਦੀ ਘਾਲਣਾ, ਸ਼ਹਾਦਤ ਅਤੇ ਦੇਣ ਨੂੰ ਸਮਝਣ ਲੱਗੇ ਹਨ। ਉਸ ਦੀ ਭਵਿੱਖਬਾਣੀ ਸੱਚੀ ਹੋ ਰਹੀ ਹੈ। ਉਸ ਦੇ ਲੋਕ ਲਗਾਤਾਰ ਆਪਣੇ ਹੱਕਾਂ ਲਈ ਸਰਕਾਰੇ-ਦਰਬਾਰੇ ਤੇ ਕਚਹਿਰੀਆਂ ਅੰਦਰ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ। ਉਹ ਸਿਆਸਤ, ਸਿੱਖਿਆ, ਕਾਰੋਬਾਰ, ਪੇਸ਼ੇ, ਹੁਨਰ, ਕਲਾ ਆਦਿ ਹਰ ਖੇਤਰ ਵਿਚ ਅੱਗੇ ਆ ਰਹੇ ਹਨ। ਲੂਈ ਰੀਲ ਆਪਣੇ ਸਮੇਂ ਤੋਂ 50 ਸਾਲ ਅੱਗੇ ਸੀ। ਉਹ ਉਸ ਆਦਰਸ਼ ਲਈ ਲੜਿਆ, ਜਿਹੜਾ ਅਜੋਕੇ ਬਹੁ-ਕੌਮੀ, ਬਹੁ-ਭਾਸ਼ਾਈ ਸਮਾਜ ਅਤੇ ਸਭਿਆਚਾਰ ਨਾਲ ਮੇਲ ਖਾਂਦਾ ਹੈ। ਉਸ ਵਿਚ ਏਨੀ ਦਲੇਰੀ ਸੀ ਕਿ ਆਪਣੇ ਸੁਪਨੇ ਨੂੰ ਅਮਲੀ ਰੂਪ ਦੇ ਸਕੇ, ਭਾਵੇਂ ਇਸ ਦੀ ਕੋਈ ਵੀ ਕੀਮਤ ਚੁਕਾਉਣੀ ਪਵੇ। ਇਸ ਕਾਰਜ ਲਈ ਉਸ ਨੇ ਆਪਣੀ ਜਾਨ ਦੀ ਆਹੂਤੀ ਦੇ ਦਿੱਤੀ। ਉਸ ਦੀ ਦੂਰ-ਦ੍ਰਿਸ਼ਟੀ ਦੀ ਦਾਦ ਦੇਣੀ ਬਣਦੀ ਹੈ । ਉਸ ਵੇਲੇ ਉਸ ਨੇ ਜੋ ਸੋਚਿਆ ਤੇ ਸਰਕਾਰ ਤੋਂ ਮੰਨਵਾਇਆ, ਉਹ ਅੱਜ ਦੇ ਕੈਨੇਡਾ ਨੂੰ ਸੰਗਠਿਤ ਅਤੇ ਅਖੰਡ ਰੱਖਣ ਦੀ ਬੁਨਿਆਦ ਬਣ ਗਿਆ। ਜਦੋਂ ਉਸ ਨੇ ਫੋਰਟ ਗੈਰੀ ਤੋਂ ਸਰਕਾਰ ਨਾਲ ਗੱਲਬਾਤ ਕਰਨ ਲਈ ਵਫ਼ਦ ਭੇਜਿਆ ਸੀ ਤਾਂ ਵਫ਼ਦ ਦੇ ਇੱਕ ਮੈਂਬਰ ਐਬੇ ਰਿਚਟ ਨੂੰ ਗੁਪਤ ਤੌਰ ਤੇ ਇਹ ਵੀ ਕਿਹਾ ਸੀ ਕਿ ਸਰਕਾਰ ਨਾਲ ਇਸ ਬਾਰੇ ਵੀ ਗੱਲ ਕਰੇ ਕਿ ਫਰੈਂਚ ਅਤੇ ਅੰਗ੍ਰੇਜ਼ੀ ਦੋਵਾਂ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਜਾਵੇ, ਤਾਂ ਜੋ ਕੈਥੋਲਿਕ ਫਰਾਂਸੀਸੀ ਅਤੇ ਪ੍ਰੋਟੈਸਟੈਂਟ ਅੰਗ੍ਰੇਜ਼ ਅੱਡੋ-ਅੱਡ ਰਹਿ ਕੇ ਵੀ ਆਪਣੇ ਸਭਿਆਚਾਰ ਤੇ ਹੱਕਾਂ ਦੀ ਰਾਖੀ ਕਰ ਸਕਣ।

ਲੂਈ ਰੀਲ ਦੀ ਵਿਰਾਸਤ ਨੂੰ ਸਮੇਟਣ ਲਈ ਇੱਕ ਅਜੋਕੇ ਵਾਕਿਆ ਦਾ ਵੇਰਵਾ ਦੇਣਾ ਉਚਿਤ ਰਹੇਗਾ। 1928 ਵਿਚ "ਮੇਟੀ ਨੇਸ਼ਨ ਆਫ ਅਲਬਰਟਾ" ਦੀ ਸਥਾਪਨਾ ਹੋਈ, ਜਿਸ ਦੀ ਮੁਖੀ ( ਪ੍ਰੈਜ਼ੀਡੈਂਟ ) ਹੁਣ ( 2021 ) ਆਡਰੇ ਪੋਇਟਰਾਸ ਹੈ। ਕੈਨੇਡਾ ਸਰਕਾਰ ਨੇ ਰਸਮੀ ਤੌਰ ਤੇ ਅਲਬਰਟਾ, ਔਂਟਾਰੀਓ ਅਤੇ ਸਸਕੈਚਵਨ ਵਿਚ ਮੇਟੀ ਕੌਮ ( ਨੇਸ਼ਨ ) ਦੇ ਸ੍ਵੈ-ਸ਼ਾਸ਼ਨ ਦੇ ਹੱਕ ਨੂੰ ਮੰਨ ਲਿਆ ਹੈ। ਇਸ ਦਾ ਮਤਲਬ ਹੈ ਕਿ ਮੇਟੀਆਂ ਨੂੰ ਆਪਣੇ ਲਈ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਉਨ੍ਹਾਂ ਦੀ ਵਿਉਂਤਬੰਦੀ ਕਰਨੀ ਅਤੇ ਉਸ ਨੂੰ ਲਾਗੂ ਕਰਨ ਦਾ ਅਧਿਕਾਰ ਹੈ। 27 ਜੂਨ, 2019, ਵੀਰਵਾਰ ਦੇ ਦਿਨ ਪਾਰਲੀਮੈਂਟ ਹਿੱਲ ਵਿਖੇ ਹੋਏ ਵਿਸ਼ੇਸ਼ ਸਮਾਗਮ ਦੌਰਾਨ ਕੈਨੇਡਾ ਦੀ ਤਤਕਾਲੀਨ ਮਨਿਸਟਰ ਆਫ ਕਰਾਊਨ- ਇੰਡੀਜਿਨਸ ਰਿਲੇਸ਼ਨਜ਼, ਕੈਰੋਲੀਨ ਬੈੱਨਟ ਅਤੇ ਤਿੰਨਾਂ ਸੂਬਿਆਂ ਦੇ ਮੇਟੀ ਆਗੂਆਂ ਨੇ ਸ੍ਵੈ-ਸ਼ਾਸ਼ਨ ਸਮਝੌਤਿਆਂ ਤੇ ਦਸਤਖ਼ਤ ਕੀਤੇ। ਇਹ ਸਮਝੌਤੇ ਉਨ੍ਹਾਂ ਦੇ ਉਸ ਅਧਿਕਾਰ ਨੂੰ ਮਾਨਤਾ ਦਿੰਦੇ ਹਨ ਜਿਸ ਅਧੀਨ ਉਹ ਆਪਣੇ ਸ਼ਹਿਰੀਆਂ ਬਾਰੇ, ਆਪਣੇ ਆਗੂ ਚੁਨਣ ਬਾਰੇ ਅਤੇ ਆਪਣਾ ਸ਼ਾਸ਼ਨ ਚਲਾਉਣ ਬਾਰੇ ਖ਼ੁਦ ਫੈਸਲੇ ਲੈ ਅਤੇ ਲਾਗੂ ਕਰ ਸਕਦੇ ਹਨ। ਇਸ ਤੋਂ ਇਲਾਵਾ ਭਾਸ਼ਾ, ਸਭਿਆਚਾਰ ਅਤੇ ਵਿਰਾਸਤ ਬਾਰੇ, ਸਿੱਖਿਆ ਤੇ ਨਿਵਾਸ ( ਹਾਊਜ਼ਿੰਗ ) ਬਾਰੇ ਆਪ ਫੈਸਲੇ ਲੈ ਸਕਦੇ ਹਨ। ਉਹ ਆਪਣੇ ਬੱਚਿਆਂ ਲਈ ਕੋਰਸ ਅਤੇ ਪ੍ਰੋਗਰਾਮ ਡੀਜ਼ਾਈਨ ਕਰ ਸਕਦੇ ਹਨ। ਹੁਣ ਉਹ ਮੇਟੀਆਂ ਦੁਆਰਾ ਮੇਟੀਆਂ ਲਈ ਸੰਵਿਧਾਨ ਬਣਾ ਸਕਣਗੇ।

ਇਸ ਸਭ ਕਾਸੇ ਦੀ ਬੁਨਿਆਦੀ ਨੀਤੀ ਲੂਈ ਰੀਲ ਨੇ ਤਹਿ ਕਰ ਦਿੱਤੀ ਸੀ।

# ਪਿੰਡ ਵਾਸੀਆਂ ਵੱਲੋਂ 'ਸ਼ਗਨ' ਸਕੀਮ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866


ਪਿੰਡ ਦੀ ਸੱਥ ਵਿੱਚ ਬੈਠੇ ਬਜ਼ੁਰਗ ਵੱਖ ਵੱਖ ਪਾਰਟੀਆਂ ਵੱਲੋਂ ਚੋਣਾਂ ਸਮੇਂ ਕੀਤੇ ਦਾਅਵੇ ਅਤੇ ਵਾਅਦਿਆਂ ਸਬੰਧੀ ਚਰਚਾ ਕਰ ਰਹੇ ਸਨ। ਕੀਤੇ ਐਲਾਨਾਂ ਅਨੁਸਾਰ ਕੋਈ ਇੱਕ ਪਾਰਟੀ ਨੂੰ ਵਧੀਆ ਕਹਿੰਦਾ ਸੀ ਅਤੇ ਦੂਜਾ ਦੂਸਰੀ ਪਾਰਟੀ ਨੂੰ। ਇੱਕ ਬਜ਼ੁਰਗ ਚਟਖਾਰੇ ਲੈਂਦਿਆਂ ਕਹਿ ਰਿਹਾ ਸੀ," ਊਂ, ਇਹ ਵੱਡੇ ਖੱਬੀ ਖਾਨ ਜਦੋਂ ਵੋਟਾਂ ਪਿੱਛੇ ਲੇਲੜੀਆਂ ਕੱਢਦੇ ਨੇ, ਜਵਾਕਾਂ ਦੀਆਂ ਨਲੀਆਂ ਪੂੰਜਣ ਤੱਕ ਜਾਂਦੇ ਨੇ, ਬਾਨ ਵਾਲੇ ਮੰਜੇ ਤੇ ਬਹਿ ਕੇ ਹਮਦਰਦੀ ਜਤਾਉਂਦੇ ਨੇ ਅਤੇ ਬੁੜ੍ਹੀਆਂ ਦੇ ਪੈਰੀਂ ਹੱਥ ਲਾਉਣ ਲੱਗਿਆਂ ਪੈਰਾਂ ਤੇ ਡਿੱਗਣ ਤੱਕ ਜਾਂਦੇ ਨੇ, ਤਾਂ ਨਜ਼ਾਰਾ ਜਿਹਾ ਆ ਜਾਂਦੈ। ਫਸਲੀ ਬਟਿਰਿਆਂ ਦੀ ਤਰਾਂ ਵੋਟਾਂ ਵੇਲੇ ਹੀ ਗੇੜਾ ਮਾਰਦੇ ਨੇ। ਊਂ ਤਾਂ ਹਰਲ ਹਰਲ ਕਰਦੀਆਂ ਇਨ੍ਹਾਂ ਦੀਆਂ ਸਰਕਾਰੀ ਗੱਡੀਆਂ ਲੋਕਾਂ ਤੇ ਧੂੜ ਪਾਉਂਦੀਆਂ ਫਿਰਦੀਆਂ ਰਹਿੰਦੀਆਂ ਨੇ। ਕਿਸੇ ਨੂੰ ਡੇਲਿਆਂ ਵੱਟੇ ਨਹੀਂ ਸਿਆਣਦੇ।""

ਇੱਕ ਹੋਰ ਬਜ਼ੁਰਗ ਨੇ ਆਪਣੇ ਝੁਰੜੀਆਂ ਭਰੇ ਚਿਹਰੇ ਤੇ ਹੱਥ ਫੇਰਦਿਆਂ ਨਿਰਾਸ਼ ਜਿਹਾ ਹੋ ਕੇ ਕਿਹਾ, """ ਮੈਂ ਆਪਣੇ 16 ਜਮਾਤਾਂ ਪਾਸ ਪੋਤੇ ਲਈ ਕੋਈ ਛੋਟੀ ਮੋਟੀ ਨੌਕਰੀ ਦਵਾਉਣ ਵਾਸਤੇ ਐਮ.ਐਲ.ਏ. ਦੀ ਕੋਠੀ 5-6 ਵਾਰ ਕੁੱਤੇ ਭਕਾਈ ਕੀਤੀ ਐ। ਕਈ ਵਾਰ ਤਾਂ ਸੰਤਰੀ ਕਹਿ ਦਿੰਦੇ, ਬਈ ਸਾਹਿਬ ਚੰਡੀਗੜ੍ਹ ਗਿਆ ਹੋਇਐ। ਦੋ ਵਾਰ ਕੋਠੀ ਵਿੱਚ ਹੈਗਾ ਸੀ, ਪਰ ਸੰਤਰੀ ਨੇ ਅੰਦਰ ਨਹੀਂ ਜਾਣ ਦਿੱਤਾ। ਕਹਿੰਦਾ ਅੰਦਰ ਮੀਟਿੰਗ ਚੱਲਦੀ ਐ। ਮਿਲਣ ਤੋਂ ਰੋਕਿਆ ਹੋਇਐ। ਹੁਣ ਸੁਣਿਐ ਬਈ ਕੋਠੀ 'ਚ ਲੋਕਾਂ ਵਾਸਤੇ ਲੰਗਰ ਲਾਇਆ ਹੋਇਐ। ਆਇਆਂ - ਗਿਆਂ ਨੂੰ ਹੱਥ ਜੋੜ ਕੇ ਕੰਮ ਧੰਦੇ ਬਾਰੇ ਪੁੱਛ ਕੇ ਖੇਖਣ ਜਿਹੇ ਕਰਦੈ। ਜਿਹੜਾ ਵਲੈਤੀ ਕੁੱਤਾ ਲੋਕਾਂ ਨੂੰ ਭੌਕਣ ਵਾਸਤੇ ਰੱਖਿਆ ਹੋਇਆ ਸੀ, ਉਹ ਵੀ ਹੁਣ ਕੋਠੀ ਦੇ ਪਿਛਲੇ ਪਾਸੇ ਬੰਨਣ ਲੱਗ ਗਿਆ। ਕਹਿੰਦਾ ਕਿਤੇ ਵੋਟਰ ਨਾ ਨਰਾਜ਼ ਹੋ ਜਾਣ।""" ਫਿਰ ਇੱਕ ਹੋਰ ਬਜ਼ੁਰਗ ਨੇ ਗੱਲ ਛੇੜੀ,""" ਪਿਛਲੇ ਸਾਲ ਕੋਰੋਨਾ ਮਹਾਂਮਾਰੀ 'ਚ ਕੋਈ ਬਹੁੜਿਐ ਆਕੇ ? ਪੁੱਛਿਐ ਕਿਸੇ ਲੀਡਰ ਨੇ ਆਪਣਾ ਹਾਲ?

ਕਿੰਨੇ ਲੋਕ ਰੋਜ਼ੀ-ਰੋਟੀ ਵਾਸਤੇ ਤਰਸਦੇ ਰਹੇ ਨੇ? ਜਿਹੜੇ ਵਿਚਾਰੇ ਹਰ ਰੋਜ਼ ਕਮਾਕੇ ਚੁੱਲ੍ਹਾ ਬਾਲਦੇ ਸੀ, ਉਨ੍ਹਾਂ ਦੇ ਕੰਮ ਧੰਦੇ ਛੁੱਟ ਗਏ। ਪਿੰਡਾਂ ਤੇ ਸ਼ਹਿਰਾਂ ਵਿੱਚ ਸੁੰਨ ਪਈ ਹੋਈ ਸੀ। ਭਲੇ ਲੋਕਾਂ ਨੇ ਤਾਂ ਲੰਗਰ ਦਾ ਪ੍ਰਬੰਧ ਕੀਤੈ। ਪਰ ਇਹ ਆਪਣੀਆਂ ਸਰਕਾਰੀ ਗੱਡੀਆਂ ਦੇ ਹੂੱਟਰ ਮਾਰਦੇ ਚੰਡੀਗੜ੍ਹ ਅਤੇ ਹੋਰ ਸ਼ਹਿਰਾਂ ਦੇ ਗੇੜੇ ਤਾਂ ਮਾਰਦੇ ਰਹੇ ਨੇ, ਪਰ ਕਿਸੇ ਗਰੀਬ-ਗੁਰਬੇ ਦੀ ਸਾਰ ਨਹੀਂ ਲਈ। ਭਲਾਂ ਜਿਹੜੇ ਦੁੱਖ ਵੇਲੇ ਨਾ ਬਹੁੜਨ, ਇਹੋ ਜਿਹੇ ਲੀਡਰਾਂ ਤੋਂ ਤਾਂ ਊਂਈਂ ਚੰਗੇ।" ਬਜ਼ੁਰਗ ਦੇ ਅੱਕੇ ਹੋਏ ਸ਼ਬਦਾਂ ਦੀ ਹੋਰਾਂ ਨੇ ਵੀ ਹਾਮੀ ਭਰੀ। ਸੱਥ ਵਿੱਚ ਇੱਕ ਪੜ੍ਹਿਆ-ਲਿਖਿਆ ਚੰਨਣ ਸਿੰਘ ਨਾਂ ਦਾ ਬਜ਼ੁਰਗ ਵੀ ਬੈਠਾ ਸੀ। ਜਿਹਨੇ ਜਵਾਨੀ ਪਹਿਰੇ ਫੌਜ ਦੀ ਨੌਕਰੀ ਕਰਨ ਉਪਰੰਤ ਸ਼ਹਿਰ ਦੇ ਬੈਂਕ ਵਿੱਚ ਵੀ ਨੌਕਰੀ ਕੀਤੀ ਸੀ। ਦੁਨਿਆਵੀ ਉਤਰਾ ਚੜਾਅ ਅਤੇ ਸਿਆਸੀ ਲੋਕਾਂ ਦੇ ਦਾਅ ਪੇਚਾਂ ਤੋਂ ਉਹ ਕਾਫੀ ਵਾਕਫ ਸੀ। ਉਸ ਨੇ ਆਪਣਾ ਗਲਾ ਸਾਫ ਕਰਦਿਆਂ ਗੰਭੀਰ ਹੋ ਕੇ ਕਿਹਾ," ਦੇਸ਼ ਨੂੰ ਆਜ਼ਾਦ ਹੋਇਆਂ 75 ਸਾਲ ਹੋ ਗਏ ਨੇ। ਆਜ਼ਾਦੀ ਪ੍ਰਾਪਤ ਕਰਨ ਲਈ ਕੁਰਬਾਨੀਆਂ ਦੇਣ ਵਿੱਚ ਪੰਜਾਬੀ ਸਭ ਤੋਂ ਮੂਹਰੇ ਰਹੇ ਨੇ। ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਵਰਗਿਆਂ ਨੇ ਹੱਸ ਕੇ ਫਾਂਸੀ ਦਾ ਰੱਸਾ ਚੁੰਮਿਆ। ਇਹੋ ਜਿਹੇ ਸ਼ੇਰਾਂ ਨੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢ ਕੇ ਗੁਲਾਮੀ ਦੀਆਂ ਜੰਜੀਰਾਂ ਤੋੜੀਆਂ। ਮਾੜੀ ਜਿਹੀ ਨਜ਼ਰ ਮਾਰੋ, ਜਿਨ੍ਹਾਂ ਨੂੰ ਅਸੀਂ ਵੋਟਾਂ ਪਾ ਕੇ ਰਾਜ-ਭਾਗ ਸੌਂਪਦੇ ਹਾਂ, ਉਨ੍ਹਾਂ ਦੇ ਖਾਨਦਾਨ ਵਿੱਚੋਂ ਕਿਸੇ ਨੇ ਦੇਸ਼ ਲਈ ਕੁਰਬਾਨੀ ਦਿੱਤੀ? ਸਭ ਲੋਟੂ ਇੱਕਠੇ ਹੋਏ ਨੇ। ਹੁਣ ਤਾਂ ਸਾਰੀਆਂ ਪਾਰਟੀਆਂ ਹੀ ਟਿਕਟ ਉਨ੍ਹਾਂ ਨੂੰ ਦਿੰਦੀਆਂ ਨੇ ਜਿਹੜੇ ਪਾਰਟੀ ਨੂੰ ਕਰੋੜਾਂ ਰੁਪਏ ਚੋਣ ਫੰਡ ਦੇਣ ਅਤੇ ਲਾਅਰਿਆਂ, ਵਾਅਦਿਆਂ ਅਤੇ ਨਿੱਕ-ਸੁੱਕ ਜਿਹਾ ਦੇ ਕੇ ਲੋਕਾਂ ਨੂੰ ਮਗਰ ਲਾ ਕੇ ਵੋਟਾਂ ਬਟੋਰਨ ਵਿੱਚ ਮਾਹਰ ਹੋਣ।" ਬਜ਼ੁਰਗ ਦੀਆਂ ਗਲਾਂ ਸੁਣ ਕੇ ਆਲੇ-ਦੁਆਲਿਉਂ ਹੋਰ ਲੋਕ ਵੀ ਆ ਗਏ। 2-4 ਪੜ੍ਹੇ ਲਿਖੇ ਨੌਜਵਾਨ ਮੁੰਡਿਆਂ ਵੱਲ ਇਸ਼ਾਰਾ ਕਰਦਿਆਂ ਚੰਨਣ ਸਿੰਘ ਨੇ ਗੱਲ ਨੂੰ ਅਗਾਂਹ ਤੋਰਿਆ," ਸਾਡੇ ਨੌਜਵਾਨ ਮੁੰਡੇ-ਕੁੜੀਆਂ ਦਾ ਤਾਂ ਪੰਜਾਬ ਨਾਲ ਹੁਣ ਮੋਹ ਨਹੀਂ ਰਿਹਾ। ਹਰ ਸਾਲ 70-80 ਹਜ਼ਾਰ ਕੁੜੀਆਂ ਅਤੇ ਮੁੰਡੇ ਜਹਾਜਾਂ ਤੇ ਚੜ੍ਹ ਕੇ ਦੂਜੇ ਦੇਸ਼ਾਂ ਨੂੰ ਜਾ ਰਹੇ ਨੇ। ਇੱਕ ਮੁੰਡੇ ਦੇ ਭੇਜਣ ਤੇ 15-20 ਲੱਖ ਰੁਪਇਆ ਖਰਚ ਹੋ ਰਿਹੈ। ਤੁਸੀਂ ਅੰਦਾਜਾ ਲਾ ਲਵੋ, ਪੰਜਾਬ ਦਾ ਅਰਬਾਂ ਰੁਪਇਆ ਦੂਜੇ ਦੇਸ਼ਾਂ ਨੂੰ ਜਾ ਰਿਹੈ। ਸਾਡੇ ਮੁੰਡੇ- ਕੁੜੀਆਂ ਦੂਜੇ ਦੇਸ਼ਾਂ ਵਿੱਚ ਕੰਮ ਕਰਕੇ ਉਨ੍ਹਾਂ ਦੇਸ਼ਾਂ ਦੀ ਉੱਨਤੀ ਵਿੱਚ ਹਿੱਸਾ ਪਾ ਰਹੇ ਨੇ।

ਇੱਧਰ ਅਸੀਂ ਖੁੰਗਲ ਹੁੰਦੇ ਜਾ ਰਹੇ ਹਾਂ। ਜਿਹੜੇ ਮੁੰਡੇ ਬਾਕੀ ਬੱਚ ਗਏ, ਉਹ ਨਸ਼ਿਆਂ ਦੀ ਦਲਦਲ ਵਿੱਚ ਧੱਸੇ ਪਏ ਨੇ। ਨਸ਼ਾ ਵੇਚਣ ਵਾਲੇ ਚਾਂਘਰਾਂ ਮਾਰਦੇ ਫਿਰਦੇ ਨੇ। ਇਨ੍ਹਾਂ ਨੂੰ ਕੋਈ ਹੱਥ ਨਹੀਂ ਪਾਉਂਦਾ। ਹੱਥ ਪਾਊਗਾ ਕੌਣ ? ਲੀਡਰਾਂ ਦੀ ਛਤਰ ਛਾਇਆ ਹੇਠ ਤਾਂ ਇਹ ਧੰਦਾ ਚਲਦੈ।" ਬਜ਼ੁਰਗ ਨੇ ਹੌਂਕਾ ਭਰਕੇ ਗੱਲ ਨੂੰ ਅਗਾਂਹ ਤੋਰਿਆ," ਆਲੇ-ਦੁਆਲੇ ਨਿਗ੍ਹਾ ਮਾਰ ਲਵੋ, ਲੀਡਰਾਂ ਦੀਆਂ ਕੋਠੀਆਂ 'ਚ ਤਾਂ ਗਲੀਚੇ ਵਿਛੇ ਨੇ, ਮਹਾਤੜਾਂ- ਤੁਮਾਤੜਾਂ ਦੇ ਘਰੇ ਵਿਛੇ ਨੇ ਸੱਥਰ।" ਸੱਥ ਵਿੱਚ ਸੰਨ੍ਹਾਟਾ ਜਿਹਾ ਛਾ ਗਿਆ। ਸਾਰਿਆਂ ਦੇ ਚਿਹਰੇ ਗੰਭੀਰ ਹੋ ਗਏ ਸਨ। ਸਮੁੱਚੇ ਪੰਜਾਬ ਦਾ ਉਦਾਸ ਚਿਹਰਾ ਉਨ੍ਹਾਂ ਦੇ ਸਾਹਮਣੇ ਆ ਗਿਆ ਸੀ। ਉਸ ਚੇਤੰਨ ਬਜ਼ੁਰਗ ਨੇ ਗਲ ਦੀ ਤੰਦ ਨੂੰ ਜੋੜਦਿਆਂ ਕਿਹਾ," ਤੁਹਾਨੂੰ ਛੋਟੀ ਜਿਹੀ ਕਹਾਣੀ ਸੁਣਾਉਂਦਾ ਹਾਂ। ਕਿਸੇ ਪਿੰਡ ਵਿੱਚ ਕੁੜੀ ਦਾ ਵਿਆਹ ਰੱਖਿਆ ਹੋਇਆ ਸੀ। ਦੋ ਦਿਨਾਂ ਤੱਕ ਬਰਾਤ ਆਉਣੀ ਸੀ। ਘਰ ਮੇਲ-ਗੇਲ ਆਇਆ ਹੋਇਆ ਸੀ। ਰਾਤ ਨੂੰ ਵਿਆਹ ਵਾਲੇ ਘਰ ਡਾਕੂ ਆ ਗਏ। ਬੰਦੂਕ ਦੀ ਨੋਕ ਤੇ ਵਿਆਹ ਵਾਲੀ ਕੁੜੀ ਦੇ ਗਹਿਣੇ, ਨਗਦ ਰਾਸ਼ੀ ਅਤੇ ਹੋਰ ਕੀਮਤੀ ਸਮਾਨ ਲੁੱਟ ਲਿਆ। ਜਾਣ ਵੇਲੇ ਡਾਕੂਆਂ ਨੇ ਵਿਆਹੁਲੀ ਕੁੜੀ ਦਾ ਸਿਰ ਪਲੋਸ ਕੇ ਉਸ ਨੂੰ 500 ਰੁਪਏ ਸ਼ਗਨ ਵਜੋਂ ਦੇ ਦਿੱਤੇ। ਸਵੇਰ ਵੇਲੇ ਜਦੋਂ ਪੁਲਿਸ ਪਹੁੰਚੀ ਤਾਂ ਘਰ ਦੇ ਜੀਅ ਕਹਿ ਰਹੇ ਸਨ," ਡਾਕੂ ਭਾਵੇਂ ਗਹਿਣੇ ਗੱਟੇ ਲੁੱਟ ਕੇ ਲੈ ਗਏ, ਪਰ ਚੰਗੇ ਬਹੁਤ ਸਨ। ਜਾਣ ਲੱਗਿਆਂ ਕੁੜੀ ਨੂੰ 500 ਰੁਪਏ ਸ਼ਗਨ ਦੇ ਕੇ ਗਏ ਨੇ।" ਇਹੀ ਹਾਲ ਸਾਡਾ ਹੈ। ਇਹ ਲੀਡਰ 5 ਸਾਲ ਸਾਨੂੰ ਲੁੱਟਦੇ ਨੇ। ਵੋਟਾਂ ਵੇਲੇ ਸ਼ਰਾਬਾਂ, ਭੁੱਕੀ , ਸਿਲਾਈ ਮਸ਼ੀਨਾਂ, ਭਾਂਡੇ, ਸਿਲੰਡਰ, ਆਟਾ-ਦਾਲ ਅਤੇ ਪੰਜ-ਚਾਰ ਸੋ ਰੁਪਏ ਨਗ਼ਦ ਦੇ ਕੇ ਸਾਨੂੰ ਮਗਰ ਲਾ ਲੈਂਦੇ ਨੇ। ਅਸੀਂ ਇਨ੍ਹਾਂ ਨੂੰ ਵੋਟਾਂ ਪਾ ਕੇ ਲੁੱਟਣ ਦਾ ਲਾਇਸੰਸ ਦੇ ਦਿੰਦੇ ਹਾਂ।" ਰਾਤ ਨੂੰ ਪਿੰਡ ਦਾ ਭਰਵਾਂ ਇਕੱਠ ਹੋਇਆ। ਨੌਜਵਾਨ ਵਰਗ, ਔਰਤਾਂ ਅਤੇ ਮਰਦਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਚੰਨਣ ਸਿੰਘ ਨੂੰ ਵਿਚਾਲੇ ਬਿਠਾ ਕੇ ਚੋਣਾਂ ਸਬੰਧੀ ਵਿਚਾਰ-ਵਟਾਂਦਰਾ ਸ਼ੁਰੂ ਹੋ ਗਿਆ। ਇਕੱਠ ਵਿੱਚ ਪਹਿਲਾਂ ਹੀ ਇਹ ਗਲ ਤੈਅ ਹੋ ਗਈ ਕਿ ਫੈਸਲਾ ਪਿੰਡ ਦੀ ਧੜੇਬੰਦੀ ਤੋਂ ਉੱਪਰ ਉੱਠ ਕੇ ਲੋਕ ਹਿੱਤ ਵਿੱਚ ਕੀਤਾ ਜਾਵੇਗਾ। ਜਦੋਂ ਲੋਕਾਂ ਨੇ ਉਸ ਸਿਆਣੇ ਬਜ਼ੁਰਗ ਚੰਨਣ ਸਿੰਘ ਨੂੰ ਆਪਣੀ ਗਲ ਰੱਖਣ ਲਈ ਕਿਹਾ ਤਾਂ ਉਸ ਨੇ ਆਪਣੀ ਚਿੱਟੀ ਦਾਹੜੀ ਤੇ ਹੱਥ ਫੇਰਦਿਆਂ ਗਲਾ ਸਾਫ ਕਰਦਿਆਂ ਕਿਹਾ," 32 ਕਿਸਾਨ ਜੱਥੇਬੰਦੀਆਂ ਵੱਲੋਂ ਕੀਤਾ ਇਤਿਹਾਸਕ ਘੋਲ ਤੁਹਾਡੇ ਸਾਹਮਣੇ ਹੈ । ਕਿਸਾਨ ਘੋਲ ਨੇ ਸਾਬਤ ਕਰ ਦਿੱਤੈ ਬਈ ਸਾਡੇ ਚੁਣੇ ਹੋਏ ਲੋਕ ਵੱਡੇ ਨਹੀਂ, ਚੁਣਨ ਵਾਲੇ ਵੱਡੇ ਨੇ। ਜੇਕਰ ਲੋਕਾਂ ਵਿੱਚ ਏਕਾ ਹੋਵੇ ਤਾਂ ਇਨ੍ਹਾਂ ਸਿਆਸੀ ਲੋਕਾਂ ਦੀਆਂ ਆਪ ਹੁਦਰੀਆਂ ਨੂੰ ਨੱਥ ਪਾਈ ਜਾ ਸਕਦੀ ਹੈ। ਲੋਕ-ਰੋਹ ਅਤੇ ਲੋਕਾਂ ਦੇ ਏਕੇ ਸਾਹਮਣੇ ਇਨ੍ਹਾਂ ਸਿਆਸੀ ਬੰਦਿਆਂ ਦੇ ਬਣਾਏ ਕਾਨੂੰਨਾਂ ਨੂੰ ਵੀ ਰੱਦ ਕਰਵਾਇਆ ਜਾ ਸਕਦਾ ਹੈ। ਕਿਸਾਨ ਅੰਦੋਲਨ ਜਿੱਥੇ ਲੋਕਾਂ ਦੇ ਏਕੇ ਕਾਰਨ ਸਫਲ ਰਿਹੈ, ਉਥੇ ਹੀ ਇਸ ਕਰਕੇ ਵੀ ਜਿੱਤ ਦੇ ਝੰਡੇ ਗੱਡੇ ਗਏ ਨੇ ਕਿ ਕਿਸਾਨ ਆਗੂਆਂ ਨੇ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੇੜੇ ਨਹੀਂ ਫਟਕਣ ਦਿੱਤੇ। ਜੇ ਕਿਤੇ ਉਹ ਵਿੱਚ ਵੜ ਜਾਂਦੇ ਤਾਂ ਉਨ੍ਹਾਂ ਨੇ ਸਿਆਸੀ ਲਾਹਾ ਲੈਣ ਲਈ ਅੰਦੋਲਨ ਨੂੰ ਤਾਰ-ਪੀਡੋ ਕਰ ਦੇਣਾ ਸੀ। ਹੁਣ ਵੋਟਾਂ ਵੇਲੇ ਵੀ ਅਸੀਂ ਇਨ੍ਹਾਂ ਦੀਆਂ ਲੁੰਬੜ ਚਾਲਾਂ ਵਿੱਚ ਆ ਕੇ ਮੁਫਤ ਖੋਰੇ ਨਾ ਬਣੀਏ। ਇਨ੍ਹਾਂ ਨੂੰ ਪੁੱਛੀਏ ਕਿ ਕੁਝ ਸਾਲਾਂ ਵਿੱਚ ਹੀ ਸੈਂਕੜੇ ਕੀਲੇ ਜ਼ਮੀਨ, ਪਟਰੌਲ ਪੰਪ, ਵੱਡੇ ਸ਼ਹਿਰਾਂ ਵਿੱਚ ਕੋਠੀਆਂ, ਫੈਕਟਰੀਆਂ, ਬੱਸਾਂ ਦਾ ਕਾਰੋਬਾਰ, ਕੇਬਲ ਕਾਰੋਬਾਰ ਦੇ ਧੰਦੇ ਅਮਰ ਬੇਲ ਦੀ ਤਰਾਂ ਕਿਵੇਂ ਵਧੇ ਫੁੱਲੇ ? ਜਿਹੜੇ ਕਰੋੜਾਂ ਰੁਪਏ ਹੁਣ ਵੋਟਾਂ ਤੇ ਖਰਚ ਕਰੋਂਗੇ, ਉਹ ਪੈਸਾ ਕਿੱਥੋਂ ਆਊ ? ਪਹਿਲਾਂ ਜਿਹੜੇ ਚੋਣਾਂ ਸਮੇਂ ਵਾਅਦੇ ਕੀਤੇ ਸੀ, ਉਨ੍ਹਾਂ ਦਾ ਕੀ ਬਣਿਆ ? ਲੋਕਾਂ ਦੀ ਕਿੰਨੀ ਕੁ ਸਾਰ ਲਈ ਐ ? ਇਹ ਸਵਾਲ ਪੁੱਛਣ ਦੇ ਨਾਲ ਨਾਲ ਇਹ ਵੀ ਪੁੱਛੋ ਕਿ ਜਿਹੜੇ ਵੱਡੇ ਵੱਡੇ ਰਿਆਇਤਾਂ ਦੇ ਐਲਾਨ ਹੁਣ ਕਰ ਰਹੇ ਹੋਂ, ਇਹ ਪਹਿਲਾਂ ਕਿਉਂ ਨਾ ਕੀਤੇ ? ਇਨ੍ਹਾਂ ਵਾਸਤੇ ਪੈਸਾ ਕਿੱਥੋਂ ਆਊ, ਪੰਜਾਬ ਤਾਂ ਪਹਿਲਾਂ ਹੀ 3 ਲੱਖ ਕਰੋੜ ਦਾ ਕਰਜ਼ਈ ਐ ?'' ਲੋਕਾਂ ਦੇ ਚਿਹਰਿਆਂ ਤੇ ਸੁਚੇਤ ਹੋਣ ਦੇ ਚਿੰਨ੍ਹ ਉੱਭਰ ਆਏ ਸਨ। ਆਪਸ ਵਿੱਚ ਵਿਚਾਰ ਵਟਾਂਦਰਾ ਕਰਕੇ ਲੋਕ ਉੱਠ ਖੜੋਤੇ। ਅਗਲੇ ਦਿਨ ਪਿੰਡ ਦੀ ਫਿਰਨੀ ਦੇ ਚਾਰੇ ਖੂੰਜਿਆਂ ਤੇ ਬੋਰਡ ਲਾ ਦਿੱਤੇ ਗਏ, ਜਿਨ੍ਹਾਂ ਉਪਰ ਲਿਖਿਆ ਸੀ," ਵੋਟਾਂ ਮੰਗਣ ਵਾਲੇ ਪਿਛਲੀਆਂ ਵੋਟਾਂ ਸਮੇਂ ਆਪਣੀ ਆਪਣੀ ਪਾਰਟੀ ਦੇ ਚੋਣ ਮੈਨੀਫੈਸਟੋ ਦੀ ਕਾਪੀ ਨਾਲ ਲੈ ਕੇ ਆਉਣ ਅਤੇ ਪਿੰਡ ਦੇ ਇਕੱਠ ਵਿੱਚ ਦੱਸਣ ਕਿ ਉਨ੍ਹਾਂ ਨੇ ਉਹ ਵਾਅਦੇ ਕਿੰਨ੍ਹੇ ਕੁ ਨਿਭਾਏ ਹਨ ? ਪੈਸੇ ਅਤੇ ਤੋਹਫੇ ਵੰਡਣ ਵਾਲੇ ਆਗੂਆਂ ਨੂੰ ਪਿੰਡ ਵਾਸੀਆਂ ਵੱਲੋਂ ' ਸ਼ਗਨ ' ਪਾਇਆ ਜਾਵੇਗਾ। ਪਿੰਡ ਵਾਲੇ ਵਿਕਾਊ ਨਹੀਂ ਹਨ।"

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



## ਫਿਲਮ ਨਗਰੀ ਦੀਆਂ ਪੁਰਾਣੀਆਂ ਯਾਦਾਂ

# ਸ਼ਤਰੰਜ ਕੇ ਖਿਲਾੜੀ (1977)



ਤਰਸੇਮ ਬਸ਼ਰ

ਅੱਜ ਜਿਸ ਫ਼ਿਲਮ ਦੀ ਚਰਚਾ ਕਰ ਰਹੇ ਹਾਂ ਉਹ ਹੈ ਸ਼ਤਰੰਜ ਕੇ ਖਿਲਾੜੀ ÷ ।ਇਸ ਫ਼ਿਲਮ ਦੇ ਨਿਰਦੇਸ਼ਕ ਸੱਤਿਆਜੀਤ ਰੇਅ ਸਨ ਤੇ ਇਹ ਕਹਾਣੀ ਇਸੇ ਨਾਂ ਤੇ ਮੁਨਸ਼ੀ ਪ੍ਰੇਮ ਚੰਦ ਵੱਲੋਂ ਲਿਖੀ ਗਈ ਸੀ ।ਸੱਤਿਆਜੀਤ ਰੇਅ ਨੂੰ ਹਿੰਦੀ ਫ਼ਿਲਮ ਜਗਤ ਵਿੱਚ ਸਰਵ ਸ੍ਰੇਸ਼ਟ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ ।ਉਨ੍ਹਾਂ ਦੀ ਇਸ ਫ਼ਿਲਮ ਵਿੱਚ ਮੁੱਖ ਭੂਮਿਕਾਵਾਂ ਸੰਜੀਵ ਕੁਮਾਰ ,ਸਈਦ ਜਾਫ਼ਰੀ ਅਮਜ਼ਦ ਖਾਨ ਰਿਚਰਡ ਐਟਨਬਰੋ (ਅੰਗਰੇਜ਼ ਅਧਿਕਾਰੀ) ਫ਼ਰੀਦਾ ਜਲਾਲ ਅਤੇ ਫਾਰੂਕ ਸ਼ੇਖ ਨੇ ਨਿਭਾਈਆਂ ਸਨ ।

ਇਸ ਫ਼ਿਲਮ ਨੂੰ ਵੀ ਚਰਚਾ ਮਿਲੀ ਸੀ ਤੇ ਮੁਨਸ਼ੀ ਪ੍ਰੇਮ ਚੰਦ ਦੀ ਇਹ ਕਹਾਣੀ ਵੀ ਬਹੁਤ ਚਰਚਿਤ ਸੀ ।ਕਹਾਣੀ ਦਰ ਅਸਲ ਐਸ਼ਪ੍ਰਸਤ ਬਾਦਸ਼ਾਹਾਂ ਤੇ ਉਨ੍ਹਾਂ ਦੇ ਅਧਿਕਾਰੀਆਂ ਦੀ ਹੋਣੀ ਬਾਰੇ ਹੈ ।1856 ਦੇ ਲਖਨਊ ਦਾ ਜ਼ਿਕਰ ਹੈ ਜਦੋਂ ਨਵਾਬ ਵਾਜਿਦ ਅਲੀ ਸ਼ਾਹ ਖ਼ੁਦ ਐਸ਼ਪ੍ਰਸਤੀ ਵਿੱਚ ਡੁੱਬਿਆ ਹੋਇਆ ਸੀ ਤੇ ਪਰਜਾ ਵੀ ਅੰਗਰੇਜ਼ਾਂ ਦੀਆਂ ਚੜ੍ਹ ਰਹੀਆਂ ਫ਼ੌਜਾਂ ਤੋਂ ਬੇਪ੍ਰਵਾਹ ਵਿਚਰ ਰਹੀ ਸੀ ..ਮੁਨਸ਼ੀ ਪ੍ਰੇਮ ਚੰਦ ਅਨੁਸਾਰ ਅੰਗਰੇਜ਼ ਫ਼ੌਜਾਂ ਅਬਦ ਵੱਲ ਵਧ ਰਹੀਆਂ ਸਨ ਤੇ ਨੇੜੇ ਸਨ ਪਰ ਨਵਾਬ ਸਮੇਤ ਪਰਜਾ ਵੀ ਬੇਪ੍ਰਵਾਹ ਬੇਫ਼ਿਕਰ ਸੀ ।

ਈਸਟ ਇੰਡੀਆ ਕੰਪਨੀ ਉਦੋਂ ਤਕ ਰਾਜਸ਼ਾਹੀ ਵਿਚ ਬਦਲ ਚੁੱਕੀ ਸੀ ।ਇਸ ਕਹਾਣੀ ਵਿਚ ਅਵਧ ਦੇ ਉਸ ਹਿੱਸੇ ਦਾ ਜ਼ਿਕਰ ਹੈ ਜੋ ਹਾਲੇ ਈਸਟ ਇੰਡੀਆ ਕੰਪਨੀ ਦੇ ਅਧੀਨ7 ਨਹੀਂ ਸੀ ਆਇਆ ਤੇ ਇਹ ਇਲਾਕਾ ਲਖਨਊ ਦਾ ਹੈ ਜਿਸ ਦਾ ਨਵਾਬ ਵਾਜਿਦ ਅਲੀ ਸ਼ਾਹ ਹੈ ।ਪਰ ਇਸ ਕਹਾਣੀ ਵਿੱਚ ਮੁੱਖ ਕਿਰਦਾਰ ਵਾਜਿਦ ਅਲੀ ਸ਼ਾਹ ਨਹੀਂ ਹੈ ਬਲਕਿ ਉਸ ਦੇ ਦੋ ਜ਼ਿਮੀਂਦਾਰ ਹਨ ।

ਇਹ ਜ਼ਿਮੀਂਦਾਰ ਹਨ ਮਿਰਜ਼ਾ ਸੈਯਾਦ ਅਤੇ ਮੀਰ ਰੌਸ਼ਨ ਅਲੀ । ਮਿਰਜ਼ਾ ਸੈਯਾਦ ਦੀ ਭੂਮਿਕਾ ਸੰਜੀਵ ਕੁਮਾਰ ਨੇ ਕੀਤੀ ਸੀ ਤੇ ਮੀਰ ਰੌਸ਼ਨ ਅਲੀ ਦੀ ਭੂਮਿਕਾ ਸਈਅਦ ਜਾਫਰੀ ਨੇ ।ਦੋਵੇਂ ਐਸ਼ਪ੍ਰਸਤ ਹਨ ਅਤੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਵਾਲੇ ਵੀ ।

ਉਨ੍ਹਾਂ ਨੂੰ ਸਮਾਜ ਅਤੇ ਦੇਸ਼ ਵਿੱਚ ਵਾਪਰ ਰਹੇ ਹਾਲਾਤਾਂ ਦੀ ਕੋਈ ਚਿੰਤਾ ਨਹੀਂ ਉਨ੍ਹਾਂ ਦਾ ਸ਼ੌਕ ਹੈ ਸ਼ਤਰੰਜ ਖੇਡਣਾ ।

ਸ਼ਤਰੰਜ ਦੀ ਬਾਜ਼ੀ ਚੱਲ ਪੈਂਦੀ ਹੈ ਤਾਂ ਉਨ੍ਹਾਂ ਨੂੰ ਕਿਸੇ ਚੀਜ਼ ਦੀ ਸੁਧ ਨਹੀਂ ਰਹਿੰਦੀ ।ਨਾ ਖਾਣ ਪੀਣ ਦੀ ਨਾ ਘਰ ਦੀ ਤੇ ਨਾ ਹੀ ਦੇਸ਼ ਦੇ ਵਿੱਚ ਵਧ ਰਹੇ ਅੰਗਰੇਜ਼ ਹਕੂਮਤ ਦੇ ਦਖ਼ਲ ਦੀ ।ਉਨ੍ਹਾਂ ਦੀ ਸ਼ਤਰੰਜ ਤੋਂ ਘਰ ਵਾਲੇ ਵੀ ਦੁਖੀ ਹਨ .....ਕਹਾਣੀ ਵਿੱਚ ਇਸਦਾ ਜ਼ਿਕਰ ਨਹੀਂ ਮਿਲਦਾ ਪਰ ਫ਼ਿਲਮ ਵਿੱਚ ਮਿਲਦਾ ਹੈ ਕਿ ਮਿਰਜ਼ਾ ਸਯਾਦ ਦੀ ਪਤਨੀ ਅਕੀਲ ਨੂੰ ਪਸੰਦ ਕਰਦੀ ਹੈ ।ਉਹ ਬਹੁਤ ਖ਼ੁਸ਼ੀ ਹੋਈ ਹੈ ਕਿ ਸਤਰੰਜ ਕਰਕੇ ਮਿਰਜ਼ਾ ਸਾਹਿਬ ਹਰ ਦਮ ਘਰੇ ਹੀ ਟਿਕੇ ਰਹਿੰਦੇ ਹਨ ।

ਸ਼ਤਰੰਜ ਦੀ ਬਾਜ਼ੀ ਅਕਸਰ ਮਿਰਜ਼ਾ ਸੱਯਾਦ ਦੇ ਘਰ ਲੱਗਦੀ ਹੈ ...ਇਸ ਬਾਜ਼ੀ ਦਾ ਕੋਈ ਵਕਤ ਮੁਕੱਰਰ ਨਹੀਂ ਹੈ ਇਹ ਲਗਾਤਾਰ ਚਲਦੀ ਰਹਿੰਦੀ ਹੈ ਤੇ ਨੌਕਰ ਪਰੇਸ਼ਾਨ ਹੁੰਦੇ ਰਹਿੰਦੇ ਹਨ ।

ਕੁੱਲ ਮਿਲਾ ਕੇ ਉਨ੍ਹਾਂ ਦੀ ਸ਼ਤਰੰਜ ਦੀ ਬਾਜ਼ੀ ਤੇ ਟੀਕਾ ਟਿੱਪਣੀਆਂ ਹੁੰਦੀਆਂ ਰਹਿੰਦੀਆਂ ਹਨ ।ਪਰ ਦੋਹਾਂ ਨੂੰ ਹੀ ਇਸ ਦੀ ਪਰਵਾਹ ਨਹੀਂ ਹੈ । ਇਕ ਦਿਨ ਮਿਰਜ਼ਾ ਸੱਯਾਦ ਦੇ ਘਰ ਇਕ ਅੰਗਰੇਜ਼ ਅਧਿਕਾਰੀ ਆਉਂਦਾ ਹੈ ।ਮਿਰਜ਼ਾ ਸੱਯਾਦ ਉਸ ਅਧਿਕਾਰੀ ਨੂੰ ਨਹੀਂ ਮਿਲਦਾ ਪਰ ਉਹ ਅਧਿਕਾਰੀ ਉਸ ਦੇ ਨੌਕਰ ਨੂੰ ਇਹ ਸੁਨੇਹਾ ਲਾ ਕੇ ਜਾਂਦਾ ਹੈ ਕਿ ਮਿਰਜ਼ਾ ਸਾਹਿਬ ਨੂੰ ਸ਼ਾਇਦ ਮੋਰਚੇ ਤੇ ਜਾਣਾ ਪਵੇ ...ਉਹ ਕੱਲ੍ਹ ਫਿਰ ਆਇਗਾ ਤੇ ਮਿਰਜ਼ਾ ਸੱਯਾਦ ਨੂੰ ਲੈ ਜਾਵੇਗਾ ।ਉਹ ਦੱਸਦਾ ਹੈ ਕਿ ਇਹ ਨਵਾਬ ਸਾਹਿਬ ਦੀ ਸਹਿਮਤੀ ਨਾਲ ਜਾਰੀ ਕੀਤਾ ਗਿਆ ਪ੍ਰਸ਼ਾਸਨਿਕ ਫ਼ੈਸਲਾ ਹੈ ।

ਮਿਰਜ਼ਾ ਸੈਯਾਦ ਐਸ਼ਪ੍ਰਸਤੀ ਦਾ ਜੀਵਨ ਜਿਉਂਦਿਆਂ ਹੁਣ ਇਸ ਹਾਲਤ ਵਿੱਚ ਨਹੀਂ ਕਿ ਉਹ ਕਿਸੇ ਤਰ੍ਹਾਂ ਦਾ ਜੋਖਮ ਲੈ ਲਵੇ ।ਉਹ ਚਿੰਤਾਵਾਂ ਚ ਘਿਰ ਜਾਂਦਾ ਹੈ ਉਸ ਨੂੰ ਪਤਾ ਹੈ ਕਿ ਉਹ ਹੁਣ ਇਸ ਤਰ੍ਹਾਂ ਦੀਆਂ ਮੁਹਿੰਮਾਂ ਵਿੱਚ ਨਹੀਂ ਜਾ ਸਕਦਾ...ਇਸ ਉਸ ਲਈ ਤਕਲੀਫ਼ ਦੇਹ ਹੈ ...ਦਰਅਸਲ ਉਹ ਲੜਾਈ ਦੇ ਨਾਂ ਤੋਂ ਹੀ ਡਰ ਰਿਹਾ ਹੈ ।

ਉਹ ਆਪਣੀ ਸਮੱਸਿਆ ਆਪਣੇ ਸ਼ਤਰੰਜ ਦੇ ਸਾਥੀ ਮੀਰ ਰੌਸ਼ਨ ਅਲੀ ਨੂੰ ਦੱਸਦਾ ਹੈ ।

ਮੀਰ ਰੋਸ਼ਨ ਅਲੀ ਉਸ ਤੋਂ ਵੀ ਵੱਡਾ ਐਸ਼ਪ੍ਰਸਤ ਜ਼ਿਮੀਂਦਾਰ ਹੈ ..ਉਸ ਦਾ ਵੀ ਬਹੁਤਾ ਜੀਅ ਸ਼ਤਰੰਜ ਦੀ ਬਾਜ਼ੀ ਖੇਡਦਿਆਂ ਹੀ ਪਰਚਦਾ ਹੈ ।ਮੀਰ , ਮਿਰਜ਼ਾ ਨੂੰ ਇੱਕ ਤਰਕੀਬ ਦੱਸਦਾ ਹੈ ।ਉਹ ਸੁਝਾਓ ਦਿੰਦਾ ਹੈ ਕਿ ਉਹ ਸਵੇਰੇ ਸਵੇਰੇ ਹੀ ਸ਼ਤਰੰਜ ਅਤੇ ਬਾਕੀ ਸਾਮਾਨ ਲੈ ਕੇ ਵੀਰਾਨੇ ਵਿਚ ਉਜਾੜ ਪਈ ਹੈ ਮਸਜਿਦ ਤੇ ਚਲੇ ਜਾਣਗੇ ਅਤੇ ਉਥੇ ਸ਼ਾਮ ਨੂੰ ਵਾਪਸ ਆਉਣਗੇ ਤਾਂ ਸਮੱਸਿਆ ਦਾ ਹੱਲ ਹੋ ਜਾਵੇਗਾ। ਨਾ ਮਿਰਜ਼ਾ ਸਾਹਿਬ ਘਰੇ ਮਿਲਣਗੇ ਨਾ ਹੀ ਕਿਤੇ ਜਾਣਾ ਪਵੇਗਾ

ਮੁਨਸ਼ੀ ਪ੍ਰੇਮ ਚੰਦ ਦਰਅਸਲ ਇੱਥੇ ਉਸ ਕਿਰਦਾਰ ਤੇ ਉਂਗਲ ਰੱਖਦੇ ਹਨ ਜੋ ਜ਼ਿੰਮੇਵਾਰ ਹੁੰਦਿਆਂ ਵੀ , ਕੌਮ ਤੇ ਦੇਸ਼ ਦੀ ਹੋਣੀ ਤੇ ਚਿੰਤਾਤੁਰ ਨਹੀਂ ।ਉਨ੍ਹਾਂ ਨੂੰ ਫਿਕਰ ਹੈ ਤਾਂ ਸਿਰਫ਼ ਆਪਣੀ ਐਸ਼ਪ੍ਰਸਤੀ ਅਤੇ ਸ਼ਤਰੰਜ ਖੇਡਣ ਦਾ .....ਉਂਜ ਪ੍ਰੇਮ ਚੰਦ ਇਸੇ ਕਿਰਦਾਰ ਰਾਹੀਂ ਹੀ ਇਹ ਵੀ ਬਾਖ਼ੂਬੀ ਦੱਸ ਦਿੰਦੇ ਹਨ ਜਿੱਥੇ ਅਜਿਹੇ ਸ਼ਾਸਕ ਹੋਣ ਉਸ ਕੌਮ ਹੋਣੀ ਕੀ ਹੋਣੀ ਹੈ ?

ਦੂਜੇ ਦਿਨ ਉਹ ਬੜੇ ਮਜ਼ੇ ਨਾਲ ਮਸਜਿਦ ਵਿੱਚ ਸ਼ਤਰੰਜ ਖੇਡ ਰਹੇ ਹੁੰਦੇ ਹਨ ।ਅਚਾਨਕ ਕਿਤੇ ਹਲਚਲ ਸ਼ੁਰੂ ਹੋ ਜਾਂਦੀ ਹੈ ।ਹਲਚਲ ਅੰਗਰੇਜ਼ ਫ਼ੌਜ ਦੀ ਹੈ ਜੋ ਭਾਰੀ ਗਿਣਤੀ ਵਿਚ ਲਖਨਊ ਵੱਲ ਵਧ ਰਹੀ ਹੈ ।ਉਸੇ ਦੁਪਹਿਰ ਪਤਾ ਲੱਗਦਾ ਹੈ ਕਿ ਅੰਗਰੇਜ਼ ਫ਼ੌਜ ਨੇ ਨਵਾਬ ਵਾਜਿਦ ਅਲੀ ਸ਼ਾਹ ਨੂੰ ਕੈਦ ਕਰ ਰਿਹਾ ਹੈ ਅਤੇ ਪੂਰੇ ਅਵਧ ਵਿਚ ਅੰਗਰੇਜ਼ ਹਕੂਮਤ ਨੇ ਆਪਣਾ ਰਾਜ ਸਥਾਪਤ ਕਰ ਲਿਆ ਹੈ ।

ਇਹ ਇਕ ਬਹੁਤ ਵੱਡੀ ਘਟਨਾ ਵਾਪਰ ਗਈ ਹੁੰਦੀ ਹੈ ਪਰ ਉਹ ਦੋਵੇਂ ਬੇਪਰਵਾਹੀ ਨਾਲ ਸ਼ਤਰੰਜ ਖੇਡਦੇ ਰਹਿੰਦੇ ਹਨ ।ਉਸ ਸ਼ਤਰੰਜ ਦੀ ਬਾਜ਼ੀ ਵਿਚ ਇਸ ਤਰ੍ਹਾਂ ਡੁੱਬ ਜਾਂਦੇ ਹਨ ਕਿ ਕਿਸੇ ਹੋਰ ਚੀਜ਼ ਦਾ ਉਨ੍ਹਾਂ ਨੂੰ ਇਲਮ ਨਹੀਂ ਹੈ ।

ਉਸ ਦਿਨ ਰੋਸ਼ਨ ਅਲੀ ਸ਼ਤਰੰਜ ਦੀਆਂ ਬਾਜ਼ੀਆਂ ਸਵੇਰ ਤੋਂ ਹਾਰ ਰਿਹਾ ਸੀ ।ਅਕਸਰ ਮੀਰ ਰੋਸ਼ਨ ਅਲੀ ਤੋਂ ਪਿੱਛੇ ਰਹਿਣ ਵਾਲਾ ਮਿਰਜ਼ਾ ਸੱਯਾਦ ਉਸ ਦਿਨ ਬਾਜ਼ੀਆਂ ਜਿੱਤ ਰਿਹਾ ਸੀ ਤੇ ਉਹ ਬਹੁਤ ਖੁਸ਼ ਸੀ । ਇਨ੍ਹਾਂ ਕਿ ਸ਼ਾਇਦ ਕੋਈ ਰਾਜ ਭਾਗ ਮਿਲ ਜਾਵੇ ਤਾਂ ਵੀ ਨਾ ਹੋਵੇ ।ਮੀਰ ਅਲੀ ਉਸ ਦਿਨ ਖਿਝਿਆ ਹੋਇਆ ਸੀ ।ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਮੋਹਰੇ ਅੱਜ ਉਸ ਨਾਲ ਵਫ਼ਾ ਕਿਉਂ ਨਹੀਂ ਕਰ ਰਹੇ ।

ਹੁਣ ਸ਼ਾਮ ਹੋ ਰਹੀ ਹੈ ...

.ਉਧਰ ਅਵਧ ਵਿੱਚ ਹਿੰਦੁਸਤਾਨੀ ਰਾਜ ਦੀ ਵੀ ਸ਼ਾਮ ਹੋ ਗਈ ਹੈ ..ਅੰਗਰੇਜ਼ ਹਕੂਮਤ ਦਾ ਸੂਰਜ ਚੜ੍ਹ ਗਿਆ ਹੈ ....

ਪਰ ਉਹ ਦੋਵੇਂ ਇਸ ਤੋਂ ਅਣਭਿੱਜ ਇੱਕ ਦੂਜੇ ਨੂੰ ਤਾਅਨੇ ਮਿਹਣੇ ਦੇਣ ਵਿੱਚ ਰੁੱਝੇ ਹੋਏ ਹਨ ।ਮਿਰਜ਼ਾ ਸੈਯਾਦ ਖ਼ੁਸ਼ੀ ਵਿੱਚ ਖੀਵਾ ਹੈ ਤੇ ਉਹ ਕਈ ਵਾਰ ਅਜਿਹੀਆਂ ਨਿੱਜੀ ਟਿੱਪਣੀਆਂ ਮੀਰ ਰੋਸ਼ਨ ਨੂੰ ਕਰ ਦਿੰਦਾ ਹੈ ਜਿਸ ਨਾਲ ਉਹ ਤਪ ਜਾਂਦਾ ਹੈ ।

ਮੀਰ ਰੋਸ਼ਨ ਅਲੀ ਸ਼ਤਰੰਜ ਵਿੱਚ ਹਾਰਨ ਕਾਰਨ ਪਹਿਲਾਂ ਹੀ ਖ਼ਫ਼ਾ ਹੈ ਉੱਤੋਂ ਇਹ ਟਿੱਪਣੀਆਂ ਸੁਣ ਕੇ ਉਹ ਨਫ਼ਰਤ ਨਾਲ ਭਰ ਜਾਂਦਾ ਹੈ ਉਹ ਵੀ ਮਿਰਜ਼ਾ ਸੱਯਾਦ ਨੂੰ ਨਿੱਜੀ ਟਿੱਪਣੀਆਂ ਕਰਕੇ ਬੇਇੱਜ਼ਤ ਕਰਨ ਦੀ ਕੋਸ਼ਿਸ਼ ਕਰਦਾ ਹੈ ...ਉਹ ਮਿਰਜ਼ਾ ਨੂੰ ਉਸ ਦੀ ਪਤਨੀ ਦੇ ਨਾਂ ਤੇ ਬੇਇੱਜ਼ਤ ਕਰਨ ਦਾ ਯਤਨ ਕਰਦਾ ਹੈ ।


ਮੁੱਦਾ ਦਰਅਸਲ ਸ਼ਤਰੰਜ ਵਿੱਚ ਹਾਰਨ ਦਾ ਹੀ ਹੈ ...ਪਰ ਹੁਣ ਇਹ ਲੜਾਈ ਵਿੱਚ ਬਦਲ ਚੁੱਕਿਆ ਹੈ ।ਦੋਵਾਂ ਕੋਲੇ ਹੀ ਲੜਨ ਵਾਲੇ ਹਥਿਆਰ ਹਨ ..ਉਹ ਆਪਸ ਵਿੱਚ ਲੜ ਵੀ ਪੈਂਦੇ ਹਨ ਅਤੇ ਇੱਕ ਦੂਜੇ ਨੂੰ ਛੁਰਾ ਮਾਰ ਕੇ ਡਿੱਗ ਪੈਂਦੇ ਹਨ ।ਕਹਾਣੀ ਵਿਚ ਦੋਵੇਂ ਮਰ ਵੀ ਜਾਂਦੇ ਹਨ ਪਰ ਫ਼ਿਲਮ ਵਿੱਚ ਇਹ ਸੰਕੇਤਕ ਤੌਰ ਤੇ ਹੀ ਦਿਖਾਇਆ ਗਿਆ ਹੈ ।

ਮੁਨਸ਼ੀ ਪ੍ਰੇਮ ਚੰਦ ਨੇ ਆਪਣੀ ਕਹਾਣੀ ਵਿੱਚ ਉਨ੍ਹਾਂ ਹਾਲਾਤਾਂ ਦਾ ਜ਼ਿਕਰ ਵੀ ਕੀਤਾ ਕਿ ਕਿਵੇਂ ਅੰਗਰੇਜ਼ ਕੰਪਨੀ ਅੰਗਰੇਜ਼ ਹਕੂਮਤ ਵਿਚ ਬਦਲ ਗਈ ।ਦੋਹੇਂ ਜ਼ਿਮੀਂਦਾਰ ਜਦੋਂ ਸ਼ਤਰੰਜ ਦੀ ਬਾਜ਼ੀ ਕਾਰਨ ਇੱਕ ਦੂਜੇ ਦੀ ਜਾਨ ਲੈ ਲੈਂਦੇ ਹਨ ....ਪਰ ਉਨ੍ਹਾਂ ਨੂੰ ਦੇਸ਼ ਵਿਚ ਅੰਗਰੇਜ਼ ਹਕੂਮਤ ਦਾ ਰਾਜ ਸਥਾਪਤ ਹੋਣ ਤੇ ਕੋਈ ਰੰਜ ਨਹੀਂ ।


ਇਹ ਕਹਾਣੀ ਮੁਨਸ਼ੀ ਪ੍ਰੇਮ ਚੰਦ ਹੋਰਾਂ ਦੀ ਦਲੇਰੀ ਦੀ ਪ੍ਰਤੀਕ ਵੀ ਹੈ ...ਉਨ੍ਹਾਂ ਨੇ ਬੜੀ ਦਲੇਰੀ ਨਾਲ ਉਹ ਹਾਲਾਤ ਬਿਆਨ ਕੀਤੇ ਜਿਨ੍ਹਾਂ ਕਾਰਨ ਇਕ ਵਪਾਰਕ ਕੰਪਨੀ ਪੂਰੀ ਹਕੂਮਤ ਵਿੱਚ ਬਦਲਦੀ ਚਲੀ ਗਈ ਸੀ ...ਦਰਅਸਲ ਹਾਲਾਤ ਹੀ ਨੀ ਬਿਆਨ ਕੀਤੇ ਉਨ੍ਹਾਂ ਨੇ ਉਸ ਕਿਰਦਾਰ ਤੇ ਵੀ ਉਂਗਲ ਚੁੱਕੀ ਜੋ ਐਸ਼ਪ੍ਰਸਤੀ ਵਿੱਚ ਰੁੱਝਿਆ ਹੋਇਆ ਸੀ ਜਿਸ ਨੂੰ ਭਵਿੱਖ ਬਾਰੇ ਕੋਈ ਇਲਮ ਅਤੇ ਫ਼ਿਕਰ ਨਹੀਂ ਸੀ ।

ਫਿਲਮ ਦੇਖਦਿਆਂ ਤੁਸੀਂ ਉਸ ਮੱਧ ਭਾਰਤ ਦੇ ਰੂਬਰੂ ਹੁੰਦੇ ਹੋ ਜਿਸ ਨੇ ਆਉਣ ਵਾਲੇ ਭਾਰਤ ਦੇ ਭਵਿੱਖ ਦਾ ਨਿਰਣਾ ਕਰਨਾ ਹੁੰਦਾ ਹੈ ।

ਜੇ ਤੁਹਾਨੂੰ ਪੁਰਾਤਨ ਸੱਭਿਆਚਾਰ ਵਿੱਚ ਦਿਲਚਸਪੀ ਹੈ ਨਵਾਬਾਂ ਦੀ ਜ਼ਿੰਦਗੀ ਵਿਚ ਦਿਲਚਸਪੀ ਹੈ ਇਤਿਹਾਸ ਵਿੱਚ ਰੁਚੀ ਹੈ ..ਤੁਸੀਂ ਕਲਾਤਮਕ ਕਿਰਤ ਪਸੰਦ ਕਰਦੇ ਹੋ ..ਤਾਂ ਇਹ ਫ਼ਿਲਮ ਤੁਹਾਡੇ ਦੇਖਣ ਲਈ ਇੱਕ ਵਧੀਆ ਫ਼ਿਲਮ ਹੈ ।




# ਕਿਸਾਨੀ ਅੰਦੋਲਨ ਨੇ ਧਰਮ ਅਤੇ ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਕੇ ਮਨੁੱਖੀ ਏਕਤਾ ਦੀ ਡੋਰ ਵਿੱਚ ਪਰੋਇਆ



ਹਰਭਜਨ ਸਿੰਘ ਚੇਰਾ
403 607 2814


ਸੱਚ,ਸਬਰ ਅਤੇ ਹੱਕ ਦੀ ਲੜਾਈ ਵਿੱਚ ਪਰਮਾਤਮਾਂ ਵੱਸਦਾ ਹੈ,ਇਸ ਲੜਾਈ ਨੂੰ ਜਿੱਤਣ ਲਈ ਹਥਿਆਰਾਂ ਜਾਂ ਹਿੰਸਕ ਘਟਨਾਵਾਂ ਦੀ ਲੋੜ ਨਹੀਂ,ਲੋੜ ਹੈ ਤਾਂ ਕੇਵਲ ਵਿਸ਼ਵਾਸ਼,ਸਵਰ ਅਤੇ ਦ੍ਰਿੜਤਾ ਦੀ।ਇਸ ਦਾ ਪ੍ਰਥੱਖ ਪਰਮਾਣ ਸਾਡੇ ਸ੍ਹਾਮਣੇ ਕ੍ਰਿਸਾਨੀ-ਮੋਰਚਾ ਹੈ।ਇਸ ਸ਼ੰਘਰਸ਼ ਨੇ ਭਾਰਤ ਵਿਚ ਹੀ ਨਹੀਂ ਬਲਕਿ ਸਮੂੱਚੇ ਸੰਸਾਰ ਅੰਦਰ ਇਤਹਾਸ ਕਾਇਮ ਕਰ ਦਿੱਤਾ,ਕਿਉਂਕਿ ਇਹ ਸੱਚ ਅਤੇ ਹੱਕ ਦੀ ਲੜਾਈ ਸੀ।ਇਹ ਲਿਖਣਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਅਜਿਹਾ ਅੰਦੋਲਨ ਦੁਨੀਆਂ ਵਿਚ ਪਹਿਲਾਂ ਕਦੇ ਦੇਖਣ ਵਿੱਚ ਨਹੀਂ ਆਇਆ। ਕ੍ਰਿਸਾਨਾਂ ਦਾ ਪਰਭਾਵ ਜੋ ਸੰਸਾਰ ਵਿੱਚ ਅਨ-ਪ੍ਰੜਤਾ ਨਾਲ ਜੋੜਿਆ ਹੋਇਆ ਸੀ,ਉਹ ਇਸ ਸੰਘਰਸ਼ ਨੇ ਪ੍ਰਤੱਖ ਕਰ ਦਿੱਤਾ ਕਿ ਕ੍ਰਿਸਾਨ ਅੰਨ-ਦਾਤਾ ਦੇ ਨਾਲ-ਨਾਲ ਸੂਝ ਅਤੇ ਦ੍ਰਿੜਤਾ ਦਾ ਵੀ ਮਾਲਕ ਹੈ ਜਿਸ ਦੁਆਰਾ ਇਹ ਜਿੱਤ ਪਰਾਪਤ ਹੋਈ। ਖੈਰ ਜੋ ਕੁੱਝ ਵੀ ਕੀਤਾ ਬੂਹਤ ਚੰਗਾ ਕੀਤਾ ਇਹ ਖਬਰ ਸਮੁੱਚੇ ਸੰਸਾਰ ਵਿਚ ਉਸੇ ਸਮੇਂ ਅੱਗ ਵਾਂਗ ਫੈਲ ਗਈ।ਇਸ ਲਈ ਇਸ ਖਬਰ ਤੋਂ ਮੁਨਕਿਰ ਹੋਣਾਂ ਸੌਖੀ ਗੱਲ ਨਹੀਂ ਹੋਵੇਗੀ। ਹਾਂ ਬਾਕੀ ਮੰਗਾਂ ਤੇ ਅੜਿੱਕਾ ਪਾ ਲਏ ਤਾਂ ਵੱਖਰੀ ਗਲ ਹੈ।ਪਰ ਅਸਾਰ ਕੁੱਝ ਚੰਗੇ ਨਜ਼ਰ ਆ ਰਹੇ ਹਨ,ਕਿਉਂਕਿ ਕ੍ਰਿਸਾਨਾਂ ਦੀ ਏਕਤਾ ਅਤੇ ਦ੍ਰਿੜਤਾ ਨੇ ਸਰਕਾਰ ਦੇ ਪੈਰ ਹਿਲਾ ਦਿੱਤੇ ਹਨ।ਇਸ ਅੰਦੋਲਨ ਨੇ ਸਮਾਜ ਨੂੰ ਬੂਹਤ ਕੁੱਝ ਦਿੱਤਾ,ਸਭ ਤੋਂ ਵੱਡੀ ਦੇਣ ਏਕਤਾ ਜਿਸ ਨੂੰ ਅਸੀਂ ਅੱਖੋਂ ਉਹਲੇ ਕਰ ਛੱਡਿਆ ਸੀ। ਏਕਤਾ ਇੱਕ ਬੂਹਤ ਵੱਡਾ ਹਥਿਆਰ ਹੈ ਜਿਸ ਅੱਗੇ ਬੜੀਆਂ-ਬੜੀਆਂ ਤਾਕਤਾਂ ਨੂੰ ਝੁੱਕਣਾਂ ਪੈ ਗਿਆ। ਏਕਤਾ ਦੇ ਜੋਸ਼ ਨੇ ਜੁਆਨੀ ਵਿੱਚ ਵੀ ਉਭਾਰ ਲੈ ਆਂਦਾ,ਜਿਸ ਜਵਾਨੀ ਨੂੰ ਨਸ਼ਿਆਂ ਦਾ ਕਲੰਕ ਲਾ ਕੇ ਬਦਨਾਮ ਕੀਤਾ ਹੋਇਆ ਸੀ,ਉਸ ਨੇ ਹਰਿਆਣਾ ਸਰਕਾਰ ਵੱਲੋਂ ਲਾਏ ਹੋਏ ਜੀ.ਟੀ ਰੋਡ ਤੇ ਬੜੇ-ਬੜੇ ਪੱਥਰਾਂ ਦੇ ਬੈਰੀਅਰ ਇਸ ਤਰ੍ਹਾਂ ਧੱਕ ਕੇ ਲਾਂਭੇ ਮਾਰੇ ਜਿਵੇਂ ਨ੍ਹੇਰੀ ਮੂਹਰੇ ਕੱਖ ਉੱਡ ਜਾਂਦੇ ਹਨ। ਇਹ ਏਕਤਾ ਦਾ ਜੋਸ਼ ਸੀ ਜਿਸ ਅੱਗੇ ਪਾਣੀਂ ਦੀਆਂ ਬੁਛਾੜਾ ਅਤੇ ਡਾਂਗਾ ਦੀ ਮਾਰ ਵੀ ਕੰਮ ਨਾ ਕਰ ਸਕੀ। ਅਹਿੰਸਾ ਅਤੇ ਦ੍ਰਿੜਤਾ ਨੇ ਤਾਂ ਜ੍ਹਲਿਆਂ ਵਾਲੇ ਬਾਗ਼ ਵਿੱਚ ਡਾਇਰ ਦੀਆਂ ਗੋਲੀਆਂ ਨੂੰ ਵੀ ਠੰਡਾ ਕਰ ਦਿੱਤਾ ਸੀ। ਕ੍ਰਿਸਾਨਾਂ ਨੇ ਉਸ ਵਿਸਰੀ ਹੋਈ ਵਿਰਾਸਤ ਨੂੰ ਅਪਨਾ ਕੇ ਫਿਰ ਪੰਜਾਬ ਦੇ ਗੱਭ੍ਰੂਆਂ ਵਿੱਚ ਉਹ ਰੂਹ ਫੂਕ ਦਿੱਤੀ। ਇਸ ਸੰਘਰਸ਼ ਦੀ ਚੜ੍ਹਦੀ-ਕਲਾ ਦਾ ਪਰਨਾਮ ਹੀ ਏਕਤਾ,ਦ੍ਰਿੜਤਾ,ਸਵਰ ਅਤੇ ਵਿਸ਼ਵਾਸ਼ ਹੈ। ਇਨਾਂ ਲੰਬਾ ਅਤੇ ਸ਼ਾਂਤ-ਮਈ ਢੰਗ ਨਾਲ ਲੱਖਾਂ ਦੀ ਗਿਣਤੀ ਨੂੰ ਸੰਭਾਲਣਾਂ ਅਸੰਭਵਤਾ ਦਾ ਪ੍ਰਤੀਕ ਹੈ। ਪਰ ਕ੍ਰਿਸਾਨਾਂ ਦੀ ਸੂਝ-ਬੂਝ ਨੇ ਇਸ ਅਸੰਭਵਤਾ ਨੂ ਸੰਭਵ ਬਣਾ ਦਿੱਤਾ। ਇਸ ਵਿਸ਼ਵਾਸ ਨੂੰ ਤੋੜਨ ਦੇ ਸਰਕਾਰ ਵੱਲੋਂ ਹਰ ਉਹ ਕੋਝੇ ਯਤਨ ਕੀਤੇ ਗਏ,ਜਿਨ੍ਹਾਂ ਨੂੰ ਕ੍ਰਿਸਾਨਾਂ ਦੀ ਸੂਝ-ਬੂਝ ਨੇ ਲਿਤਾੜ ਕੇ ਰੱਖ ਦਿੱਤਾ। ਕਿੰਨੀ ਅਸਚਰਜਤਾ ਵਾਲੀ ਗੱਲ ਹੈ ਕਿ ਇੱਕ ਪਾਸੇ ਉਹ ਸਰਕਾਰ ਦੇ ਭੇੜੀਏ ਬੇ-ਦੋਸ਼ਾਂ ਦੇ ਡਾਂਗਾਂ ਨਾਲ ਸਿਰ ਪਾੜ ਰਹੇ ਹਨ,ਦੂਜੇ ਪਾਸੇ ਉਨ੍ਹਾਂ ਨੂੰ ਹੀ ਗੁਰੂ ਦੇ ਸਿੰਘ ਲੰਗਰ ਛਕਾ ਰਹੇ ਹਨ। ਇੱਥੇ ਕੀ ਕਹੋਗੇ ਗੁਰੂ ਨਾਨਕ ਇਸ ਅੰਦੋਲਨ ਵਿੱਚ ਨਹੀਂ ਵਿਚਰ ਰਹੇ? ਭਾਈ ਘਨਈਏ ਦੀ ਉਸ ਵਿਰਾਸਤ ਨੂੰ ਮੁੜ ਨਹੀਂ ਜਗਾ ਦਿੱਤਾ? ਇਹ ਸਭ ਕ੍ਰਿਸਾਨਾਂ ਦੇ ਸਬਰ ਦਾ ਫਲ ਹੈ। ਘਰ ਬੈਠੇ ਸਾਡੇ ਵਰਗਿਆਂ ਦੀ ਸੋਚ ਬੜਾ ਕੁੱਝ ਕਹਿੰਦੀ ਰਹੀ ਇਨ੍ਹਾਂ ਨੂੰ ਇੱਟ ਦਾ ਜਬਾਬ ਪੱਥਰ ਨਾਲ ਦੇਣਾਂ ਚਾਹੀਦਾ,ਇਹੋ ਤਾਂ ਸਰਕਾਰ ਚਾਹੁੰਦੀ ਸੀ,ਪਰ ਸਲਾਮ ਹੈ ਕ੍ਰਿਸਾਨਾਂ ਦੀ ਸੋਚ ਨੂੰ ਜਿਨ੍ਹਾਂ ਨੇ ਅਜਿਹੇ ਅੰਸ਼ ਨੂੰ ਅੰਦੋਲਨ ਦਾ ਹਿੱਸਾ ਨਹੀਂ ਬਨਣ ਦਿੱਤਾ। ਜੇ ਬਣਿਆ ਵੀ ਤਾਂ ਉਸ ਨੂੰ ਨਿਖੇੜ ਕੇ ਬਾਹਰ ਮਾਰਿਆ,ਜਿਵੇ ਮੱਖਣ ਵਿੱਚੋਂ ਵਾਲ ਕੱਢ ਕੇ ਮਾਰੀਦਾ। ਜਿਵੇ 26 ਜਨਵਰੀ ਦੀ ਬਹੁਤ ਵੱਡੀ ਸਾਜਿਸ਼ ਸਰਕਾਰ ਵਲੋਂ ਕੀਤੀ ਗਈ।ਇਸੇ ਤਰ੍ਹਾਂ ਸਿੰਘੂ ਬਾਡਰ ਤੇ ਇੱਕ ਲੜਕੀ ਨੂੰ ਕੈਂਪ ਵਿਚ ਵਾੜ ਕੇ ਅੰਦੋਲਨ ਨੂੰ ਬਦਨਾਮ ਕਰਨ ਦਾ ਕੋਝਾ ਯਤਨ ਕੀਤਾ ਗਿਆ। ਨਿਹੰਗ-ਸਿੰਘਾਂ ਵਾਲੀ ਘਟਨਾਂ ਤੇ ਹੋਰ ਵੀ ਇਸ ਪਰਕਾਰ ਦੀਆਂ ਬੂਹਤ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਸਰਕਾਰ ਨੇ।ਪਰ ਸੱਚ,ਹੱਕ ਅਤੇ ਸਬਰ ਨੇ ਸਰਕਾਰ ਦੀ ਹਰ ਅਜਿਹੀ ਨੀਤੀ ਨੂੰ ਲਿਤਾੜ ਦਿੱਤਾ। ਸ਼ਰਧਾ,ਦ੍ਰਿੜਤਾ ਅਤੇ ਵਿਸ਼ਵਾਸ਼ ਦੀ ਹੋਂਦ ਜੋ ਇਸ ਸੰਘਰਸ਼ ਵਿੱਚ ਦੇਖੀ ਗਈ,ਉਹ ਬੇਮਸਾਲ ਹੈ।ਇੱਕ ਬਜ਼ੁਰਗ ਮੋਗੇ ਤੋਂ ਦਿੱਲੀ ਤੱਕ ਸਾਇਕਲ ਤੇ ਇਸ ਸੰਘਰਸ਼ ਦਾ ਹਿੱਸਾ ਬਨਣ ਲਈ ਤੁਰਿਆ। ਰਾਹ ਵਿੱਚ ਇੱਕ ਪੱਤਰ-ਕਾਰ ਨੇ ਇਸ ਬਜੁਰਗ ਤੋਂ ਪੁੱਛਿਆ " ਬਾਬਾ ਜੀ ਤੁਸੀਂ ਕਿੱਥੇ ਜਾ ਰਹੇ ਹੋ"? ਅੱਗੋਂ ਬਜ਼ੁਰਗ ਬੋਲੇ "ਮੈਂ ਦਿੱਲੀ ਅੰਦੋਲਨ ਵਿੱਚ ਸ਼ਾਮਲ ਹੋਣ ਚੱਲਿਆਂ ਸੁਣਿਆਂ ਉਥੇ ਬਾਬਾ ਨਾਨਕ ਆਪ ਲੰਗਰ ਵਰਤਾ ਰਿਹਾ ਹੈ "। ਦੇਖੋ ਇਸ ਬਜ਼ੁਰਗ ਦਾ ਜਵਾਬ,ਕਿੰਨੀ ਸ਼ਰਧਾ ਅਤੇ ਵਿਸ਼ਵਾਸ ਲੈ ਕੇ ਤੁਰਿਆ। ਇਸ ਸੰਘਰਸ਼ ਨੇ ਮਨੁੱਖਤਾ ਜਗਾ ਦਿੱਤੀ,ਵਿਰਾਸਤ ਤੇ ਚੱਲਣਾਂ ਸਿਖਾ ਦਿੱਤਾ ਅਤੇ ਜਾਗੁਰਤੀ ਲਿਆ ਦਿੱਤੀ। ਸਭ ਤੋਂ ਵੱਡੀ ਗੱਲ ਰਾਜਨੀਤਕ ਆਗੂਆਂ ਨੂੰ ਆਪਣੀ ਸੋਚ ਬਦਲਣ ਲਈ ਮਜਬੂਰ ਕਰ ਦਿੱਤਾ।ਭਾਵੇਂ ਉਹਨਾਂ ਲਈ ਉਹ ਸੋਚ ਬਦਲਣੀ ਸੰਭਵ ਨਹੀਂ,ਪਰ ਅਜਿਹੇ ਰਾਜਨੀਤਕ ਬੰਦਿਆਂ ਨੂੰ ਸੋਚਾਂ ਵਿੱਚ ਜਰੂਰ ਪਾ ਦਿੱਤਾ। ਇਸ ਸੰਘਰਸ਼ ਨੇ ਮਨੁੱਖਤਾ ਨੂੰ ਕਿਰੰਤਕ ਮੋੜ ਤੇ ਲਿਆ ਕੇ ਖੜਾ ਕਰ ਦਿੱਤਾ।ਜਿੱਥੇ ਵੀ ਸਰਕਾਰ ਨੇ ਕੋਈ ਪਾਬੰਦੀ ਲਾਈ ਉਸ ਪਾਬੰਦੀ ਨੂੰ ਨਹੀਂ ਤੋੜਿਆ ਬਲਕਿ ਉਸਦਾ ਹੱਲ ਕੱਢਿਆ।ਜਿਵੇਂ ਸੜਕ ਖਾਲੀ ਕਰਨ ਦਾ ਹੁਕਮ ਜਾਰੀ ਕਰ ਦਿੱਤਾ,ਉਸ ਹੁਕਮ ਦੀ ਤਾਮੀਲ ਕਰਦਿਆਂ ਹੋਇਆਂ ਸੜਕ ਖਾਲੀ ਕਰਕੇ ਕਾਫਲਾ ਸਾਇਡਾਂ ਤੇ ਬੈਠ ਗਿਆ ਅਤੇ ਨੌਜਵਾਨਾਂ ਨੇ ਟਰੈਫਿਕ ਲਈ ਵਾਲੰਟੀਅਰ ਦਾ ਕੰਮ ਕੀਤਾ।ਲੋਕਲ ਵੱਸਦੇ ਲੋਕ ਵੀ ਕ੍ਰਿਸਾਨਾਂ ਤੋਂ ਬੂਹਤ ਖੁਸ਼ ਸਨ,ਕਿਉਂਕਿ ਉਨ੍ਹਾਂ ਕੋਲ ਰਾਤ-ਦਿਨ ਰੌਣਕ ਅਤੇ ਅਤੁੱਟ ਲੰਗਰ ਵਰਤਦਾ ਸੀ।ਕਈ ਅਜਿਹੇ ਪਰਵਾਰ ਵੀ ਸਨ ਜਿਨ੍ਹਾਂ ਨੂੰ ਢਿੱਡ ਭਰ ਕੇ ਖਾਣ ਨੂੰ ਮਿਲਣ ਲੱਗ ਗਿਆ।ਇਸ ਅੰਦੋਲਨ ਦੀ ਵਲੱਖਣਤਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।ਸਥਾਨਿਕ ਵੱਸਦੇ ਲੋਕਾਂ ਨੇ ਕ੍ਰਿਸਾਨਾਂ ਲਈ ਆਪਣੇ ਘਰਾਂ ਦੇ ਦਰਵਾਜੇ ਖ੍ਹੋਲ ਦਿੱਤੇ ਹਰ ਕਿਸਮ ਦੀ ਸਹੂਲਤ ਲਈ।ਇੱਕ ਬਜ਼ੁਰਗ ਔਰਤ ਜੋ ਆਪਣੇ ਬੱਚੇ ਦੇ ਅਪਰੇਸ਼ਨ ਲਈ ਪਕੌੜੇ ਵੇਚ ਕੇ ਪੈਸੇ ਇਕੱਠੇ ਕਰ ਰਹੀ ਸੀ ਉਸ ਕੋਲ ਇੱਕ ਅਣਪਛਾਤਾ ਆਦਮੀ ਆਇਆ ਜਿਸ ਨੇ ਪਕੌੜੇ ਲਏ ਅਤੇ ਲਫਾਫੇ ਵਿੱਚ ਪਾ ਕੇ ਬੇਅੰਤ ਮਾਇਆ ਫੜਾ ਗਿਆ। ਉਸ ਬਜ਼ੁਰਗ ਨੂੰ ਇਹ ਔਰਤ ਦੇਖਦੀ ਹੀ ਰਹਿ ਗਈ ਉਸ ਆਦਮੀ ਦਾ ਪਤਾ ਹੀ ਨਹੀਂ ਲੱਗਿਆ ਭੀੜ ਵਿੱਚ ਕਿੱਧਰ ਚਲੇ ਗਿਆ,ਉਹ ਇਹੋ ਕਹਿੰਦੀ ਰਹੀ ਕਿ ਕੋਈ ਫਰਿਸ਼ਤਾ ਆਇਆ ਮੇਰੀ ਝੋਲੀ ਭਰ ਗਿਆ,ਅਜਿਹੇ ਕੌਤਕ ਵੀ ਇਸ ਅੰਦੋਲਨ ਵਿੱਚ ਵਰਤੇ। ਦਰਅਸਲ ਇਹ ਲੜਾਈ ਸੱਚ ਅਤੇ ਹੱਕ ਦੀ ਹੈ,ਇਸ ਵਿੱਚ ਕੋਈ ਰਾਜਨੀਤਕ ਚਲਾਕੀ ਨਹੀਂ ਬਲਕਿ ਸਮੁੱਚੇ ਸੰਸਾਰ ਦੇ ਕ੍ਰਿਸਾਨ ਦੇ ਹੱਕਾਂ ਦੀ ਲੜਾਈ ਹੈ,ਲੋਕ-ਤੰਤਰਤਾ ਦਾ ਇਜ਼ਹਾਰ ਹੈ।ਇਸ ਅੰਦੋਲਨ ਨੇ ਇਨ੍ਹਾਂ ਕਾਰਪੁਰੇਟ ਘਰਾਣਿਆਂ ਦੀ ਮਾਰ ਥੱਲੇ ਕੁਚਲੀ ਹੋਈ ਜੰਤਾ ਦੀ ਅਣਖ ਨੂੰ ਝੰਜੋੜਿਆ ਅਤੇ ਸੱਚ ਉੱਤੇ ਚੱਲਣ ਦਾ ਰਾਹ ਦਿਖਾਇਆ।

ਬੁਹਤ ਕੁੱਝ ਸਿਖਾਇਆ ਇਸ ਅੰਦੋਲਨ ਨੇ,ਰੱਬ ਕਰੇ ਇਸ ਅੰਦੋਲਨ ਦੀ ਜਿੱਤ ਤੇ ਉਪਰੰਤ ਸਮਾਜ ਵਿਚ ਬੁਹਤ ਤਬਦੀਲੀਆਂ ਆਉਣ ਦੀ ਸੰਭਾਵਨਾ ਹੈ। ਵਿਸ਼ੇਸ਼ ਕਰਕੇ ਦੁਰਾਚਾਰੀ ਰਾਜਨੀਤਕ ਢਾਂਚਾ ਅਤੇ ਭ੍ਰਿਸ਼ਟਾਚਾਰ ਨੇ ਜੋ ਜਾਲ ਵਿਛਾਇਆ ਹੋਇਆ ਸੀ,ਜਿਸ ਦੀਆਂ ਜੜ੍ਹਾਂ ਪਤਾਲ ਤੱਕ ਜੁੜੀਆਂ ਹੋਈਆਂ ਸਨ,ਉਨ੍ਹਾਂ ਨੂੰ ਅਜਿਹਾ ਅੰਦੋਲਨ ਹੀ ਉਖਾੜ ਸਕਦਾ ਹੈ। ਦਰਅਸਲ ਸੱਚ ਅਤੇ ਹੱਕ ਉੱਤੇ ਚੱਲਣਾਂ ਇੱਕ ਬੁਹਤ ਵੱਡੀ ਚਿਤਾਵਨੀ ਹੈ। ਇਹ ਮਾਰਗ ਬੁਹਤ ਵਿਖੜਾ ਹੈ,ਇਸ ਉੱਤੇ ਚੱਲਣ ਲਈ ਸਿਰ ਤਲੀ ਤੇ ਰੱਖਣਾਂ ਪੈਂਦਾ ਹੈ। ਸੱਚ ਨੂੰ ਕਹਿਣਾਂ ਵੀ ਬੜਾ ਕਠਨ ਅਤੇ ਸੁਨਣਾਂ ਉਸ ਤੋਂ ਵੀ ਵੱਧ। ਅਜਿਹੇ ਸੰਘਰਸ਼ ਵਿੱਚ ਰੱਬ ਵਸਦਾ ਹੈ,ਜਿਸਦਾ ਪਰਮਾਣ ਇਸ ਅੰਦੋਲਨ ਵਿਚੋਂ ਪ੍ਰਤੱਖ ਨਜ਼ਰ ਆ ਰਿਹਾ। ਸਭ ਤੋਂ ਵੱਡਾ ਸੰਦੇਸ਼ ਜੋ ਮਨੁੱਖਤਾ ਨੂੰ ਇਸ ਅੰਦੋਲਨ ਨੇ ਦਿੱਤਾ ਉਹ ਧਰਮ ਅਤੇ ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਕੇ ਏਕਤਾ ਦੀ ਡੋਰ ਵਿੱਚ ਪਰੋਇਆ।ਇਹ ਅੰਦੋਲਨ ਕੇਵਲ ਤੇ ਕੇਵਲ ਕ੍ਰਿਸਾਨੀ ਅੰਦੋਲਨ ਹੈ ਅਤੇ ਕ੍ਰਿਸਾਨ ਕੇਵਲ ਕ੍ਰਿਸਾਨ ਹੈ ਕਿਸੀ ਜਾਤ-ਪਾਤ ਦਾ ਮੁਹਤਾਜ ਨਹੀਂ ਬਲਕਿ ਸਾਰੇ ਧਰਮਾਂ ਦਾ ਮੁਹਤਾਜ ਹੈ।ਇਸੇ ਲਈ ਤਾਂ ਇਸ ਅੰਦੋਲਨ ਨੂੰ ਸਮੁੱਚੇ ਸੰਸਾਰ ਦਾ ਭਰਵਾਂ ਹੁੰਘਾਰਾ ਮਿਲਿਆ।

ਨਰਿੰਦਰ ਮੋਦੀ ਦੇਸ਼ ਦੇ ਪਰਧਾਨ ਮੰਤਰੀ ਨੇ ਜੋ ਕ੍ਰਿਸਾਨਾਂ ਦੇ ਤਿੰਨ ਕਾਨੂੰਨ ਵਾਪਸ ਲੈਣ ਦੀ ਅਨਾਉਂਸ ਮਿੰਟ ਕੀਤੀ ਸੀ, 29 ਨਵੰਬਰ 2021 ਨੂੰ ਸੰਸਦ ਦੇ ਇਜਲਾਸ ਵਿਚ ਪਹਿਲੇ ਦਿਨ ਹੀ ਉਹ ਤਿੰਨੋ ਕਾਲੇ ਕਾਨੂੰਨ ਵਾਪਸ ਲੈਣ ਦਾ ਮਤਾ,ਖੇਤੀ-ਬਾੜੀ ਮਨਿਸਟਰ ਨੇ ਪੇਸ਼ ਕੀਤਾ ਅਤੇ ਸਰਬ-ਸੰਪਤੀ ਨਾਲ ਪਾਸ ਹੋ ਗਿਆ। ਇਥੇ ਦੇਖਣ ਵਾਲੀ ਗੱਲ ਹੈ ਕਿ ਵਿਰੋਧੀਆਂ ਨੇ ਸੰਸਦ ਵਿੱਚ ਹੱਲਾ ਮਚਾ ਦਿੱਤਾ ਕਿ ਇਸ ਬਿਲ ਉੱਤੇ ਚਰਚਾ ਕਿਉਂ ਨਹੀਂ ਹੋਈ।ਕਿੰਨੀ ਹਾਸੋ-ਹੀਣੀ ਗਲ ਹੈ ਜਦ ਇਹ ਬਿੱਲ ਪਾਸ ਹੀ ਕਰ ਦਿੱਤਾ ਤਾਂ ਇਸ ਉੱਤੇ ਚਰਚਾ ਕਿਸ ਗੱਲ ਦੀ ਹੋਣੀ ਚਾਹੀ ਦੀ। ਵਿਰੋਧੀ-ਧਿਰ ਦਾ ਇਹ ਮਤਲਬ ਨਹੀਂ ਕਿ ਹਰ ਗੱਲ ਤੇ ਵਿਰੋਧ ਕਰੀ ਜਾਣਾਂ। ਜੇ ਕੋਈ ਚੰਗੀ ਗੱਲ ਹੁੰਦੀ ਹੈ ਤਾਂ ਉਸ ਦੀ ਪਰਸੰਸਾ ਕਰਨੀ ਵੀ ਜਰੂਰੀ ਹੁੰਦੀ ਹੈ।ਪਰ ਇੱਥੇ ਹਰੇਕ ਗੱਲ ਵਿੱਚ ਮੈਂ ਅਤੇ ਹੰਕਾਰ ਹੈ ਇਹੋ ਗੱਲ ਹੈ ਕਿ ਸਾਡੀ ਰਾਜ-ਨੀਤੀ ਵਿੱਚ ਨਿਖਾਰ ਨਹੀਂ। ਸਾਲ ਦੀ ਤਪੱਸਿਆ ਤੋਂ ਉਪਰੰਤ ਜੇ ਕਿਸਾਨਾਂ ਦੀ ਇਹ ਮੁੱਖ ਮੰਗ ਮੰਨੀ ਗਈ ਤਾਂ ਕ੍ਰਿਸਾਨ ਇਸ ਜਿੱਤ ਤੋਂ ਵਧਾਈ ਦੇ ਪਾਤਰ ਹਨ ਅਤੇ ਸਰਕਾਰ ਨੂੰ ਵੀ ਇਹ ਜਿੱਦ ਤੋੜਨ ਤੇ ਮੁਬਾਰਕਾਂ ਹਨ।ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਏ ਤਾਂ ਸਿਆਣੇ ਆਖਦੇ ਹਨ ਉਹ ਭੁੱਲਿਆ ਨਹੀਂ ਹੁੰਦਾ। ਕ੍ਰਿਸਾਨੀ ਆਗੂਆਂ ਨੂੰ ਵੀ ਹੁਣ ਚਾਹੀਦਾ ਹੈ ਕਿ ਬੈਠ ਕੇ ਅਗਲੀ ਰਾਜ-ਨੀਤੀ ਉੱਤੇ ਵਿਚਾਰ-ਵਟਾਂਦਰਾ ਕਰਨ। ਇਸੇ ਤਰ੍ਹਾਂ ਬਾਕੀ ਰਹਿੰਦੀਆਂ ਮੰਗਾਂ ਵੀ ਜੇ ਸਰਕਾਰ ਪੂਰੀਆਂ ਕਰ ਦਿੰਦੀ ਹੈ ਤਾਂ ਇਸ ਵਿੱਚ ਸਰਕਾਰ ਦੀ ਹਾਨੀ ਨਹੀਂ ਬਲਕਿ ਉਸਤਤਿ ਹੈ।ਦੇਸ਼ ਦੀ ਆਜ਼ਾਦੀ ਦੇ ਪਰਵਾਨਿਆਂ ਨੂੰ ਅਪਣੇ ਦਿਲ ਵਿੱਚ ਰੱਖੋਗੇ ਤਾਂ ਹਮੇਸ਼ਾਂ ਦੇਸ਼ ਉੱਨਤੀ ਵਲ ਹੀ ਜਾਏ ਗਾ।

**ਕਿਸਾਨ ਅੰਦੋਲਨ ਸਬੰਧੀ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਜੋ ਲੜੀਵਾਰ ਸੁਰੂ ਕੀਤਾ ਸੀ ਕਿਸਾਨ ਅੰਦੋਲਨ ਦੀ ਸਮਾਪਤੀ ਹੋ ਜਾਣ ਕਾਰਣ ਅਸੀਂ ਉਸ ਨੂੰ ਇੱਥੇ ਹੀ ਛਾਪਣਾ ਬੰਦ ਕਰਦੇ ਹਾਂ ਕਿਉਂਕਿ ਚੇੜਾ ਸਾਹਿਬ ਦੀ ਇਹ ਸਮੁੱਚੀ ਲਿਖਤ ਛੇਤੀ ਹੀ ਕਿਤਾਬ ਦੇ ਰੂਪ ਵਿੱਚ ਤੁਹਾਡੇ ਹੱਥਾਂ ਵਿੱਚ ਹੋਵੇਗੀ , ਕਿਸਾਨ ਅੰਦੋਲਨ ਦੀ ਸਮਾਪਤੀ ਉਪਰੰਤ ਚੇੜਾ ਸਾਹਿਬ ਦਾ ਇਹ ਆਖਰੀ ਕਾਲਮ ਪੰਜਾਬੀ ਪਾਠਕਾਂ ਦੀ ਨਜ਼ਰ ਹੈ।**

# ਰਸਾਤਲ ਵੱਲ ਜਾਂਦੀ ਭਾਰਤੀ ਜਮਹੂਰੀਅਤ



-ਸ਼ਿਵਕਾਂਤ ਸ਼ਰਮਾ

ਫਰੀਡਮ ਹਾਊਸ ਨਾਂ ਦੀ ਸੰਸਥਾ ਅਨੁਸਾਰ ਪਿਛਲੇ ਸਾਲ ਦੁਨੀਆ ਦੇ 73 ਦੇਸ਼ਾਂ 'ਚ ਜਮਹੂਰੀਅਤ ਕਮਜ਼ੋਰ ਪਈ। ਇਨ੍ਹਾਂ 'ਚ ਦੁਨੀਆ ਦਾ ਸਭ ਤੋਂ ਪੁਰਾਣਾ ਲੋਕਤੰਤਰ ਅਮਰੀਕਾ ਤੇ ਸਭ ਤੋਂ ਵੱਡਾ ਲੋਕਤੰਤਰ ਭਾਰਤ ਦੋਵੇਂ ਸ਼ਾਮਲ ਸਨ। ਇਸ ਸਾਲ ਲੋਕਤੰਤਰ ਦੇ ਨਿਵਾਣਾਂ ਵੱਲ ਜਾਣ ਦੀ ਰਫ਼ਤਾਰ ਹੋਰ ਤੇਜ਼ ਹੋਈ। ਮਿਆਂਮਾਰ ਤੇ ਸੂਡਾਨ 'ਚ ਲੋਕਤੰਤਰ ਲਈ ਅੰਦੋਲਨ ਕਰਨ ਵਾਲਿਆਂ ਨੂੰ ਜਲਾਵਤਨੀ, ਸਜ਼ਾ ਤੇ ਮੌਤ ਦਾ ਸਾਹਮਣਾ ਕਰਨਾ ਪਿਆ। ਹਾਂਗਕਾਂਗ ਦੀ ਖ਼ੁਦਮੁਖਤਿਆਰੀ ਨੂੰ ਨੱਥ ਪਾਈ ਗਈ। ਤਾਈਵਾਨ ਦੇ ਆਸਮਾਨ 'ਤੇ ਚੀਨੀ ਜਹਾਜ਼ ਮੰਡਰਾ ਰਹੇ ਹਨ ਤੇ ਰੂਸੀ ਫ਼ੌਜਾਂ ਯੂਕ੍ਰੇਨ ਦੇ ਦਰਵਾਜ਼ੇ 'ਤੇ ਦਸਤਕ ਦੇ ਰਹੀਆਂ ਹਨ।

ਅਸੀਂ ਕਹਿ ਸਕਦੇ ਹਾਂ ਕਿ ਤਾਨਾਸ਼ਾਹੀ ਤਾਕਤਾਂ ਲੋਕਤੰਤਰ 'ਤੇ ਹਾਵੀ ਹੁੰਦੀਆਂ ਜਾ ਰਹੀਆਂ ਹਨ। ਦੂਜੇ ਨਜ਼ਰੀਏ ਤੋਂ ਦੇਖੀਏ ਤਾਂ ਲੋਕਤੰਤਰ ਦਾ ਠੱਪਾ ਸੱਤਾ ਦੀ ਵਿਧਾਨਕਤਾ ਤੇ ਸੁਸ਼ਾਸਨ ਦਾ ਦੂਜਾ ਨਾਂ ਬਣ ਚੁੱਕਿਆ ਹੈ। ਤਾਨਾਸ਼ਾਹ ਦੇਸ਼ ਵੀ ਆਪਣੀ ਵਿਵਸਥਾ ਨੂੰ ਜਮਹੂਰੀ ਸਿੱਧ ਕਰਨ 'ਚ ਜੁਟੇ ਹਨ। ਇਕਦਲੀ ਸ਼ਾਸਨ ਵਾਲੇ ਚੀਨ ਨੇ ਦਾਅਵਾ ਕੀਤਾ ਹੈ ਕਿ ਚੀਨ ਦੀ ਪੀਪਲਜ਼ ਕਾਂਗਰਸ ਦੀਆਂ ਚੋਣਾਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਚੋਣਾਂ ਹੁੰਦੀਆਂ ਹਨ। ਇਸ ਲਈ ਚੀਨ ਦੁਨੀਆ ਦਾ ਸਭ ਤੋਂ ਵੱਡਾ ਤੇ ਸਥਿਰ ਲੋਕਤੰਤਰ ਹੈ, ਜਿਸ 'ਚ ਭਾਰਤ ਜਿਹੀ ਅਰਾਜਕਤਾ ਤੇ ਸਥਿਰਤਾ ਨਹੀਂ ਹੈ। ਰੂਸ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਬਹੁਦਲੀ ਲੋਕਤੰਤਰ ਹੈ। ਈਰਾਨ ਵੀ ਬਹੁਦਲੀ ਲੋਕਤੰਤਰ ਹੋਣ ਦਾ ਦਾਅਵਾ ਕਰ ਸਕਦਾ ਹੈ ਯਾਨੀ ਲੋਕਤੰਤਰ 'ਤੇ ਦੋਤਰਫ਼ਾ ਹਮਲਾ ਹੋ ਰਿਹਾ ਹੈ।

ਜਿੱਥੇ ਲੋਕਤੰਤਰ ਹੈ, ਉੱਥੇ ਪਹਿਲਾਂ ਸੱਤਾ ਹਥਿਆਉਣ ਤੇ ਫਿਰ ਉਸ 'ਤੇ ਕਾਬਜ਼ ਰਹਿਣ ਲਈ ਤਾਨਾਸ਼ਾਹੀ, ਧਰੁਵੀਕਰਨ ਅਤੇ ਪ੍ਰਗਟਾਵੇ 'ਤੇ ਰੋਕ ਲਾਉਣ ਜਿਹੇ ਹੱਥਕੰਡੇ ਅਪਣਾਏ ਜਾ ਰਹੇ ਹਨ। ਜਿੱਥੇ ਲੋਕਤੰਤਰ ਨਹੀਂ ਹੈ, ਉੱਥੇ ਤਾਨਾਸ਼ਾਹੀ ਨੂੰ ਜਾਇਜ਼ ਠਹਿਰਾਉਣ ਲਈ ਉਸ ਨੂੰ ਜਮਹੂਰੀਅਤ ਦੇ ਸਥਾਨਕ ਤੇ ਜ਼ਿਆਦਾ ਢੁੱਕਵੇਂ ਰੂਪ 'ਚ ਪੇਸ਼ ਕਰ ਕੇ ਦੁਨੀਆ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਲਗਾਤਾਰ ਪੰਜਵਾਂ ਸਾਲ ਹੈ ਜਦੋਂ ਲੋਕਤੰਤਰ ਵੱਲ ਵਧਣ ਵਾਲੇ ਦੇਸ਼ਾਂ ਦੇ ਮੁਕਾਬਲੇ ਤਾਨਾਸ਼ਾਹੀ ਕੀਤੀ ਤੇ ਜਮਹੂਰੀਅਤ ਦੀ ਅਣਦੇਖੀ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਜ਼ਿਆਦਾ ਰਹੀ। ਇਸ ਸੂਰਤ 'ਚ ਲੋਕਤੰਤਰ 'ਤੇ ਆਲਮੀ ਸਿਖਰ ਸੰਮੇਲਨ ਦਾ ਵਿਚਾਰ ਬੁਰਾ ਨਹੀਂ ਸੀ ਪਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਲਈ ਜਿਸ ਤਰ੍ਹਾਂ ਕੁਝ ਦੇਸ਼ਾਂ ਨੂੰ ਸੱਦਾ ਭੇਜਿਆ ਤੇ ਕੁਝ ਨੂੰ ਨਹੀਂ ਤਾਂ ਉਸ 'ਤੇ ਸਵਾਲ ਉੱਠਣੇ ਸੁਭਾਵਿਕ ਸਨ। ਲੋਕਤੰਤਰ ਦੇ ਮੰਚ 'ਤੇ ਅਮਰੀਕੀ ਲੀਡਰਸ਼ਿਪ ਦੇ ਉੱਚਿਤ ਹੋਣ ਸਬੰਧੀ ਵੀ ਸਵਾਲ ਉੱਠਣਾ ਲਾਜ਼ਮੀ ਹੈ ਕਿਉਂਕਿ ਇਕ ਤੋਂ ਬਾਅਦ ਇਕ ਅਮਰੀਕੀ ਰਾਜ ਵੋਟਿੰਗ ਦੇ ਅਧਿਕਾਰਾਂ 'ਤੇ ਰੋਕ ਲਾਉਂਦੇਜਾ ਰਹੇ ਹਨ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੀਆਂ ਚੋਣਾਂ 'ਚ ਨਾ ਸਿਰਫ਼ ਆਪਣੀ ਹਾਰ ਮੰਨਣ ਤੋਂ ਇਨਕਾਰ ਕੀਤਾ ਸਗੋਂ ਸੱਤਾ ਦੀ ਸ਼ਾਂਤੀਪੂਰਨ ਤਬਦੀਲੀ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਇਸ ਲੋਕਤੰਤਰ ਸਿਖਰ ਸੰਮੇਲਨ 'ਚ ਭਾਗ ਲੈਣ ਵਾਲੇ ਦੇਸ਼ਾਂ ਨੇ ਤਿੰਨ ਟੀਚਿਆਂ 'ਤੇ ਠੋਸ ਪ੍ਰਤੀਬੱਧਤਾ ਪ੍ਰਗਟ ਕਰਨੀ ਸੀ : ਤਾਨਾਸ਼ਾਹੀ ਪ੍ਰਵਿਰਤੀ ਨੂੰ ਰੋਕਣਾ, ਭ੍ਰਿਸ਼ਟਾਚਾਰ ਮਿਟਾਉਣਾ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਤਿੰਨੋਂ ਟੀਚਿਆਂ 'ਤੇ ਕੁਝ ਵਚਨ ਦੇਣ ਜਾਂ ਜਿਨ੍ਹਾਂ ਗੱਲਾਂ ਨੂੰ ਲੈ ਕੇ ਭਾਰਤ ਦੀ ਆਲੋਚਨਾ ਹੋ ਰਹੀ ਹੈ, ਉਨ੍ਹਾਂ 'ਤੇ ਕੁਝ ਕਹਿਣ ਦੀ ਬਜਾਏ ਭਾਰਤ ਦੇ ਜਨ- ਜਨ 'ਚ ਵਸੀ ਲੋਕਤੰਤਰ ਦੀ ਭਾਵਨਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਤੇ ਪ੍ਰਸ਼ਾਸਨ ਦੇ ਹਰ ਖੇਤਰ 'ਚ ਡਿਜੀਟਲ ਹੱਲ ਜ਼ਰੀਏ ਪਾਰਦਰਸ਼ਿਤਾ ਲਿਆਉਣ ਦੇ ਕੰਮ 'ਚ ਆਪਣੀ ਮੁਹਾਰਤ ਸਾਂਝਾ ਕਰਨ ਲਈ ਤਿਆਰ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਲੋਕਤੰਤਰ ਲਈ ਸਿਰਫ਼ ਆਜ਼ਾਦ ਤੇ ਨਿਰਪੱਖ ਚੋਣਾਂ ਹੀ ਕਾਫ਼ੀ ਨਹੀਂ ਹਨ। ਉਸ ਲਈ ਨਿਆਂਪਾਲਿਕਾ ਦੀ ਆਜ਼ਾਦੀ, ਸਿਆਸੀ ਤੇ ਨਾਗਰਿਕ ਆਜ਼ਾਦੀ ਤੇ ਮੀਡੀਆ ਦੀ ਆਜ਼ਾਦੀ ਜਿਹੇ ਹੋਰ ਤੱਤਾਂ ਦਾ ਹੋਣਾ ਵੀ ਜ਼ਰੂਰੀ ਹੈ। ਆਜ਼ਾਦ ਤੇ ਨਿਰਪੱਖ ਚੋਣਾਂ ਦਾ ਦਾਅਵਾ ਤਾਂ ਸਿੰਗਾਪੁਰ, ਚੀਨ, ਈਰਾਨ ਤੇ ਰੂਸ ਜਿਹੇ ਦੇਸ਼ ਵੀ ਕਰ ਸਕਦੇ ਹਨ, ਜਿੱਥੇ ਜਾਂ ਤਾਂ ਇਕ ਹੀ ਪਾਰਟੀ ਹੈ ਜਾਂ ਇਕ ਤੋਂ ਜ਼ਿਆਦਾ ਪਾਰਟੀ ਹੋਣ ਦੀ ਸਥਿਤੀ 'ਚ ਚੋਣਾਂ 'ਚ ਹਿੱਸੇਦਾਰੀ ਲਈ ਸਰਵਉੱਚ ਸੱਤਾ ਦੀ ਇਜਾਜ਼ਤ ਜ਼ਰੂਰੀ ਹੈ। ਭਾਰਤ 'ਚ ਪੰਚਾਇਤ ਚੋਣਾਂ ਨੂੰ ਛੱਡ ਦੇਈਏ ਤਾਂ ਹੋਰ ਚੋਣਾਂ 'ਚ ਉਮੀਦਵਾਰਾਂ ਦੀ ਚੋਣ ਪਾਰਟੀ ਹਾਈਕਮਾਂਡ ਹੀ ਕਰਦੀ ਹੈ। ਇਨ੍ਹਾਂ 'ਚੋਂ ਵੀ ਜ਼ਿਆਦਾਤਰ ਪਾਰਟੀਆਂ ਖ਼ਾਨਦਾਨੀ ਜਾਗੀਰ ਦੀ ਤਰ੍ਹਾਂ ਜਾਂ ਵੰਸ਼ਵਾਦ ਦੇ ਦਮ 'ਤੇ ਚੱਲ ਰਹੀਆਂ ਹਨ। ਇਸ ਲਈ ਹਾਈਕਮਾਂਡ ਦਾ ਮਤਲਬ ਨੇਤਾ, ਉਸ ਦਾ ਕੁਨਬਾ ਜਾਂ ਉਨ੍ਹਾਂ ਦੀ ਕ੍ਰਿਪਾ ਦੇ ਪਾਤਰ ਹੁੰਦੇ ਹਨ।

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ• ਡਰਾਈਵਾਲ• ਟੇਪਿੰਗ• ਬਲੋ ਇੰਸੂਲੇਸ਼ਨ• ਟੈਕਸਚਰਿੰਗ•
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com


ਨਵੇਂ ਸਾਲ ਦੀਆਂ
ਲੱਖ ਲੱਖ ਵਧਾਈਆਂ
GEORGE CHAHAL
MEMBER OF PARLIAMENT,
CALGARY SKYVIEW
Constituency Office
Suite 101, 2635 - 37th Avenue NE
Calgary, Alberta, T1Y 5Z6
Phone: 403 291 0018
Parliament Hill Office
Confederation Building, Room 807
229 Wellington St Ottawa, ON K1A 0A6


ਨਵੇਂ ਸਾਲ ਦੀਆਂ
ਬਹੁਤ ਬਹੁਤ ਵਧਾਈਆਂ
Happy New Year
Honorable Rajan Sawhney
MLA Calgary-North East, Minister of Transportation
#1080, 11124-36th St NE Calgary, AB T3N 1L3
Ph: (587) 318-2946
Calgary.Northeast@assembly.ab.ca


JHH TRANSPORT PRESENTS
JHH TRANSPORT
THE FOLK TURBANATORS
Welcome 2022 & Poster Launch Event. On 8th January 2022, 5:30 pm
at Rajveer Banquet Hall, Calgary. Tickets $45 (Dinner included).
For tickets and sponsorship contact:
Gursharan Jassar 306-203-9805 & S.Timmy 403-992-8192


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)



Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ


ਕੁਆਲਿਕੋ ਪਰਿਵਾਰ ਵੱਲੋਂ ਆਪ ਸਭ ਨੂੰ
ਛੁੱਟੀਆਂ ਮੁਬਾਰਕ
Ambleton
DAWSON'S LANDING
CHESTERMERE
REDSTONE
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities


SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


CALGARY POLICE SERVICE
ਆਓ ਸਾਡੇ ਨਾਲ ਸਾਡੇ ਭਾਈਚਾਰੇ ਦੀ ਸੇਵਾ ਕਰੋ!
ਸਾਡੇ ਅਫਸਰਾਂ ਨੂੰ ਚੰਗੀ ਤਨਖਾਹ ਦਿੱਤੀ ਜਾਂਦੀ ਹੈ, $67,885 ਦੀ ਸ਼ੁਰੂਆਤੀ ਤਨਖਾਹ ਦੇ ਨਾਲ ਜੋ ਪੰਜ ਸਾਲਾਂ ਦੀ ਸੇਵਾ ਤੋਂ ਬਾਅਦ ਵੱਧ ਕੇ $104,439 ਹੋ ਜਾਂਦੀ ਹੈ।
CPS ਵਿੱਚ ਸਾਡੀ ਸਭ ਤੋਂ ਵੱਡੀ ਸੰਪਤੀ ਸਾਡੇ ਲੋਕ ਹਨ। ਉਹ ਸਾਡੀ ਰੋਜ਼ਾਨਾ ਦੀ ਪ੍ਰੇਰਨਾ ਅਤੇ ਮਾਣ ਵਜੋਂ ਕੰਮ ਕਰਦੇ ਹਨ, ਸਾਰੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਦੇ ਸਮੂਹਿਕ ਟੀਚੇ ਨਾਲ ਬੰਨ੍ਹੇ ਹੋਏ ਹਨ।
ਅਸੀਂ ਤੁਹਾਡੇ ਪੂਰੇ ਕਰੀਅਰ ਦੇ ਦੌਰਾਨ ਸਿਖਲਾਈ, ਸਿੱਖਿਆ, ਕਰੀਅਰ ਵਿਕਾਸ ਅਤੇ ਤਰੱਕੀ ਪ੍ਰਦਾਨ ਕਰਦੇ ਹਾਂ।
ਅਸੀਂ ਭਰਤੀ ਕਰ ਰਹੇ ਹਾਂ
@calgarypolice
join.calgarypolice.ca

# ਜਸਰਾਜ ਹੱਲਣ ਮੈਂਬਰ ਪਾਰਲੀਮੈਂਟ ਨੇ ਆਪਣੇ ਹਲਕੇ ਕੈਲਗਰੀ ਫੌਰੈਸਟ ਲਾਅਨ ਵਾਸੀਆਂ ਨਾਲ ਕ੍ਰਿਸਮਿਸ ਪਾਰਟੀ ਸਾਂਝੀ ਕੀਤੀ













ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫੌਰੈਸਟ ਲਾਅਨ ਤੋਂ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ ਨੇ ਕ੍ਰਿਸਮਿਸ ਤਿਓਹਾਰ ਸਬੰਧੀ ਆਪਣੇ ਹਲਕਾ ਵਾਸੀਆਂ ਅਤੇ ਹੋਰ ਪਾਰਟੀ ਹਿਮੈਤੀਆਂ ਨਾਲ ਕ੍ਰਿਸਮਿਸ ਪਾਰਟੀ ਕੀਤੀ ਜਿਸ 'ਚ ਕੋਵਿਡ ਨਿਯਮਾਂ ਨੂੰ ਧਿਆਨ 'ਚ ਰੱਖਦਿਆਂ ਹੀ ਇਕੱਠ ਕੀਤਾ ਗਿਆ। ਇਸ ਮੌਕੇ ਜਸਰਾਜ ਸਿੰਘ ਹੱਲਣ ਨੇ ਕਿਹਾ ਕਿ ਕ੍ਰਿਸਮਿਸ ਕਨੇਡਾ ਹੀ ਨਹੀਂ ਸਗੋਂ ਦੁਨੀਆਂ ਦਾ ਇੱਕ ਵੱਡਾ ਤਿਉਹਾਰ ਹੈ ਜਿਸ ਮੌਕੇ ਅਸੀਂ ਆਪਣੇ ਹਰ ਦੋਸਤ ਮਿੱਤਰ ਨੂੰ ਮਿਲਣਾ ਚਾਹੁੰਦੇ ਹਾਂ ਪਰ ਕੋਵਿਡ ਕਾਰਨ ਪਿਛਲੇ ਸਾਲ ਦੀ ਤਰਾਂ ਇਸ ਵਾਰ ਵੀ ਸਾਨੂੰ ਨਿਯਮਾਂ 'ਚ ਰਹਿ ਕੇ ਹੀ ਕ੍ਰਿਸਮਿਸ ਨੂੰ ਮਨਾਉਣਾ ਪਵੇਗਾ। ਇਸ ਇਕੱਠ ਮੌਕੇ ਉਨ੍ਹਾਂ ਆਪਣੇ ਹਲਕੇ ਦੇ ਲੋਕਾਂ ਨਾਲ ਵੀ ਗੱਲ-ਬਾਤ ਕੀਤੀ ਜਿਸ 'ਚ ਉਨ੍ਹਾਂ ਨੂੰ ਕਈ ਸਮੱਸਿਆਵਾਂ ਤੋਂ ਜਾਣੂ ਵੀ ਕਰਵਾਇਆ ਗਿਆ।

ਇਸ ਮੌਕੇ ਉਨ੍ਹਾਂ ਬੀਤੇ ਦਿਨੀਂ ਹੋਏ ਸੈਸ਼ਨ ਦੀ ਵੀ ਗੱਲ-ਬਾਤ ਕੀਤੀ ਜਿਸ 'ਚ ਉਨ੍ਹਾਂ ਕਈ ਮੁੱਦੇ ਉਠਾਏ ਸਨ ਜਿਸ 'ਚ ਅਫ਼ਗਾਨਿਸਤਾਨ ਤੋਂ ਇੰਮੀਗ੍ਰਾਂਟਸ ਨੂੰ ਬੁਲਾਉਣ ਜਾਂ ਜਿਹੜੇ ਪਰਿਵਾਰ ਇੱਥੇ ਪਹੁੰਚ ਗਏ ਉਨ੍ਹਾਂ ਦੇ ਪਰਿਵਾਰਾਂ ਦੀ ਜਾਣਕਾਰੀ ਅਫ਼ਗਾਨੀ ਲੜਾਕੂਆਂ ਕੋਲ ਲੀਕ ਹੋਣਾ ਮੰਦਭਾਗਾ ਦੱਸਿਆ ਸੀ। ਉਨ੍ਹਾਂ ਇਸ ਦੌਰਾਨ ਇਮੀਗ੍ਰੇਸ਼ਨ ਬੈਕਲੌਗ ਨੂੰ ਨਿਬੇੜਨ ਦੀ ਗੱਲ 'ਤੇ ਵੀ ਜ਼ੋਰ ਦਿੱਤਾ ਸੀ।

ਇਸ ਮੌਕੇ ਉਨ੍ਹਾਂ ਭਾਰਤ ਦੇ ਸਮੂਹ ਕਿਸਾਨ-ਮਜ਼ਦੂਰਾਂ ਨੂੰ ਵੀ ਵਧਾਈ ਦਿੱਤੀ ਕਿ ਉਨ੍ਹਾਂ ਵੱਲੋਂ ਸਾਂਤਮਈ ਢੰਗ ਨਾਲ ਲੜੇ ਗਏ ਲੰਬੇ ਸੰਘਰਸ਼ ਨੂੰ ਜਿੱਤ ਪ੍ਰਾਪਤ ਹੋਈ ਹੈ। ਇਸ ਮੌਕੇ ਸਾਬਕਾ ਮੈਂਬਰ ਪਾਰਲੀਮੈਂਟ ਦਵਿੰਦਰ ਸ਼ੋਰੀ,ਰੋਮੀ ਸਿੱਧੂ, ਪਵਨ ਸ਼ਰਮਾ, ਗੁਰਸ਼ਰਨ ਜੱਸੜ, ਜਗਰੂਪ ਕਾਹਲੋਂ, ਅੰਮ੍ਰਿਤ ਹੇਅਰ, ਧਰੁਵ ਸ਼ਰਮਾ,ਸੁਰਜੀਤ ਹੇਅਰ,ਜੱਗਾ ਰਾਊਕੇ,ਰਵਿੰਦਰ ਘੋਤੜਾ,ਮਨਦੀਪ ਦੁੱਗਲ ਅਤੇ ਪਾਸਤਾਨੀ ਭਾਈਚਾਰੇ ਦੀਆਂ ਨਾਮਵਰ ਸ਼ਖਸੀਅਤਾਂ ਨੇ ਹਾਜ਼ਰੀ ਭਰੀ।



# ਨੋਵਾ ਸਕੌਸ਼ੀਆ ਅਤੇ ਨਿਊ ਬ੍ਰੰਜ਼ਵਿਕ ਦੇ ਬਾਰਡਰ ਬੰਦ ਹੋਣ ਦੀ ਕੋਈ ਸੰਭਾਵਨਾ ਨਹੀਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਨੋਵਾ ਸਕੌਸ਼ੀਆ ਅਤੇ ਨਿਊ ਬ੍ਰੰਜ਼ਵਿਕ ਨੇ ਐਲਾਨ ਕੀਤਾ ਹੈ ਕਿ ਕੋਰਨਾ ਵਾਇਰਸ ਦੇ ਵਧ ਰਹੇ ਮਾਮਲਿਆਂ ਦਰਮਿਆਨ ਉਹਨਾਂ ਦਾ ਬਾਰਡਰ ਸੀਲ ਕਰਨ ਦਾ ਕੋਈ ਇਰਾਦਾ ਨਹੀਂ ਜਦੋਂ ਕਿ ਪ੍ਰਿੰਸ ਐਡਵਰਡ ਆਇਲੈਂਡ ਦਾ ਕਹਿਣਾ ਹੈ ਕਿ ਦੂਜੇ ਸੂਬਿਆਂ ਦੇ ਲੋਕਾਂ ਦੇ ਆਉਣ ਜਾਣ 'ਤੇ ਕੋਈ ਰੋਕ ਨਹੀਂ ਲਗਾਈ ਜਾ ਰਹੀ ਪਰ ਨਿਉ-ਫਿਨਲੈਂਡ ਐਂਡ ਲੈਬ੍ਰੇਡਰ ਦੇ ਨਾਲ ਰ਼ਲ ਕੇ ਵਿਦੇਸ਼ੀ ਯਾਤਰੀਆਂ ਅਤੇ ਵਿਦੇਸ਼ਾਂ ਤੋਂ ਆਉਣ ਵਾਲੇ ਕੈਨੇਡੀਅਨ ਯਾਤਰੀਆਂ ਲਈ ਨਿਯਮ ਸਖ਼ਤ ਕੀਤੇ ਜਾ ਰਹੇ ਹਨ।

# ਕਨੇਡਾ ਦੀ ਮੁੱਖ ਸਿਹਤ ਅਧਿਕਾਰੀ ਦਾ ਕਹਿਣਾ ਹੈ ਕਿ ਕਨੇਡਾ ਵਾਸਤੇ ਆਉਣ ਵਾਲੇ ਦਿਨ ਨਾਜ਼ੁਕ ਹੋ ਸਕਦੇ ਹਨ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਚੀਫ਼ ਪਬਲਿਕ ਹੈਲਥ ਔਫਿਸਰ ਡਾ. ਟੈਰੀਜ਼ਾ ਟੈਮ ਦਾ ਕਹਿਣਾ ਹੈ ਕਿ ਕੋਵਿਡ-19 ਦਾ ਨਵਾਂ ਵੇਰੀਐਂਟ ਓਮਿਕ੍ਰੌਨ ਤੇਜ਼ੀ ਨਾਲ ਫੈਲ ਰਿਹਾ ਹੈ ਤੇ ਆਉਂਦੇ ਦਿਨਾਂ ਵਿੱਚ ਇਹਨਾਂ ਮਾਮਲਿਆਂ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋਣ ਦਾ ਖ਼ਦਸ਼ਾ ਬਣ ਗਿਆ ਹੈ। ਉਹਨਾਂ ਕਿਹਾ ਕਿ ਆਉਂਦੇ ਕੁੱਝ ਹਫ਼ਤੇ ਕੈਨੇਡਾ ਵਾਸਤੇ ਨਾਜ਼ੁਕ ਹੋ ਸਕਦੇ ਹਨ ਤੇ ਇੰਗਲੈਂਡ ਦਾ ਹਵਾਲਾ ਦਿੰਦਿਆਂ ਡਾ. ਟੈਮ ਨੇ ਕਿਹਾ ਕਿ ਜਿਵੇਂ ਉਥੇ ਐਮਰਜੰਸੀ ਨਾਫਿਜ਼ ਕਰਨੀ ਪਈ ਹੈ, ਕੈਨੇਡਾ ਵਿੱਚ ਵੀ ਸਖ਼ਤ ਕਦਮ ਚੁੱਕਣੇ ਪੈ ਸਕਦੇ ਹਨ। ਡਾ. ਟੈਮ ਨੇ ਕਿਹਾ ਕਿ ਕਮਿਉਨਿਟੀ ਟ੍ਰਾਂਸਮਿਸ਼ਨ ਵਧਣ ਲੱਗਿਆ ਹੈ ਜਿਸ ਕਰਕੇ ਆਮ ਜਨਤਾ ਤੋਂ ਸਹਿਯੋਗ ਦੀ ਅਪੀਲ ਹੈ। ਉਹਨਾਂ ਕਿਹਾ ਕਿ ਓਂਟੈਰੀਓ ਵਿੱਚ ਤੇਜ਼ੀ ਨਾਲ ਕੇਸ ਵਧਣ ਲੱਗੇ ਹਨ ਤੇ ਪੂਰੇ ਦੇਸ਼ ਵਿੱਚ ਅਜਿਹੀ ਸਥਿੱਤੀ ਬਣ ਸਕਦੀ ਹੈ। ਉਹਨਾਂ ਦੇਸ਼ ਵਾਸੀਆਂ ਨੂੰ ਤੀਸਰੀ ਅਤੇ ਬੂਸਟਰ ਡੋਜ਼ ਲਗਵਾਉਣ ਦੀ ਵੀ ਅਪੀਲ ਕੀਤੀ ਹੈ ਤੇ ਲੋਕਾਂ ਨੂੰ ਇੱਕ ਦੂਜੇ ਤੋਂ ਵਿਥ ਬਣਾਉਣ, ਹੱਥ ਨਾ ਮਿਲਾਉਣ, ਸਫਾਈ ਕਰਦੇ ਰਹਿਣ ਆਦਿ 'ਤੇ ਜ਼ੋਰ ਦਿੱਤਾ ਹੈ।

# ਜੇ ਸੰਯੁਕਤ ਕਿਸਾਨ ਮੋਰਚਾ ਫੈਸਲਾ ਕਰੇਗਾ ਤਾਂ ਉਹ ਚੋਣਾਂ ਵਿੱਚ ਹਿੱਸਾ ਲੈ ਸਕਦੇ ਹਨ -ਰਾਜੇਵਾਲ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ ) ਭਾਰਤੀ ਕਿਸਾਨ ਯੂਨਿਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਉਹ ਸਿਆਸਤ ਵਿੱਚ ਆਉਣ ਤੋਂ ਇਨਕਾਰੀ ਨਹੀਂ ਹਨ ਤੇ ਜੇ ਸਮਾਂ ਅਜਿਹਾ ਆਇਆ ਤਾਂ ਉਹ ਨਾਪ-ਤੋਲ ਜ਼ਰੂਰ ਕਰਨਗੇ। ਇੱਕ ਚੈਨਲ ਨਾਲ ਇੰਟਰਵਿਊ ਦੌਰਾਨ ਰਾਜੇਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਵਿੱਚ ਮਿਲੀ ਸਫਲਤਾ ਕੁਦਰਤ ਦਾ ਕਰਿਸ਼ਮਾ ਸੀ ਤੇ ਉਨ੍ਹਾਂ ਕਿਹਾ ਕਿ ਜੋ ਕੁੱਝ ਹੋਇਆ ਉਹ ਕੁਦਰਤ ਨੇ ਕਰਵਾਇਆ ਹੈ। ਉਨ੍ਹਾਂ ਕਿਹਾ ਕਿ 50 ਸਾਲਾਂ ਬਾਅਦ ਲੋਕ ਰਾਜਨੀਤਿਕ ਪਾਰਟੀਆਂ ਦੇ ਵਿਛਾਏ ਜਾਲਾਂ ਵਿੱਚੋਂ ਨਿੱਕਲ ਕੇ ਆਪਣੇ ਹੱਕ ਲਈ ਲੜੇ ਹਨ ਅਤੇ ਇਹ ਮਾਹੌਲ ਕਦੇ-ਕਦੇ ਬਣਦਾ ਹੈ। ਉਹਨਾਂ ਆਖਿਆ ਕਿ ਜਦੋਂ ਤੱਕ ਸਾਰੇ ਕਿਸਾਨ ਆਗੂ ਇਸ ਗੱਲ ਉੱਤੇ ਸਹਿਮਤ ਨਹੀਂ ਹੋ ਜਾਂਦੇ ਕਿ ਚੋਣਾਂ ਵਿੱਚ ਹਿੱਸਾ ਲੈਣਾ ਹੈ ਜਾਂ ਨਹੀਂ, ਉਦੋਂ ਤੱਕ ਇਸ ਬਾਰੇ ਕੁੱਝ ਨਹੀਂ ਆਖਿਆ ਜਾ ਸਕਦਾ, ਪਰ ਨਾਲ ਹੀ ਉਨ੍ਹਾਂ ਚੋਣਾਂ ਲੜਨ ਤੋਂ ਸਾਫ਼ ਇਨਕਾਰ ਵੀ ਨਹੀਂ ਕੀਤਾ। ਰਾਜੇਵਾਲ ਨੇ ਕਿਹਾ ਕਿ ਜੇਕਰ ਉਹ ਆਗਿਆ ਦੇਣਗੇ ਤਾਂ ਉਹ ਸਭ ਨੂੰ ਨਾਲ ਲੈ ਕੇ ਜਾਣਗੇ ਤੇ ਇਸ ਬਾਰੇ ਸੰਯੁਕਤ ਕਿਸਾਨ ਮੋਰਚੇ ਦਾ ਫ਼ੈਸਲਾ ਅੰਤਿਮ ਹੋਵੇਗਾ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE
SWIFT CABS
FREE
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070